ੴ

ਕਿਵ ਸਚਿਆਰਾ ਹੋਈਐ ?

ਸ੍ਰੀ ਗੁਰ ਪ੍ਰਤਾਪ ਸੂਰਜ

ਕ੍ਰਿਤ

ਕਵਿ ਚੂੜਾਮਣਿ ਭਾਈ ਸੰਤੋਖ ਸਿੰਘ

ਗੁਰਬਾਣੀ ਦੀ ਕਸਵੱਟੀ 'ਤੇ

ਭਾਗ-1

ਗੁਰਦੀਪ ਸਿੰਘ
ਲੈਫ਼ ਕਰਨਲ (ਰਿਟਾ.)
ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ

ਪਹਿਲੀ ਵਾਰ : ਮਈ, 2014

ਸ੍ਰੀ ਗੁਰ ਪ੍ਰਤਾਪ ਸੂਰਜ : ਗੁਰਬਾਣੀ ਦੀ ਕਸਵੱਟੀ 'ਤੇ - 1

ਮੁੱਲ : 100/- ਰੁਪਏ (ਭਾਰਤ), 5 ਡਾਲਰ (ਕੈਨੇਡਾ), 3 ਪਾਊਂਡ (ਯੂ.ਕੇ.)

ਮਿਲਣ ਦੇ ਪਤੇ :

ਸਿੰਘ ਬ੍ਰਦਰਜ਼
ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
ਈ-ਮੇਲ : singhbros@vsnl.com
ਫ਼ੋਨ : 00-91-1832-543965

ਲਾਹੌਰ ਬੁੱਕ ਸ਼ਾਪ
2-ਲਾਜਪਤ ਰਾਏ ਮਾਰਕੀਟ, ਲੁਧਿਆਣਾ
ਫ਼ੋਨ: 0161-2740738, 6540738

ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ
ਐਨ.ਐਚ. 5/106-ਐਫ਼, ਐਨ.ਆਈ.ਟੀ.,
ਫ਼ਰੀਦਾਬਾਦ, (ਹਰਿਆਣਾ) - 121001
ਫ਼ੋਨ : 0129-4034135, 98115-12636

ਪਲਾਟ ਨੰਬਰ 183, ਇੰਡਸਟ੍ਰੀਅਲ ਏਰੀਆ,
ਫ਼ੇਜ਼-9, ਅਜੀਤਗੜ੍ਹ (ਮੋਹਾਲੀ) - ਪੰਜਾਬ
ਫ਼ੋਨ : 98725-44016

ਹਰਦਰਸ਼ਨ ਇੰਟਰਨੈਸ਼ਨਲ ਮੈਮੋਰੀਅਲ ਟਰੱਸਟ
#5858-138 ਸਟਰੀਟ, ਸਰੀ (ਕੈਨੇਡਾ)
ਫੋਨ : 604-591-7754, 778-385-8141

9579, 126-ਏ, ਸਟਰੀਟ, ਸਰੀ (ਕੈਨੇਡਾ)
ਫੋਨ : 778-549-7679

ਗੁਰਫਤਹਿ ਸੇਵਾ ਸੈਂਟਨਰ, # 7875 Tranmere,
Dr. Unit-17, Missisauga, ON-LISS1TB (Canada)
ਫੋਨ : 1-905-451-4006, 1-647-801-6806

Jujhar Singh, # 19, Grasholmway Langley, Berkshire
SL38WE (U.K.). Phone : 0044-744-471-1133

ਪ੍ਰਕਾਸ਼ਕ : **ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ**

Printed at : JPC Pvt. Ltd. Mohali. 0172-3047671-73

ਸਮਰਪਣ

ਰੱਬੀ ਰਜ਼ਾ ਅਨੁਸਾਰ, ਸਮੁੱਚੇ ਸੰਸਾਰ ਵਿੱਚ ਸਦੀਵਕਾਲ ਲਈ ਰੱਬੀ-ਰਾਜ ਕਾਇਮ ਕਰਨ ਲਈ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਇਨਕਲਾਬ ਨੂੰ ਮੁਕੰਮਲ ਤੌਰ 'ਤੇ ਸਮਰਪਿਤ ਹੋ ਕੇ ਆਪਣੀਆਂ ਕੀਮਤੀ ਮਨੁੱਖਾ ਜ਼ਿੰਦਗੀਆਂ ਇਸ ਮਿਸ਼ਨ ਦੀ ਪ੍ਰਾਪਤੀ ਲਈ ਲੇਖੇ ਲਾਉਣ ਵਾਲੀਆਂ ਸੂਰਬੀਰ ਰੂਹਾਂ ਦੇ ਨਾਂ।

ਤਤਕਰਾ

ਪ੍ਰਕਾਸ਼ਕ ਵੱਲੋਂ ਦੋ ਸ਼ਬਦ

ਸੰਨ 1716 ਵਿੱਚ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਰੇ ਸਿਰਕੱਢ ਸਾਥੀਆਂ ਦੀਆਂ ਦਰਦਨਾਕ ਸ਼ਹਾਦਤਾਂ ਤੋਂ ਬਾਅਦ, ਦੁਬਾਰਾ, ਸਿੱਖਾਂ ਦੇ ਸਿਰਾਂ ਦੇ ਮੁੱਲ ਮੁਕੱਰਰ ਕਰ ਕੇ ਜ਼ਾਲਮ ਮੁਗ਼ਲ ਹਕੂਮਤ ਨੇ ਸਿੱਖ ਕੌਮ ਦਾ ਕਤਲੇਆਮ ਅਰੰਭ ਕਰ ਦਿੱਤਾ। ਮਜ਼ਬੂਰੀ-ਵੱਸ, ਕੌਮ ਛੋਟੇ-ਵੱਡੇ ਜਥਿਆਂ ਦੇ ਰੂਪ ਵਿੱਚ, ਆਪਣੇ ਘਰ-ਘਾਟ ਛੱਡ ਕੇ ਬੀਕਾਨੇਰ ਦੇ ਮਾਰੂਥਲਾਂ ਅਤੇ ਪੰਜਾਬ ਦੇ ਜੰਗਲਾਂ-ਬੇਲਿਆਂ ਵੱਲ ਨਿਕਲ ਗਈ। ਕੌਮ ਦੇ ਇਸ ਉਜਾੜੇ ਦੌਰਾਨ ਕੌਮ ਇੱਕ ਪਾਸੇ ਤਾਂ ਤੱਤਕਾਲੀਨ ਜ਼ਾਲਮ ਮੁਗ਼ਲ ਹਕੂਮਤ ਨਾਲ ਅਤੇ ਦੂਜੇ ਪਾਸੇ ਵਿਦੇਸ਼ੀ ਹਮਲਾਵਰਾਂ/ਲੁਟੇਰਿਆਂ (ਨਾਦਰਸ਼ਾਹ ਤੇ ਅਹਿਮਦਸ਼ਾਹ ਅਬਦਾਲੀ ਆਦਿ) ਨਾਲ ਜ਼ਿੰਦਗੀ-ਮੌਤ ਦੇ ਛਾਪਾਮਾਰ ਹਥਿਆਰਬੰਦ ਸੰਘਰਸ਼ ਵਿੱਚ ਬੁਰੀ ਤਰ੍ਹਾਂ ਉਲਝ ਗਈ। ਸਿੱਖ ਕੌਮ 'ਤੇ ਆ ਪਈ ਇਸ ਬਿਪਤਾ ਦਾ ਨਾਜਾਇਜ਼ ਫਾਇਦਾ ਉਠਾ ਕੇ ਉਦਾਸੀਆਂ (ਸ੍ਰੀਚੰਦੀਏ) ਨੇ ਸੁੰਨੇ ਪਏ ਗੁਰਦਵਾਰਿਆਂ 'ਤੇ ਕਬਜ਼ੇ ਜਮਾ ਲਏ ਅਤੇ ਹੋਰ ਵੀ ਬਹੁਤ ਸਾਰੇ ਡੇਰੇ ਸਥਾਪਤ ਕਰ ਲਏ। ਇਨ੍ਹਾਂ ਸਾਰੇ ਅਸਥਾਨਾਂ ਤੋਂ, ਗੁਰਮਤਿ ਦੇ ਲੇਬਲ ਹੇਠ, ਉਦਾਸੀ-ਮੱਤ (ਜੋਗ-ਮੱਤ ਦੀ ਇੱਕ ਸੰਪਰਦਾ) ਦਾ ਪ੍ਰਚਾਰ ਅਰੰਭ ਕਰ ਦਿੱਤਾ। ਬਾਅਦ ਵਿੱਚ, ਨਿਰਮਲੇ (ਸਿੱਖੀ ਸਰੂਪ ਵਿੱਚ ਮਨੂੰਵਾਦੀਏ) ਵੀ ਇਨ੍ਹਾਂ ਦੇ ਨਾਲ ਆ ਰਲੇ। ਇਨ੍ਹਾਂ ਦੇ ਕਬਜੇ ਹੇਠਲੇ ਬਹੁਤ ਸਾਰੇ ਸਥਾਨਾਂ ਤੋਂ ਕਿਸੇ ਗੁੰਮਨਾਮ ਲਿਖਾਰੀ ਦੀ ਗੁਰਮਤਿ-ਵਿਰੋਧੀ (ਅਤੇ ਸਤਿਗੁਰਾਂ ਦੀ ਨਾ-ਬਖ਼ਸ਼ਣਯੋਗ ਤੌਹੀਨ ਕਰਨ ਵਾਲੀ) ਰਚਨਾ 'ਗੁਰਬਿਲਾਸ ਪਾਤਿਸ਼ਾਹੀ ਛੇਵੀਂ' ਦੀ ਕਥਾ ਬਾ-ਕਾਇਦਾ ਤੌਰ 'ਤੇ ਅਰੰਭ ਕਰ ਦਿੱਤੀ ਗਈ।

ਵੀਹਵੀਂ ਸਦੀ ਦੇ ਅਰੰਭਲੇ ਦਹਾਕਿਆਂ ਦੌਰਾਨ, ਸਿੱਖ ਕੌਮ ਨੇ ਬਹੁਤ ਸਾਰੀਆਂ ਸ਼ਾਂਤਮਈ ਸ਼ਹਾਦਤਾਂ ਦੇ ਕੇ ਬਹੁਤ ਸਾਰੇ ਇਤਿਹਾਸਕ ਗੁਰਧਾਮਾਂ ਨੂੰ ਇਸ ਟੋਲੇ (ਮਹੰਤਾਂ) ਦੇ ਕਬਜ਼ੇ ਹੇਠੋਂ ਆਜ਼ਾਦ ਕਰਵਾ ਲਿਆ ਅਤੇ 'ਗੁਰਬਿਲਾਸ ਪਾਤਿਸ਼ਾਹੀ ਛੇਵੀਂ' ਪੁਸਤਕ ਨੂੰ ਗੁਰਦਵਾਰਿਆਂ 'ਚੋਂ ਕੱਢ ਕੇ ਬਾਹਰ ਸੁੱਟ ਦਿੱਤਾ। ਇਸ ਸਮੇਂ ਦੇ ਆਸ-ਪਾਸ ਤੋਂ ਹੀ ਬਹੁਤ ਸਾਰੇ ਗੁਰਦਵਾਰਿਆਂ ਵਿੱਚ ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਜੀ ਰਚਿਤ 'ਸ੍ਰੀ ਗੁਰ ਨਾਨਕ ਪ੍ਰਕਾਸ਼' ਤੇ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ ਦੀ ਕਥਾ ਅਰੰਭ ਹੋ ਗਈ। ਭਾਈ ਸੰਤੋਖ ਸਿੰਘ ਦੀ ਇਸ ਕਾਵਿ ਰਚਨਾ ਵਿੱਚ ਵੀ ਬਹੁਤ ਸਾਰੀਆਂ ਗੁਰਮਤਿ-ਵਿਰੋਧੀ ਅਤੇ ਸਤਿਗੁਰਾਂ ਦੀ ਤੌਹੀਨ ਕਰਨ ਵਾਲੀਆਂ ਗੱਲਾਂ ਦਰਜ ਕੀਤੀਆਂ ਮਿਲਦੀਆਂ ਹਨ। ਹਥਲੀ ਪੁਸਤਕ ਦੇ ਲੇਖਕ, ਵੀਰ ਗੁਰਦੀਪ ਸਿੰਘ ਜੀ ਨੇ ਕਵੀ ਸੰਤੋਖ ਸਿੰਘ ਜੀ ਦੀਆਂ ਇਨ੍ਹਾਂ ਰਚਨਾਵਾਂ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪਰਖ ਕੇ ਇਨ੍ਹਾਂ ਵਿਚਲੀਆਂ ਗੁਰਮਤਿ-ਵਿਰੋਧੀ ਲਿਖਤਾਂ ਦੀ ਨਿਸ਼ਾਨਦੇਹੀ ਕਰ ਕੇ ਸਮੁੱਚੀ ਮਨੁੱਖਤਾ ਨੂੰ ਸੁਚੇਤ ਕਰਨ ਦਾ ਸ਼ਲਾਘਾਯੋਗ ਉੱਦਮ ਅਰੰਭ ਕੀਤਾ ਹੈ। ਸਤਿਗੁਰੂ ਜੀ ਲੇਖਕ ਦੀ ਕਲਮ ਨੂੰ ਸੱਚ ਪ੍ਰਗਟ ਕਰਨ ਦੀ ਸਮਰੱਥਾ ਬਖਸ਼ਿਸ਼ ਕਰਨ।

-ਉਪਕਾਰ ਸਿੰਘ

ਮੁੱਖ ਸੇਵਾਦਾਰ, ਸ੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ

ਲੇਖਕ ਵੱਲੋਂ ਦੋ ਸ਼ਬਦ

ਮਨੁਖਤਾ ਲਈ ਸਰਬ-ਸਾਂਝਾ ਗੁਰਮਤਿ ਫ਼ਲਸਫ਼ਾ (ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਿਧਾਂਤਕ ਫ਼ਲਸਫ਼ਾ) ਹੀ ਅੱਜ ਇੱਕ ਅਜਿਹਾ ਸਰਲ, ਵਿਗਿਆਨਿਕ ਅਤੇ ਕਾਦਿਰ ਦੀ ਸਾਜੀ ਕੁਦਰਤਿ ਦੇ ਅਟੱਲ ਨਿਯਮਾਂ ਦੀ ਵਿਆਖਿਆ ਕਰਨ ਵਾਲਾ ਫ਼ਲਸਫ਼ਾ ਹੈ, ਜਿਸ 'ਤੇ ਅਮਲ ਕਰ ਕੇ ਆਦਰਸ਼ਕ ਪ੍ਰਸਪਰ ਪ੍ਰੇਮ ਦੀਆਂ ਲਾਸਾਨੀ ਲੜੀਆਂ ਵਿੱਚ ਪਰੋਏ ਹੋਏ ਭਾਈਚਾਰਕ ਸਾਂਝਾਂ ਵਾਲੇ ਸਮਾਜ ਪ੍ਰਬੰਧ ਦੀ ਸਿਰਜਨਾ ਕਰ ਕੇ ਵਿਸ਼ਵ-ਪੱਧਰੀ ਸੁੱਖ-ਸ਼ਾਂਤੀ ਤੇ ਵਿਲਖੱਦਣ ਸਦਭਾਵਨਾ ਵਾਲਾ ਵਾਤਾਵਰਣ ਹੋਂਦ ਵਿੱਚ ਲਿਆਂਦਾ ਜਾ ਸਕਦਾ ਹੈ। ਪਰ, ਸੰਸਾਰ ਵਿਚਲੀਆਂ ਖ਼ੁਦਗਰਜ਼ ਧਿਰਾਂ, ਜਿਨ੍ਹਾਂ ਵਿੱਚ 'ਰਾਜਨੀਤਕ-ਪੁਜਾਰੀ-ਸਰਮਾਏਦਾਰ' ਦੀ ਤਿੱਕੜੀ ਤੋਂ ਇਲਾਵਾ ਫ਼ਿਰਕਾ-ਪ੍ਰਸਤ ਤੇ ਫਾਸੀ ਵਿਚਾਰਧਾਰਾ ਵਾਲੇ ਸੰਗਠਨ (ਸਮੇਤ ਮਨੂੰਵਾਦੀਆਂ ਦੇ) ਸ਼ਾਮਿਲ ਹਨ, ਅਜਿਹੇ ਇਨਕਲਾਬੀ ਅਤੇ ਮਨੁੱਖੀ ਬਰਾਬਰਤਾ ਦੇ ਕੁਦਰਤੀ ਨਿਯਮਾਂ ਦੇ ਰਾਖੇ ਗੁਰਮਤਿ ਫ਼ਲਸਫ਼ੇ ਨੂੰ ਸੰਸਾਰ ਵਿੱਚ ਵਿਕਾਸ ਕਰਨ ਤੋਂ ਰੋਕਣ ਲਈ ਪਿਛਲੀਆਂ ਤਕਰੀਬਨ ਪੰਜ ਸਦੀਆਂ ਤੋਂ ਲੁਕਵੇਂ ਵਿਉਂਤਬੰਦ ਸਾਜਿਸ਼ੀ ਢੰਗਾਂ ਨਾਲ ਜੰਗੀ-ਪੱਧਰ 'ਤੇ ਕੋਝੀਆਂ ਕਾਰਵਾਈਆਂ ਕਰਦੀਆਂ ਆ ਰਹੀਆਂ ਹਨ। ਗੁਰੂ ਸਾਹਿਬਾਨ ਨਾਲ ਸੰਬੰਧਤ ਇਤਿਹਾਸ ਨੂੰ ਵਿਗਾੜ ਕੇ ਗੰਧਲਾ ਕਰਨਾ ਇਨ੍ਹਾਂ ਸਾਜਿਸ਼ੀ ਕਾਰਵਾਈਆਂ ਦੀ ਹੀ ਇੱਕ ਕੜੀ ਹੈ। ਹਥਲੀ ਪੁਸਤਕ-ਲੜੀ ਵਿੱਚ ਇਸ ਸਾਜਿਸ਼ ਨੂੰ ਬੇ-ਨਕਾਬ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਹਥਲੀ ਪੁਸਤਕ ਦੇ ਖਰੜੇ ਦੀ ਪਰੂਫ਼-ਰੀਡਿੰਗ ਕਰ ਕੇ ਸੁਧਾਰ ਹਿੱਤ ਸੁਝਾਅ ਦੇਣ ਲਈ ਵੀ ਰਾਜਿੰਦਰ ਸਿੰਘ ਖ਼ਾਲਸਾ (ਮੁੱਖ ਸੇਵਾਦਾਰ ਸ਼੍ਰੋਮਣੀ ਖਾਲਸਾ ਪੰਚਾਇਤ) ਵੀਰ ਰਵਿੰਦਰ ਸਿੰਘ ਜੀ (ਸਕੱਤਰ ਜਨਰਲ ਸ਼੍ਰੋਮਣੀ ਖ਼ਾਲਸਾ ਪੰਚਾਇਤ) ਅਤੇ ਵੀਰ ਸੁਖਦੇਵ ਸਿੰਘ ਜੀ (ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ) ਦਾ ਤਹਿ-ਦਿਲੋਂ ਧੰਨਵਾਦ ਹੈ।

ਪਰਿਵਾਰ ਦੇ ਮੈਂਬਰਾਂ ਦਾ ਵੀ ਬਹੁਤ-ਬਹੁਤ ਧੰਨਵਾਦ ਹੈ।

ਖਿਮਾ ਜਾਚਨਾ

ਹਰ ਇੱਕ ਪ੍ਰਾਣੀ ਭੁੱਲਣਹਾਰ ਹੈ। ਪੁਸਤਕ ਵਿੱਚ ਕਿਸੇ ਵੀ ਪੱਖ ਤੋਂ ਅਣਜਾਣੇ ਵਿੱਚ ਹੋਈਆਂ ਉਕਾਈਆਂ ਲਈ ਸਨਿਮਰ ਖਿਮਾ ਜਾਚਨਾ ਕੀਤੀ ਜਾਂਦੀ ਹੈ। ਉਕਾਈਆਂ ਨੂੰ ਦੂਰ ਕਰਨ ਲਈ ਮਿਲਣ ਵਾਲੇ ਉਸਾਰੂ ਤੇ ਬਾ-ਦਲੀਲ ਸੁਝਾਵਾਂ ਨੂੰ ਜੀ-ਆਇਆਂ ਆਖ ਕੇ ਅਗਲੀਆਂ ਲਿਖਤਾਂ ਵਿੱਚ ਯੋਗ ਸਥਾਨ ਦਿੱਤਾ ਜਾਵੇਗਾ।

ਗੁਰਦੀਪ ਸਿੰਘ ਲੈਫ. ਕਰਨਲ (ਰਿਟਾ.)

ਮਿਤੀ : ਅਪ੍ਰੈਲ, 2014

ਸ਼੍ਰੋਮਣੀ ਸਿੱਖ ਸਮਾਜ ਇੰਟਰਨੈਸ਼ਨਲ

ਮੋਬਾ : +91-94654 47897

1. ਭੂਮਿਕਾ

ਗੁਰ-ਇਤਿਹਾਸ

ਸੰਨ 1469 ਤੋਂ ਲੈ ਕੇ। 1708 ਤੱਕ ਦੇ ਇਤਿਹਾਸ ਦੀਆਂ ਜਿਹੜੀਆਂ ਘਟਨਾਵਾਂ ਦਾ ਗੁਰੂ ਸਾਹਿਬਾਨ ਦੇ ਜੀਵਨ ਨਾਲ ਸਿੱਧਾ ਸੰਬੰਧ ਹੈ ਉਨ੍ਹਾਂ ਘਟਨਾਵਾਂ ਨੂੰ 'ਗੁਰ-ਇਤਿਹਾਸ 'ਦੇ ਨਾਮ ਨਾਲ ਜਾਣਿਆ ਜਾਂਦਾ ਹੈ। **ਪਹਿਲਾ** ਬੁਨਿਆਦੀ ਨੁਕਤਾ ਜੋ ਹਮੇਸ਼ਾਂ ਹੀ ਧਿਆਨ ਵਿੱਚ ਰੱਖਣਯੋਗ ਹੈ, ਇਹ ਹੈ, ਕਿ ਗੁਰੂ ਸਾਹਿਬਾਨ ਨੇ ਨਿਰੰਕਾਰ ਸਰੂਪ ਗੁਰਬਾਣੀ ਦੇ ਅਟੱਲ ਰੱਬੀ-ਸਿਧਾਂਤਾਂ ਨੂੰ ਅਮਲੀ ਤੌਰ 'ਤੇ ਜਿਉਂ ਕੇ ਦੱਸਿਆ ਹੈ। ਇਸ ਲਈ ਗੁਰ-ਇਤਿਹਾਸ ਨੂੰ ਸਮਝਣ ਲਈ ਬਾਣੀ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਸਿਧਾਂਤਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। **ਦੂਜਾ** ਅਹਿਮ ਨੁਕਤਾ ਜੋ ਧਿਆਨ ਵਿੱਚ ਰੱਖਣਯੋਗ ਹੈ, ਇਹ ਹੈ, ਕਿ **ਗੁਰੂ ਨਾਨਕ ਸਾਹਿਬ ਦਾ ਸਰੀਰ ਗੁਰੂ ਨਹੀਂ ਹੈ** (ਕਿਉਂਕਿ ਪੰਜ-ਭੂਤਕ ਸਰੀਰ ਤਾਂ ਬਿਨਸਣਹਾਰ ਹੈ, ਪਰ, ਗੁਰੂ ਨਾ ਜੰਮਦਾ ਹੈ, ਤੇ ਨਾ ਮਰਦਾ ਹੈ) **ਤੀਜਾ** ਸਮਝਣਯੋਗ ਨੁਕਤਾ ਇਹ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੱਕ (ਅਲੱਗ-ਅਲੱਗ ਸਰੀਰ ਹੁੰਦਿਆਂ ਹੋਇਆਂ ਭੀ) ਸਾਰੇ ਗੁਰੂ ਸਾਹਿਬਾਨ ਇੱਕੋ ਹੀ ਜੋਤਿ (ਪਰਮਾਤਮਾ ਦੇ ਬ੍ਰਹਮ ਗਿਆਨ ਦਾ ਪ੍ਰਕਾਸ਼) ਹਨ।

ਇਸ ਪ੍ਰਥਾਇ ਗੁਰ ਫ਼ੁਰਮਾਣ ਹਨ :

ਨਾਨਕ ਸੋਧੇ ਸਿੰਮ੍ਰਿਤਿ ਬੇਦ॥ ***ਪਾਰਬ੍ਰਹਮ ਗੁਰ ਨਾਹੀ ਭੇਦ॥*** *(ਮ:੫, ੧੧੪੨)*

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਰਾਮਕਲੀ ਕੀ ਵਾਰ, ੯੬੬)

ਗੁਰੂ ਕੌਣ ਹੈ ?

ਪਰਮਾਤਮਾ ਦੇ ਬੇ-ਗਿਣਤ ਗੁਣ ਹਨ ਜਿਨ੍ਹਾਂ ਵਿੱਚੋਂ ਉਸ ਮਾਲਿਕ-ਪ੍ਰਭੂ ਦਾ ਇੱਕ ਬਹੁਤ ਹੀ ਅਹਿਮ ਗੁਣ ਹੈ 'ਗੁਰੂ' ਗੁਣ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ 'ਗੁਰੂ' ਸ਼ਬਦ ਦੇ ਅਰਥ ਇੰਜ ਕੀਤੇ ਹਨ -

"ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ, **ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤ-ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੈ।** ਗੁਰਬਾਣੀ ਵਿੱਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇੱਕ ਹੀ

ਅਰਥ ਵਿੱਚ ਆਏ ਹਨ" (ਮਹਾਨ ਕੋਸ਼, ਪੰਨਾ 415)।

ਇਤਿਹਾਸ 'ਚ ਮਿਲਾਵਟ ਕਿਉਂ ਅਤੇ ਕਿਵੇਂ ਹੁੰਦੀ ਹੈ ?

ਕੌਮਾਂ ਦੇ ਇਤਿਹਾਸ 'ਚ ਮਿਲਾਵਟ, ਮੋਟੇ ਤੌਰ 'ਤੇ, ਹੇਠ ਲਿਖੇ ਦੋ ਕਾਰਨਾਂ ਕਰ ਕੇ ਹੁੰਦੀ ਹੈ -

(ੳ) **ਅਣਜਾਣੇ ਵਿੱਚ** - ਜੇਕਰ ਇਤਿਹਾਸ ਦਾ ਲਿਖਾਰੀ ਸੰਬੰਧਤ ਕੌਮ ਦੇ ਫ਼ਲਸਫ਼ੇ ਦੀ ਸਪੱਸ਼ਟਤਾ ਨਾ ਰਖਦਾ ਹੋਵੇ ਤਾਂ ਉਸ ਪਾਸੋਂ, ਅਣਜਾਣੇ ਵਿੱਚ ਹੀ, ਉਸ ਕੌਮ ਦਾ ਇਤਿਹਾਸ ਲਿਖਣ ਵੇਲੇ ਗ਼ਲਤੀਆਂ ਹੋ ਜਾਂਦੀਆਂ ਹਨ।

(ਅ) **ਜਾਣ-ਬੁੱਝ ਕੇ** - ਕੁੱਝ ਇਤਿਹਾਸਕਾਰ ਕਿਸੇ ਲਾਲਚ-ਵੱਸ ਹੋ ਕੇ ਜਾਂ ਈਰਖਾ-ਵੱਸ ਹੋ ਕੇ ਜਾਂ ਸੰਬੰਧਤ ਕੌਮ ਨੂੰ ਗੁਮਰਾਹ ਕਰਨ ਲਈ ਵੀ ਇਤਿਹਾਸ ਨੂੰ ਜਾਣ-ਬੁੱਝ ਕੇ ਵਿਗਾੜਨ ਦਾ ਅਪਰਾਧ ਕਰ ਦਿੰਦੇ ਹਨ।

ਗੁਰ ਇਤਿਹਾਸ 'ਚ ਮਿਲਾਵਟ

ਗੁਰ-ਇਤਿਹਾਸ 'ਚ ਮਿਲਾਵਟ ਉੱਪਰ ਦੱਸੇ ਦੋਨਾਂ ਕਾਰਨਾਂ ਕਰ ਕੇ ਹੁੰਦੀ ਆ ਰਹੀ ਹੈ। ਅਣਜਾਣੇ ਵਿੱਚ ਹੋਈ ਮਿਲਾਵਟ ਬਹੁਤੀ ਖ਼ਤਰਨਾਕ ਨਹੀਂ ਹੁੰਦੀ ਅਤੇ ਇਸ ਨੂੰ ਸੋਧ ਕੇ ਦਰੁੱਸਤ ਕਰਨ ਨਾਲ ਗੱਲ ਮੁੱਕ ਜਾਂਦੀ ਹੈ। ਪਰ, **ਜਾਣ-ਬੁੱਝ ਕੇ ਕੀਤੀ ਮਿਲਾਵਟ ਬਹੁਤ ਹੀ ਕਮੀਨੀ ਅਤੇ ਖ਼ਤਰਨਾਕ ਸ਼੍ਰੇਣੀ ਵਿੱਚ ਆਉਂਦੀ ਹੈ। ਇਸ ਨੂੰ ਸੋਧ ਕੇ ਦਰੁੱਸਤ ਕਰਨ ਨਾਲ ਹੀ ਗੱਲ ਨਹੀਂ ਮੁਕਦੀ। ਇਸ ਦੀ ਬਹੁਤ ਹੀ ਬਾਰੀਕੀ ਨਾਲ ਛਾਣ-ਬੀਣ ਕਰ ਕੇ ਇਹ ਪਤਾ ਲਗਾਉਣਾ ਬਹੁਤ ਹੀ ਜ਼ਰੂਰੀ ਬਣ ਜਾਂਦਾ ਹੈ ਕਿ ਅਜਿਹੀ ਸਾਜਿਸ਼ੀ ਮਿਲਾਵਟ ਕਿਉਂ ਕੀਤੀ ਗਈ ਅਤੇ ਭਵਿੱਖ ਵਿੱਚ, ਮਿਲਾਵਟ ਕਰਨ ਵਾਲੀ ਧਿਰ ਨਾਲ ਕਿਵੇਂ ਨਿਪਟਣਾ ਹੈ** (ਤਾਕਿ ਉਹ ਧਿਰ ਸੰਬੰਧਤ ਕੌਮ ਦੇ ਇਤਿਹਾਸ ਨੂੰ ਵਿਗਾੜ ਕੇ ਮਨੁੱਖਤਾ ਨੂੰ ਗੁਮਰਾਹ ਨਾ ਕਰ ਸਕੇ)?

ਗੁਰ-ਇਤਿਹਾਸ 'ਚ ਸਾਜਿਸ਼ੀ ਮਿਲਾਵਟ ਕਿਸ ਨੇ ਕੀਤੀ ?

ਨਿਰਸੰਦੇਹ, ਗੁਰ-ਇਤਿਹਾਸ 'ਚ ਜਾਣ-ਬੁੱਝ ਕੇ ਮਿਲਾਵਟ ਉਨ੍ਹਾਂ ਬੇਈਮਾਨ (ਸ਼ਾਤਰ) ਧਿਰਾਂ ਵੱਲੋਂ ਹੀ ਕੀਤੀ ਗਈ ਹੈ (ਕੀਤੀ ਜਾ ਰਹੀ ਹੈ ਅਤੇ ਸ਼ਾਇਦ, ਕੀਤੀ ਜਾਂਦੀ ਰਹੇਗੀ) ਜਿਹੜੀਆਂ-

(ੳ) ਫ਼ਿਰਕਾ-ਪ੍ਰਸਤ ਹਨ;

(ਅ) ਗੁਰਮਤਿ ਫ਼ਲਸਫ਼ੇ ਦੀਆਂ ਕੱਟੜ ਵਿਰੋਧੀ ਹਨ;

(ੲ) ਗੁਰਮਤਿ ਫ਼ਲਸਫ਼ੇ ਨੂੰ ਵਾਜਬ ਦਲੀਲਾਂ ਦੇ ਆਧਾਰ 'ਤੇ ਗ਼ਲਤ ਸਾਬਤ ਕਰਨ ਤੋਂ ਅਸਮਰੱਥ ਹਨ; ਤੇ

(ਸ) ਜਿਨ੍ਹਾਂ ਦੇ ਮਾਨਵ-ਵਿਰੋਧੀ ਪਾਖੰਡਾਂ ਨੂੰ ਸਰਬ-ਸਾਂਝਾ ਗੁਰਮਤਿ ਫ਼ਲਸਫ਼ਾ ਬੇ-ਬਾਕੀ ਨਾਲ ਬੇ-ਨਕਾਬ ਕਰਦਾ ਹੈ।

ਗੁਰ-ਇਤਿਹਾਸ 'ਚ ਸਾਜਿਸ਼ੀ ਮਿਲਾਵਟ ਕਿਉਂ ਹੋਈ ?

ਮੋਟੇ ਤੌਰ 'ਤੇ, ਗੁਰ-ਇਤਿਹਾਸ 'ਚ ਸਾਜਿਸ਼ੀ ਮਿਲਾਵਟ ਹੇਠ ਲਿਖੇ ਦੋ ਕਾਰਨਾਂ ਕਰ ਕੇ ਕੀਤੀ ਗਈ ਹੈ :

1. ਸਿੱਖ ਕੌਮ ਨੂੰ ਗੁਰਮਤਿ ਸਿਧਾਂਤਾਂ, ਗੁਰ-ਇਤਿਹਾਸ ਅਤੇ ਗੁਰਮਤਿ ਸਭਿਆਚਾਰ ਦੇ ਪੱਖਾਂ ਤੋਂ ਭੰਬਲਭੂਸਿਆਂ 'ਚ ਪਾ ਕੇ ਕਮਜ਼ੋਰ ਕਰ ਕੇ ਅੰਤ ਵਿੱਚ ਖ਼ਤਮ ਕਰਨ ਲਈ।

2. ਗੁਰਮਤਿ ਫ਼ਲਸਫ਼ੇ ਨੂੰ ਸਮੁੱਚੇ ਸੰਸਾਰ ਵਿੱਚ ਫੈਲਣ ਤੋਂ ਰੋਕਣ ਲਈ, ਤਾਕਿ ਮਨੁੱਖਤਾ ਨੂੰ ਗੁਰਮਤਿ ਬਾਰੇ ਗ਼ਲਤ ਜਾਣਕਾਰੀ ਦੇ ਕੇ, ਗੁਰਮਤਿ ਅਪਣਾਉਣ ਤੋਂ ਰੋਕਿਆ ਜਾ ਸਕੇ ?

ਗੁਰ ਇਤਿਹਾਸ : ਸਮੁੱਚੀ ਮਨੁੱਖਤਾ ਦਾ ਸਾਂਝਾ ਅਮੋਲਕ ਵਿਰਸਾ

ਗੁਰਮਤਿ ਫ਼ਲਸਫ਼ੇ ਦਾ ਮੁੱਢਲਾ ਸਿਧਾਂਤ ਹੈ ਕਿ ਰੱਬ ਇੱਕ ਹੈ; ਉਹ ਸਦੀਵਕਾਲੀ (ਸਦੀਵੀ ਹੋਂਦ ਵਾਲੀ) ਅਸੀਮ ਸ਼ਕਤੀ ਹੀ ਸਮੁੱਚੀ ਕਾਇਨਾਤ (ਕੁਦਰਤਿ) ਦੀ ਸਿਰਜਨਹਾਰ, ਪਾਲਣਹਾਰ ਅਤੇ ਵਿਨਾਸ਼ ਕਰਨਹਾਰ ਹੈ; ਉਹ ਕੁਦਰਤਿ ਅੰਦਰ ਇੱਕ-ਰਸ ਤੇ ਨਿਰਲੇਪ ਰੂਪ ਵਿੱਚ ਸਰਬ-ਵਿਆਪਕ ਹੈ ਤੇ ਸਰਬ ਸ਼ਕਤੀਮਾਨ ਹੈ; ਸਮੁੱਚਾ ਬ੍ਰਹਮੰਡੀ ਵਰਤਾਰਾ ਉਸ ਪ੍ਰਭੂ-ਪਿਤਾ ਦੀ ਸਾਜੀ ਕੁਦਰਤਿ ਦੇ ਅਟੱਲ ਨਿਯਮਾਂ (ਹੁਕਮ) ਅਨੁਸਾਰ ਵਰਤ ਰਿਹਾ ਹੈ; ਉਹ ਮਾਲਿਕ-ਪ੍ਰਭੂ ਨਿਰਭਉ ਹੈ, ਨਿਰਵੈਰ ਹੈ, ਸਮੇਂ ਦੇ ਪ੍ਰਭਾਵ ਤੋਂ ਨਿਰਲੇਪ ਹੈ, ਜੂਨਾਂ ਵਿੱਚ ਨਹੀਂ ਪੈਂਦਾ, ਸੁਤੇ ਹੀ (ਆਪਣੇ ਆਪ ਤੋਂ ਹੀ) ਪ੍ਰਕਾਸ਼ ਹੈ ਅਤੇ ਉਸ ਨਾਲ ਸਦੀਵੀ ਆਤਮਿਕ ਆਨੰਦ ਦੀ ਅਵੱਸਥਾ ਵਾਲਾ ਮਿਲਾਪ, ਸ਼ਬਦ-ਗੁਰੂ (ਗੁਰਬਾਣੀ) ਦੇ ਉਪਦੇਸ਼ਾਂ ਦੀ ਪਾਲਣਾ ਕਰ ਕੇ, ਉਸ ਦੀ ਰਹਿਮਤ ਨਾਲ, ਪ੍ਰਾਪਤ ਹੁੰਦਾ ਹੈ।

ਇਹ ਇੱਕ ਹਕੀਕਤ ਹੈ ਕਿ ਅੱਜ ਮਨੁੱਖਤਾ ਪਾਸ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦਾ ਫ਼ਲਸਫ਼ਾ ਹੀ ਇੱਕੋ-ਇੱਕ ਸਰਬ-ਸਾਂਝਾ ਫ਼ਲਸਫ਼ਾ ਹੈ ਜਿਹੜਾ -

(ੳ) ਕਾਦਿਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੇ ਅਨੁਕੂਲ ਹੈ;

(ਅ) ਸਮੁੱਚੀ ਮਨੁੱਖਤਾ ਨੂੰ ਸੰਬੋਧਨ ਹੈ;

(ੲ) ਮਨੁੱਖ (ਮਰਦ ਅਤੇ ਨਾਰੀ) ਦੀ ਹਰ ਪੱਖ ਤੋਂ ਬਰਾਬਰਤਾ ਨੂੰ ਸਵੀਕਾਰ ਕਰਦਾ ਹੈ;

(ਸ) ਪ੍ਰਭੂ-ਪਿਤਾ ਨੂੰ ਹੀ ਸਮੁੱਚੀ ਕਾਇਨਾਤ ਦਾ ਰਾਜਾ (ruler) ਜਾਂ ਹਾਕਮ ਮੰਨਦਾ ਹੈ;

(ਹ) ਲਿੰਗ, ਨਸਲ, ਦੇਸ਼, ਕੌਮ, ਰੰਗ ਆਦਿ ਕਿਸੇ ਵੀ ਪੱਖ ਤੋਂ ਕਿਸੇ ਨਾਲ ਵਿਤਕਰਾ ਨਹੀਂ ਕਰਦਾ;

(ਕ) ਸਮੁੱਚੀ ਮਨੁੱਖਤਾ ਨੂੰ ਪ੍ਰਸਪਰ ਪ੍ਰੇਮ ਤੇ ਪਿਆਰ-ਸਤਿਕਾਰ ਦੀਆਂ ਭਾਵਨਾਵਾਂ ਦੇ ਆਧਾਰ 'ਤੇ ਇੱਕ ਆਦਰਸ਼ਕ ਵਿਸ਼ਵ-ਭਾਈਚਾਰਕ ਸਾਂਝਾਂ ਵਾਲੇ ਵਿਸ਼ਵ-ਪੱਧਰੀ ਪਰਵਾਰ ਦੇ ਤੌਰ 'ਤੇ ਸਵੀਕਾਰ ਕਰਦਾ ਹੈ;

(ਖ) ਮਨੁੱਖਤਾ ਦੀ ਨਿਸ਼ਕਾਮ-ਸੇਵਾ ਦਾ ਸੰਕਲਪ ਪੇਸ਼ ਕਰਦਾ ਹੈ;

(ਗ) ਵਿਸ਼ਵ-ਸ਼ਾਂਤੀ, ਹੱਕ, ਸੱਚ ਤੇ ਇਨਸਾਫ਼ ਦੇ ਜਾਮਨ ਹਲੇਮੀ-ਰਾਜ ਦਾ ਮਾਡਲ ਪੇਸ਼ ਕਰਦਾ ਹੈ;

(ਘ) ਊਚ-ਨੀਚ, ਜਾਤ-ਪਾਤ, ਵਹਿਮ-ਭਰਮ, ਕਰਮ-ਕਾਂਡ, ਸ਼ੁਭ-ਅਸ਼ੁਭ, ਜੰਤਰ-ਮੰਤਰ, ਜਾਦੂ-ਟੂਣਾ ਆਦਿ ਗ਼ੈਰ ਕੁਦਰਤੀ ਮਨੌਤਾਂ ਦਾ ਖੰਡਨ ਕਰਦਾ ਹੈ;

(ਙ) ਇੱਕੋ-ਇੱਕ ਵਾਹਿਦ ਪ੍ਰਭੂ-ਪਿਤਾ ਦੀ ਸ਼ਰਣਿ ਵਿੱਚ ਰਹਿ ਕੇ ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੀ ਪਾਲਣਾ ਕਰਨ (ਹੁਕਮਿ ਰਜਾਈ ਚੱਲਣ) ਨੂੰ ਹੀ ਮਨੁੱਖਤਾ ਦਾ ਇੱਕੋ-ਇੱਕ ਧਰਮ ਤਸਲੀਮ ਕਰਦਾ ਹੈ;

(ਚ) ਮਨੋਕਲਪਿਤ ਦੇਵੀ-ਦੇਵਤਿਆਂ ਅਤੇ ਕਿਰਤਮ (ਪ੍ਰਭੂ ਦੀ ਸਾਜੀ ਹਰ ਇੱਕ ਚੀਜ਼) ਦੀ ਪੂਜਾ ਕਰਨ ਤੋਂ ਸਖਤੀ ਨਾਲ ਵਰਜਦਾ ਹੈ;

(ਛ) ਜਿਊਂਦੇ-ਜੀਅ ਮੁਕਤ (ਹਰ ਪਰਕਾਰ ਦੇ ਵਿਕਾਰਾਂ ਤੇ ਮਾਇਆ ਦੇ ਬੰਧਨਾਂ ਤੋਂ ਨਿਰਲੇਪਤਾ) ਹੋਣ ਦਾ ਸਿਧਾਂਤ ਪੇਸ਼ ਕਰਦਾ ਹੈ; ਅਤੇ

(ਜ) ਨਿਰੋਲ ਅਤੇ ਸਦੀਵਕਾਲੀ ਸੱਚ 'ਤੇ ਆਧਾਰਤ ਹੈ।

ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਨੇ 1469 ਤੋਂ 1708 ਤੱਕ, ਸ਼ਬਦ-ਗੁਰੂ (ਗੁਰਮਤਿ) ਦੇ ਫ਼ਲਸਫ਼ੇ ਨੂੰ ਅਮਲੀ ਤੌਰ 'ਤੇ ਜਿਊਂ ਕੇ 239 ਸਾਲ ਦੇ ਵਿਲੱਖਣ ਅਤੇ ਗੌਰਵਮਈ ਗੁਰ-ਇਤਿਹਾਸ ਨੂੰ ਸਿਰਜਿਆ ਹੈ, ਜਿਸ ਉੱਪਰ ਮਨੁੱਖਤਾ ਮਾਣ ਮਹਿਸੂਸ ਕਰ ਸਕਦੀ ਹੈ। ਇਸ ਲਈ ਗੁਰ-ਇਤਿਹਾਸ ਸਮੁੱਚੀ ਮਨੁੱਖਤਾ ਦਾ ਸਾਂਝਾ ਅਮੋਲਕ ਵਿਰਸਾ ਹੈ ਜਿਸ ਨੂੰ ਸ਼ੁੱਧ ਰੂਪ ਵਿੱਚ ਸੰਭਾਲ ਕੇ ਰੱਖਣਾ ਅਤੀ ਜ਼ਰੂਰੀ ਹੈ ਤਾਕਿ ਮਨੁੱਖਤਾ ਹਮੇਸ਼ਾਂ ਇਸ ਤੋਂ ਸੇਧ ਲੈ ਕੇ ਜਿੱਥੇ ਨਿੱਜੀ ਜੀਵਨ ਨੂੰ ਸਫ਼ਲ ਕਰ ਸਕੇ ਉੱਥੇ ਸਰਬੱਤ ਦੇ ਭਲੇ ਦੇ ਜਾਮਨ ਵਿਸ਼ਵ-ਪੱਧਰੀ ਹਲੇਮੀ-ਰਾਜ ਦੀ ਸਥਾਪਨਾ ਤੇ ਸਥਿਰਤਾ ਲਈ ਸੇਧਾਂ ਪ੍ਰਾਪਤ ਕਰ ਕੇ ਕਿਰਿਆਸ਼ੀਲ ਹੋ ਸਕੇ।

ਮਿਲਾਵਟ (ਖੋਟ)

ਕਿਸੇ ਕੀਮਤੀ ਵਸਤੂ ਦੀ ਸ਼ੁੱਧਤਾ ਨੂੰ ਵਿਗਾੜਨ ਲਈ, ਉਸ ਵਿੱਚ ਕਿਸੇ ਘੱਟ-ਕੀਮਤੀ ਵਸਤੂ ਦੇ ਮਿਲਾਪ ਨੂੰ ਖੋਟ ਜਾਂ ਮਿਲਾਵਟ ਕਿਹਾ ਜਾ ਸਕਦਾ ਹੈ।

ਬਿੱਪਰ (ਵਿੱਪ੍ਰ)

ਗੁਰਬਾਣੀ ਅਨੁਸਾਰ, ਬਿੱਪਰ ਉਸ ਬ੍ਰਾਹਮਣ ਨੂੰ ਕਿਹਾ ਗਿਆ ਹੈ ਜਿਹੜਾ ਆਪਣੇ

ਆਪ ਨੂੰ ਧਾਰਮਿਕ ਫ਼ਤਵੇ (ਆਦੇਸ਼) ਜਾਰੀ ਕਰਨ ਦਾ ਦੈਵੀ-ਅਧਿਕਾਰ (Divine Rights) ਦੇਈ ਬੈਠਾ ਹੈ [ਯਾਨੀ ਕਿ, ਮਨੂੰਵਾਦੀ ਵਰਨ-ਆਸ਼ਰਮ ਸਮਾਜ ਵਿਚਲੀ ਅਖੌਤੀ ਸਰਬ-ਉੱਚ ਜਾਤ (ਬ੍ਰਾਹਮਣ) ਵਿੱਚੋਂ ਉਹ ਧਾਰਮਿਕ ਆਗੂ (ਪੁਜਾਰੀ) ਜੋ ਆਪਣੇ ਆਪ ਨੂੰ 'ਗੁਰੂ' ਦੀ ਪਦਵੀ ਦੇ ਕੇ ਜਾਤ-ਪਾਤੀ ਸਮਾਜ ਦੀ ਪਿੱਠ 'ਤੇ ਕਾਠੀ ਪਾ ਕੇ ਪੱਕੇ ਤੌਰ 'ਤੇ ਸਵਾਰ ਹੋਇਆ ਬੈਠਾ ਹੈ]।

ਹਥਲੀ ਪੁਸਤਕ-ਲੜੀ

ਇਸ ਪੁਸਤਕ-ਲੜੀ ਦੇ ਭਾਗ-1 ਵਿੱਚ ਭਾ. ਸੰਤੋਖ ਸਿੰਘ ਜੀ ਦੇ ਨਾਮ ਹੇਠ ਲਿਖੇ 'ਸ੍ਰੀ ਗੁਰ ਪ੍ਰਤਾਪ ਸੂਰਜ' ਵਿੱਚ, ਗੁਰੂ ਅੰਗਦ ਸਾਹਿਬ ਦੇ ਜੀਵਨ-ਬਿਰਤਾਂਤ ਵਿੱਚ, ਹੋਈਆਂ ਗ਼ਲਤ-ਬਿਆਨੀਆਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਹ ਪੁਸਤਕ-ਲੜੀ ਸਿੱਖ ਕੌਮ ਦੇ ਪ੍ਰਸਿੱਧ ਬਜ਼ੁਰਗ ਵਿਦਵਾਨ ਤੇ ਨਾਮਵਰ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ ਵੱਲੋਂ ਸਰਲ ਪੰਜਾਬੀ ਭਾਸ਼ਾ ਵਿੱਚ ਸੰਪਾਦਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਨੂੰ ਆਧਾਰ ਬਣਾ ਕੇ ਲਿਖੀ ਜਾ ਰਹੀ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਵਿੱਚ ਗ਼ਲਤੀਆਂ ਹੋਣ ਦੇ ਕਾਰਨ

ਭਾਈ ਸੰਤੋਖ ਸਿੰਘ ਜੀ ਦੇ ਨਾਮ ਹੇਠ ਲਿਖੇ ਹੋਏ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ ਵਿੱਚ ਬਹੁਤ ਥਾਵਾਂ 'ਤੇ ਸਿਧਾਂਤਕ ਗ਼ਲਤੀਆਂ ਹੋਈਆਂ ਹਨ (ਅਸਲ ਵਿੱਚ ਇਸ ਗ੍ਰੰਥ ਦਾ ਤਕਰੀਬਨ ਅੱਧਾ ਹਿੱਸਾ ਗ਼ਲਤ-ਬਿਆਨੀਆਂ ਨਾਲ ਭਰਿਆ ਪਿਆ ਹੈ)। ਇਨ੍ਹਾਂ ਗ਼ਲਤੀਆਂ ਦੀ ਨਿਸ਼ਾਨਦੇਹੀ ਕਰਨ ਲਈ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਸਿਧਾਂਤਾਂ ਦੀ ਕਸਵੱਟੀ ਲਾਉਣੀ ਹੀ ਯੋਗ ਹੈ ਅਤੇ ਲੇਖਕ ਵੱਲੋਂ ਏਹੀ ਢੰਗ ਅਪਣਾਇਆ ਗਿਆ ਹੈ।

ਲੇਖਕ (ਗੁਰਦੀਪ ਸਿੰਘ) ਦੀ ਸਮਝ ਅਨੁਸਾਰ ਇਨ੍ਹਾਂ ਗ਼ਲਤੀਆਂ ਦੇ ਹੇਠ ਲਿਖੇ ਕਾਰਨ ਸਨ -

1. ਨਿਰਮਲ ਸੰਪਰਦਾ ਨਾਲ ਸੰਬੰਧ : ਗੁਰਮਤਿ ਸਿਧਾਂਤਾਂ ਬਾਰੇ ਅਸਪੱਸ਼ਟਤਾ

ਭਾਈ ਸੰਤੋਖ ਸਿੰਘ ਜੀ ਅਤੇ ਉਨ੍ਹਾਂ ਦੇ ਸਤਿਕਾਰਯੋਗ ਪਿਤਾ ਸ. ਦੇਵਾ ਸਿੰਘ ਜੀ ਨਿਰਮਲ ਸੰਪਰਦਾ ਨਾਲ ਸੰਬੰਧਤ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਨਿਰਮਲਿਆਂ ਬਾਰੇ ਇੰਜ ਖੁਲਾਸਾ ਕੀਤਾ ਹੈ -

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੰਘਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀ ਭੇਸ ਵਿੱਚ, ਸੰਸਕ੍ਰਿਤ ਵਿਦਿਆ ਪੜ੍ਹਨ ਲਈ ਕਾਸ਼ੀ ਭੇਜਿਆ ਸੀ, ਉਨ੍ਹਾਂ ਦੀ 'ਨਿਰਮਲੇ' ਸੰਗਯਾ ਹੋਈ। ਇਨ੍ਹਾਂ ਪੰਜਾਂ ਦੇ ਚਾਟੜੇ ਜੋ

ਨਿਰਮਲ ਵਸਤ੍ਰ ਪਹਿਰ ਸ਼ਾਂਤਚਿੱਤ ਰਹਿ ਕੇ ਵਿਦਿਆ ਅਰ ਨਾਮ ਦਾ ਅਭਿਯਾਸ ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ, ਉਹ ਸਭ ਨਿਰਮਲੇ ਸੱਦੇ ਜਾਂਦੇ ਹਨ। ਸਿੱਖ ਕੌਮ ਵਿੱਚ ਨਿਰਮਲੇ ਸਾਧੂ ਵਿਦਯਾ ਦੇ ਪ੍ਰੇਮੀ ਅਰ ਵਿਚਾਰਵਾਨ ਹਨ” (ਮਹਾਨ ਕੋਸ਼ ਪੰਨਾ 712)।

ਕੁੱਝ ਵੀ ਹੋਵੇ, ਨਿਰਮਲ ਸੰਪਰਦਾ ਵਾਲੇ ਸਿੱਖੀ ਸਰੂਪ ਜ਼ਰੂਰ ਧਾਰਨ ਕਰਦੇ ਹਨ, ਪਰ, ਇਨ੍ਹਾਂ ਦੀ ਵਿਚਾਰਧਾਰਾ ਕਾਸ਼ੀ ਵਾਲੀ ਵਿਚਾਰਧਾਰਾ (ਬਿੱਪਰਵਾਦ) ਵੱਲ ਉਲ੍ਹਾਰ ਹੁੰਦੀ ਹੈ। ਅਜਿਹਾ ਹੋਣਾ ਸੁਭਾਵਕ ਹੈ, ਕਿਉਂਕਿ, ਜਿਹੋ ਜਿਹੇ ਦੀ ਸੰਗਤਿ ਮਨੁੱਖ ਕਰਦਾ ਹੈ, ਅਕਸਰ ਹੀ, ਉਹੋ-ਜਿਹੇ ਵਿਚਾਰ ਉਸ ਦੇ ਬਣ ਜਾਂਦੇ ਹਨ। ਇਸ ਕਰ ਕੇ ਨਿਰਮਲੇ (ਆਮ ਤੌਰ ’ਤੇ) ਗੁਰਮਤਿ ਸਿਧਾਂਤਾਂ ਬਾਰੇ ਸਪੱਸ਼ਟਤਾ ਨਹੀਂ ਰਖਦੇ।

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥ (ਕਬੀਰ ਜੀ, ੧੩੬੯)

2. ਭੂਗੋਲਿਕ ਜਾਣਕਾਰੀ ਬਾਰੇ ਅਸਪੱਸ਼ਟਤਾ

ਭਾਈ ਸੰਤੋਖ ਸਿੰਘ ਜੀ ਨੂੰ ਤੱਤਕਾਲੀਨ ਭੂਗੋਲਕ ਗਿਆਨ ਬਾਰੇ ਵੀ ਪੂਰਨ ਸਪੱਸ਼ਟਤਾ ਨਹੀਂ ਸੀ। ਇਹੀ ਮੁੱਖ ਕਾਰਨ ਨਜ਼ਰ ਪੈਂਦਾ ਹੈ ਕਿ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਨੂੰ ਪ੍ਰਚਾਰ-ਫੇਰੀਆਂ ਦੌਰਾਨ (ਇੱਕ ਥਾਂ ਤੋਂ ਦੂਜੀ ਥਾਂ ਪਹੁੰਚਣ ਲਈ) ਕਰਾਮਾਤੀ ਉਡਾਰੀਆਂ ਮਾਰਦੇ ਹੋਏ ਦਰਸਾਇਆ ਹੈ।

3. ਸ਼ਾਤਰ (ਗੁਰਮਤਿ-ਵਿਰੋਧੀ) ਪੰਡਤਾਂ ਦੀ ਕੋਝੀ ਸ਼ਰਾਰਤ

ਕੈਥਲਪਤਿ ਭਾਈ ਉਦਯ ਸਿੰਘ ਦੇ ਨਿੱਜੀ ਪੰਡਿਤ ਨੌਕਰ, ਭਾਈ ਸੰਤੋਖ ਸਿੰਘ ਜੀ ਦੀ (ਲਿਖਾ-ਪੜ੍ਹੀ ਲਈ) ਸਹਾਇਤਾ ਲਈ ਲਾਏ ਹੋਏ ਸਨ। ਇਨ੍ਹਾਂ ਫ਼ਿਰਕਾਪ੍ਰਸਤ ਸ਼ਾਤਰ ਪੰਡਿਤਾਂ ਨੇ ਭਾਈ ਸੰਤੋਖ ਸਿੰਘ ਨੂੰ ਪ੍ਰੇਰਨਾ ਕੀਤੀ ਕਿ, **“ਜੇ ਆਪ ਗੁਰੂਆਂ ਦੀ ਕਥਾ ਨੂੰ ਪੁਰਾਣ-ਰੀਤੀ ਅਨੁਸਾਰ ਅਵਤਾਰਾਂ ਜੇਹੀ ਲਿਖੋਗੇ ਅਤੇ ਸ਼ਾਸਤਰਾਂ (ਬ੍ਰਾਹਮਣੀ ਧਾਰਮਿਕ ਗ੍ਰੰਥਾਂ) ਤੋਂ ਵਿਰੁੱਧ ਆਪ ਦੇ ਪੁਸਤਕ ਨਹੀਂ ਹੋਣਗੇ, ਤਾਂ ਉਨ੍ਹਾਂ ਦਾ ਬਹੁਤ ਪ੍ਰਚਾਰ ਹੋਊ ਅਤੇ ਸਭ ਆਪ ਦੀ ਰਚਨਾ ਨੂੰ ਆਦਰ ਨਾਲ ਪੜ੍ਹਨਗੇ”**, (ਭਾਈ ਕਾਨ੍ਹ ਸਿੰਘ ਨਾਭਾ : ਮਹਾਨ ਕੋਸ਼ ਪੰਨਾ 244)। ਇਸ ਲਈ ਸੰਤੋਖ ਸਿੰਘ ਜੀ ਟਪਲਾ ਖਾ ਗਏ।

4. ਭਾ. ਸੰਤੋਖ ਸਿੰਘ ਨੂੰ ਆਪਣੀ ਕਾਵਿ-ਰਚਨਾ ਦੀ ਸੁਧਾਈ ਕਰਨ ਦਾ ਸਮਾਂ ਨਾ ਮਿਲਿਆ

ਭਾਈ ਸੰਤੋਖ ਸਿੰਘ, ‘ਸ੍ਰੀ ਗੁਰ ਨਾਨਕ ਪ੍ਰਕਾਸ਼’ ਅਤੇ ‘ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ’ ਲਿਖਣ ਤੋਂ ਕੁੱਝ ਹਫ਼ਤਿਆਂ ਬਾਅਦ ਹੀ, ਅਕਾਲ ਚਲਾਣਾ ਕਰ ਗਏ ਸਨ। ਇਸ ਲਈ ਉਨ੍ਹਾਂ ਨੂੰ ਆਪਣੀ ਇਸ ਮਹਾਂ-ਕਾਵਿ ਪੁਸਤਕ ਲੜੀ ਮੁਕੰਮਲ ਕਰਨ ਤੋਂ ਬਾਅਦ ਇਸ ਦੀ ਸੁਧਾਈ ਕਰਨ ਦਾ ਸਮਾਂ ਨਹੀਂ ਸੀ ਮਿਲਿਆ। ਇੰਜ ਲਗਦਾ ਹੈ ਕਿ ਇਸ ਹਕੀਕਤ ਦਾ

ਨਾਜ਼ਾਇਜ਼ ਫ਼ਾਇਦਾ ਉਠਾਉਂਦੇ ਹੋਏ ਭਾਈ ਸੰਤੋਖ ਸਿੰਘ ਨਾਲ ਲਿਖਾ-ਪੜ੍ਹੀ 'ਚ ਮਦਦ ਕਰਨ ਲਈ ਲੱਗੇ ਹੋਏ ਸ਼ਾਤਰ ਪੰਡਿਤਾਂ ਨੇ ਇਸ ਕਾਵਿ-ਲੜੀ ਨੂੰ, ਥਾਂ-ਪੁਰ-ਥਾਂ, ਬਿੱਪਰਵਾਦੀ ਰੰਗ ਵਿੱਚ ਰੰਗ ਦਿੱਤਾ, ਕਿਉਂਕਿ, ਅਜਿਹੇ ਸਾਜਿਸ਼ੀ ਕਾਰਨਾਮੇ ਕਰਨ ਵਿੱਚ ਮੱਕਾਰ ਤੇ ਸ਼ਾਤਰ ਬਿੱਪਰ ਦਾ ਅਜੇ ਤੱਕ ਕੋਈ ਸਾਨੀ (ਬਰਾਬਰੀ ਕਰਨ ਵਾਲਾ), ਸ਼ਾਇਦ, ਇਸ ਧਰਤੀ 'ਤੇ ਨਹੀਂ ਜੰਮਿਆ।

ਉਪਰੋਕਤ ਸਾਰਿਆਂ ਪਹਿਲੂਆਂ ਨੂੰ ਧਿਆਨ ਵਿੱਚ ਰੱਖ ਕੇ 'ਸ੍ਰੀ ਗੁਰ ਪ੍ਰਤਾਪ ਸੂਰਜ' ਵਿੱਚ ਅੰਕਿਤ ਗੁਰੂ ਅੰਗਦ ਸਾਹਿਬ ਦੇ ਜੀਵਨ-ਬਿਰਤਾਂਤ ਦਾ ਵਿਸ਼ਲੇਸ਼ਨ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਸਮੁੱਚੀ ਮਨੁੱਖਤਾ ਦਾ ਭਲਾ ਲੋਚਣ ਵਾਲੇ ਸੁਹਿਰਦ ਵਿਦਵਾਨਾਂ, ਇਤਿਹਾਸਕਾਰਾਂ, ਚਿੰਤਕਾਂ, ਲੇਖਕਾਂ ਅਤੇ ਸੁਧਾਰਵਾਦੀ ਵਿਅਕਤੀਆਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਵਿਸ਼ੇ ਦੀ ਸੱਚਾਈ ਤੱਕ ਪਹੁੰਚਣ ਹਿਤ ਬਣਦਾ ਯੋਗਦਾਨ ਪਾਉਣ ਲਈ ਅੱਗੇ ਆਉਂਣ ਤਾਕਿ ਮਨੁੱਖਤਾ ਨੂੰ ਗੁਰੂ-ਸਾਹਿਬਾਨ ਦੇ ਇਤਿਹਾਸ ਬਾਰੇ ਸਹੀ ਜਾਣਕਾਰੀ ਮਿਲ ਸਕੇ।

'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ ਦਾ ਆਧਾਰ

"ਸਿੱਖ ਇਤਿਹਾਸ, ਵਿਸ਼ੇਸ਼ ਕਰ ਕੇ ਗੁਰੂਆਂ ਦੇ ਇਤਿਹਾਸ, ਨੂੰ ਸਿਰਜਣ ਵਿੱਚ ਲੋਕ-ਕਥਾਵਾਂ ਤੇ ਰਵਾਇਤਾਂ ਦਾ ਵਿਸ਼ੇਸ਼ ਯੋਗਦਾਨ ਹੈ। ਜਨਮ-ਸਾਖੀਆਂ ਅਤੇ ਗੁਰਬਿਲਾਸ ਕੇਵਲ ਸਿੱਖ ਰਵਾਇਤਾਂ ਦੇ ਲਿਖਤੀ ਰੂਪ ਹਨ। ਇਨ੍ਹਾਂ ਦਾ ਮੁੱਖ ਆਧਾਰ, ਪੀੜ੍ਹੀ-ਦਰ-ਪੀੜ੍ਹੀ ਆ ਰਹੀਆਂ ਰਵਾਇਤਾਂ ਹਨ। ਇਸੇ ਤਰ੍ਹਾਂ ਗੁਰ ਪ੍ਰਤਾਪ ਸੂਰਜ ਗ੍ਰੰਥ ਨੇ ਸਪੱਸ਼ਟ ਤੌਰ 'ਤੇ ਅੰਕਿਤ ਕੀਤਾ ਹੈ ਕਿ ਇਸ ਗ੍ਰੰਥ ਦਾ ਆਧਾਰ ਭਾਈ 'ਰਾਮਕੁਇਰ' ਦੀਆਂ ਦੱਸੀਆਂ ਰਵਾਇਤਾਂ ਤੇ ਹੋਰ ਪ੍ਰਚੱਲਤ, ਭਾਈ ਮਨੀ ਸਿੰਘ ਦੀਆਂ ਕਹੀਆਂ ਰਵਾਇਤਾਂ 'ਤੇ ਨਿਰਭਰ ਹੈ।....

ਰਾਮਕੁਇਰ ਇਸ ਭਾਂਤ ਭਾ ਢਿਗ ਦਸਮੇ ਪਾਤਿਸ਼ਾਹ।
ਬਹੁਤ ਬਾਰਤਾ ਤਬ ਕਰੀ ਆਗੈ ਸੁਨੀਐ ਤਾਂਹਿ ॥੧॥
ਇਸ ਕੀ ਕਹੀ ਕਿਤਕ ਗੁਰ ਕਥਾ। ਸਰਬ ਸੁਨਾਵੌਂ ਮਮ ਮਤਿ ਜਥਾ।
ਮੰਨੀ ਸਿੰਘ ਭਏ ਬੁਧਿਵਾਨ। ਤਿਨਹੁ ਬ੍ਰਿਤੰਤ ਜੁ ਕੀਨਿ ਬਖਾਨ ॥੨॥
ਇਸ ਸੁਭ ਗ੍ਰੰਥ ਬਿਖੈ ਮੈ ਕਹੌਂ। ਸ੍ਰੀ ਗੁਰ ਸੁਜਸੁ ਜਹਾਂ ਤੇ ਲਹੌਂ।
ਤਹਿੰ ਤੇ ਕਰੌਂ ਬਟੋਰਨ ਸਾਰੇ। ਕਿਤਕ ਸੁਨੀ ਸਿੱਖਨ ਮੁਖ ਦ੍ਵਾਰੇ ॥੩॥
ਸੋ ਸਭਿ ਇਸ ਮੈਂ ਲਿਖੌਂ ਬਨਾਈ। ਛੰਦ ਬੰਦ ਕਰਿ ਸੁੰਦਰਤਾਈ।
ਕਿਤ ਕਿਤ ਅਪਰ ਥਾਨ ਗੁਰ ਕਥਾ। ਸੋ ਮੈਂ ਰਚੌਂ ਦੇਖ ਹੌਂ ਜਥਾ ॥੪॥

(ਸ੍ਰੀ ਗੁ: ਪ੍ਰ: ਸੂਰਜ ਗ੍ਰੰਥ, ਰਾਸ ਪਹਿਲੀ, ਅੰਸੂ ਪੰਜਵਾਂ)

ਭਾਈ ਰਾਮਕੁਇਰ ਦੇ ਵੱਡ-ਵਡੇਰੇ ਬਾਬਾ ਬੁੱਢਾ ਜੀ, ਜੋ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਛੇਵੇਂ ਪਾਤਿਸ਼ਾਹ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੱਕ ਗੁਰੂ-ਘਰ ਨਾਲ ਜੁੜੇ ਰਹੇ ਤੇ

ਉਹ ਹਰ ਗੁਰੂ ਨੂੰ ਗੁਰਗੱਦੀ ਦੇਣ ਵੇਲੇ ਗੁਰਗੱਦੀ ਦੇਣ ਦੀਆਂ ਰਸਮਾਂ ਅਦਾ ਕਰਦੇ ਰਹੇ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੀ ਸੰਤਾਨ ਇਹ ਫ਼ਰਜ਼ ਨਿਭਾਉਂਦੀ ਰਹੀ। ਬਾਬਾ ਬੁੱਢਾ ਜੀ ਦੀ ਵੰਸ਼ ਵਿੱਚੋਂ ਭਾਈ ਰਾਮਕੁਇਰ, ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸਨ। ਰਾਮਕੁਇਰ ਬਾਅਦ ਵਿੱਚ ਅੰਮ੍ਰਿਤ ਛਕ ਕੇ ‘ਗੁਰਬਖ਼ਸ਼ ਸਿੰਘ’ ਬਣ ਗਏ ਸਨ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਇਨ੍ਹਾਂ ਨੇ ਦਸਵੇਂ-ਗੁਰੂ ਜੀ ਕੋਲੋਂ ਬਹੁਤ ਸਾਰੇ ਪ੍ਰਸ਼ਨ ਕਰ ਕੇ, ਪਹਿਲੇ ਗੁਰੂ ਸਾਹਿਬਾਨ ਦਾ ਹਾਲ ਪਤਾ ਕੀਤਾ ਤੇ ਫੇਰ ਭਾਈ ਸਾਹਿਬ ਸਿੰਘ ਕੋਲੋਂ ਲਿਖਵਾਇਆ ਸੀ। ਉਹ ਪੋਥੀ ਬਾਅਦ ਵਿੱਚ ਭਾਈ ਸੰਤੋਖ ਸਿੰਘ ਜੀ ਦੀ ਰਚਨਾ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ’ ਦਾ ਆਧਾਰ ਬਣੀ।

ਭਾਈ ਰਾਮਕੁਇਰ ਦੀ ਲਿਖਵਾਈ ਪੋਥੀ, ਭਾਈ ਸੰਤੋਖ ਸਿੰਘ ਦੇ ਹੱਥ ਆ ਗਈ ਤੇ ਉਸ ’ਤੇ ਨਿਰਭਰ ਕਰ ਕੇ (ਆਧਾਰ ਮੰਨ ਕੇ) ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਵਾਰਤਾ ਲਿਖੀ, ਜਿਵੇਂ ਕਿ ਉਹ ਆਪ ਦਸਦੇ ਹਨ -

ਭਯੋ ਅਚਾਨਕ ਸੰਚੈ ਆਈ। ਸਰਬ ਗੁਰਨਿ ਕੋ ਜਸੁ ਸਮੁਦਾਈ।
ਚਾਹਤਿ ਭਏ ਆਪ ਗੁਰ ਜਬਹੂੰ। ਭਾ ਸੰਚੈ ਦਸ ਗੁਰ ਜਸੁ ਸਭਿਹੂੰ ॥੧੫॥
ਹੇਰ ਉਮੰਗ ਮੋਹਿ ਮਨ ਆਈ। ਕਰਨ ਲਗਯੋ ਇਹ ਗ੍ਰੰਥ ਸੁਹਾਈ।
ਰਾਮਕੁਇਰ ਕੇ ਮੁਖ ਤੇ ਕਥਾ। ਬਰਨੌਂ ਸਭਿ ਮੈ ਹੋਈ ਜਥਾ ॥੧੬॥ (ਉਪਰੋਕਤ)

....ਇਹ ਗੱਲ ਹੋਰ ਸਪੱਸ਼ਟ ਹੋ ਜਾਣੀ ਸੀ, ਜੇਕਰ ਭਾਈ ਰਾਮਕੁਇਰ ਜੀ ਦੀ, ਸਾਹਿਬ ਸਿੰਘ ਕੋਲੋਂ ਲਿਖਵਾਈ ਪੋਥੀ ਗੁੰਮ ਨਾ ਹੁੰਦੀ।....ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਭਾਈ ਰਾਮਕੁਇਰ ਜੀ ਨੇ ਸਿੱਖ-ਗੁਰੂਆਂ ਦੇ ਪ੍ਰਸੰਗ ਭਾਈ ਸਾਹਿਬ ਸਿੰਘ ਨੂੰ ਲਿਖਵਾਏ ਸਨ। ਪਰ, ਉਹ ਪੋਥੀ ਹੁਣ ਉਪਲਬਧ ਨਹੀਂ” (ਡਾ. ਕਿਰਪਾਲ ਸਿੰਘ : ਸੰਪਾਦਕ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ-ਬਿਰਤਾਂਤ, ਪੰਨੇ 16-18)।

ਅਸਲੀ ਪੋਥੀ ਗੁੰਮ ਹੋ ਗਈ ?

ਜਿਸ ਤਰ੍ਹਾਂ ‘ਸ੍ਰੀ ਗੁਰ ਨਾਨਕ ਪ੍ਰਕਾਸ਼’ ਗ੍ਰੰਥ ਬਾਰੇ, ਲੇਖਕ (ਗੁਰਦੀਪ ਸਿੰਘ) ਦੀ ਪੁਸਤਕ ‘ਗੁਰ-ਇਤਿਹਾਸ ’ਚ ਬਿਪੱਰਵਾਦੀ ਖੋਟ-1’ ਵਿੱਚ ਜ਼ਿਕਰ ਕੀਤਾ ਗਿਆ ਸੀ ਕਿ **ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਜੀਵਨ-ਬਿਰਤਾਂਤ ‘ਜਨਮ-ਸਾਖੀ’ ਦੇ ਸਿਰਲੇਖ ਹੇਠ ਲਿਖਵਾਏ ਸਨ, ਪਰ, ਉਹ ਅਸਲੀ ਜਨਮ-ਸਾਖੀ ਬਾਅਦ ਵਿੱਚ ਗੁੰਮ ਹੋ ਗਈ ਸੀ। ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ, ਉਸ ਨੂੰ ਨਸ਼ਟ ਕਰ ਕੇ ਹਿੰਦਾਲੀਆਂ ਨੇ ਹੋਰ ਜਨਮ-ਸਾਖੀ ਨੂੰ ਪ੍ਰਚੱਲਤ ਕਰ ਦਿੱਤਾ ਸੀ।** ਠੀਕ ਉਸੇ ਤਰਜ਼ ’ਤੇ ਹੀ, ਭਾਈ ਰਾਮਕੁਇਰ ਜੀ ਵੱਲੋਂ ਭਾਈ ਸਾਹਿਬ ਸਿੰਘ ਨੂੰ ਲਿਖਵਾਏ ਗੁਰੂ ਸਾਹਿਬਾਨ ਦੇ ਅਸਲੀ ਜੀਵਨ-ਬਿਰਤਾਂਤ ਵਾਲੀ ਪੋਥੀ ਵੀ ਗੁੰਮ ਹੋ ਗਈ

ਦੱਸੀ ਜਾਂਦੀ ਹੈ। ਇਹ **ਗੁਰੂ ਸਾਹਿਬ ਦੇ ਜੀਵਨ ਬਿਰਤਾਂਤਾਂ ਵਾਲੀਆਂ ਬਹੁਤ ਹੀ ਅਹਿਮ ਪੋਥੀਆਂ ਹੀ ਅਕਸਰ ਕਿਉਂ ਗੁੰਮ ਹੁੰਦੀਆਂ ਆ ਰਹੀਆਂ ਹਨ ?** ਇਸ ਵਿਸ਼ੇ ਬਾਰੇ ਸਿੱਖ ਕੌਮ ਨੂੰ ਹੀ ਨਹੀਂ, ਬਲਕਿ, ਸਰਬੱਤ ਦਾ ਭਲਾ ਲੋਚਣ ਵਾਲੇ ਅਤੇ ਸੱਚ ਦੀ ਖੋਜ ਕਰਨ ਵਾਲੇ ਸਾਰੇ ਵਿਦਵਾਨਾਂ ਨੂੰ ਹੀ ਉੱਦਮ ਕਰ ਕੇ ਅਸਲੀਅਤ ਨੂੰ ਮਨੁੱਖਤਾ ਦੇ ਸਨਮੁੱਖ ਪੇਸ਼ ਕਰਨਾ ਚਾਹੀਦਾ ਹੈ।

ਸੌ ਸਾਖੀ

ਇਸ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿੱਚ ਇੰਜ ਦਰਜ ਕੀਤਾ ਹੈ -

"ਇਹ ਇੱਕ ਪ੍ਰਸਿੱਧ ਪੋਥੀ ਹੈ, ਜਿਸ ਵਿੱਚ ਪਹਿਲਾਂ ਸੌ ਸਾਖੀਆਂ ਸਨ, ਪਰ ਹੁਣ ਵਧੀਕ ਵੇਖੀਆਂ ਜਾਂਦੀਆਂ ਹਨ (ਇੱਕ ਪੰਜ ਸੌ ਸਾਖੀ ਦੀ ਪੋਥੀ ਭੀ ਅਸੀਂ ਪੁਰਾਣੀ ਲਿਖਤ ਵੇਖੀ ਹੈ) ਅਰ ਕਲਮੀ ਪੋਥੀਆਂ ਦੇ ਆਪੋ-ਵਿੱਚੀ ਪਾਠ ਨਹੀਂ ਮਿਲਦੇ, ਕਿਤਨਿਆਂ ਦਾ ਖ਼ਿਆਲ ਹੈ ਕਿ ਇਹ ਸਾਖੀ ਕਲਗ਼ੀਧਰ ਦੀ ਰਚਨਾ ਹੈ, ਪਰ ਇਸ ਦੀ ਕਵਿਤਾ ਪ੍ਰਗਟ ਕਰਦੀ ਹੈ ਕਿ ਇਹ ਕਿਸੇ ਸਾਧਾਰਣ ਵਿਦਯਾ ਅਤੇ ਸਮਝ ਵਾਲੇ ਸਿੱਖ ਦੀ ਕਲਮ ਤੋਂ ਲਿਖੀ ਗਈ ਹੈ।

ਸਾਖੀ ਤੋਂ ਪਾਇਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੋ ਕਥਾ ਪ੍ਰਸੰਗ ਭਾਈ ਗੁਰਬਖ਼ਸ਼ ਸਿੰਘ ਜੀ (ਰਾਮਕੁੰਵਰ) ਨੂੰ ਸੁਣਾਏ, ਉਹੀ ਉਨ੍ਹਾਂ ਨੇ ਲਿਖਾਰੀ ਸਾਹਿਬ ਸਿੰਘ ਤੋਂ ਲਿਖਵਾਏ, ਭਾਈ ਸੰਤੋਖ ਸਿੰਘ ਜੀ ਨੇ ਭੀ ਗੁਰੁ ਪ੍ਰਤਾਪ ਸੂਰਯ ਦੀ ਕਥਾ ਇਸੇ ਆਧਾਰ 'ਤੇ ਲਿਖੀ ਹੈ ਅਤੇ ਭਾਈ ਸਾਹਿਬ ਨੇ ਸੌ ਸਾਖੀ ਦੇ ਅਨੇਕ ਪ੍ਰਸੰਗ ਆਪਣੀ ਕਵਿਤਾ ਵਿੱਚ ਬਦਲ ਕੇ ਜਿਉਂ ਕੇ ਤਿਉਂ ਲਿਖ ਦਿੱਤੇ ਹਨ।

ਕੂਕੇ ਸਿੱਖ ਸੌ ਸਾਖੀ ਨੂੰ ਉਹੀ ਦਰਜਾ ਦਿੰਦੇ ਹਨ ਜੋ ਹਿੰਦੂ ਸਮਾਜ ਵਿੱਚ 'ਭਵਿਖਯਤ ਪੁਰਾਣ' ਨੂੰ ਦਿੱਤਾ ਜਾਂਦਾ ਹੈ, ਅਰ ਆਪਣੀ-ਆਪਣੀ ਬੁੱਧੀ ਅਨੁਸਾਰ, ਪਹੇਲੀ ਵਾਂਗ ਕਹੇ ਗਏ ਵਾਕਾਂ ਦੇ ਅਨੇਕ ਅਰਥ ਲਾ ਕੇ ਦਿਲ ਪ੍ਰਚਾਰਿਆ ਕਰਦੇ ਹਨ।...

ਗੁਰੂ ਸਾਹਿਬ ਦੀ ਰਚੀ ਅਥਵਾ ਲਿਖਾਈ ਇਹ ਪੋਥੀ ਹੈ, ਜਾਂ ਨਹੀਂ, ਇਹ ਗੱਲ ਇਸ ਦੇ ਸੰਮਤਾਂ ਤੋਂ ਸਾਫ਼ ਹੋ ਜਾਂਦੀ ਹੈ, ਜੈਸੇ -

"ਸੰਮਤ ਬਿਕ੍ਰਮ ਭੂਪਤੀ ਸਤਾਰਾਂ ਸਤ ਨੌਂ ਏਕ (1791)
ਮਾਹਿਣੈ ਸਾਖੀ ਵਾਰ ਗੁਰੁ ਮਲਕੀ ਦੁਤਿਯਾ ਭੇਕ"

ਫੇਰ ਲਿਖਿਆ ਹੈ - "ਸਤਾਰਾਂ ਸੌ ਇਕਾਸੀ ਮੇ ਸਾਖੀਆਂ ਲਿਖੀਆਂ", ਇਸ ਵਿੱਚ ਇਤਿਹਾਸ ਵਿਰੁੱਧ ਬਾਤਾਂ ਬਹੁਤ ਹਨ, ਜੈਸੇ -

(ੳ) "ਪਾਂਡਵਾਂ ਵੇਲੇ ਸੈਯਦਾਂ ਦੀ ਉਤਪੱਤੀ ਹੋਈ", (ਸਾਖੀ ੧)

(ਅ) "ਖੱਲ ਵਿੱਚੋਂ ਪ੍ਰਗਟ ਹੋਣ ਕਰ ਕੇ ਖ਼ਾਲਸਾ ਨਾਉਂ ਹੋਇਆ" (ਸਾਖੀ ੧੩)

(ੲ) "ਈਸਾ ਦੀ ਉਤਪੱਤੀ ਮੂਸਾ ਤੋਂ ਪਹਿਲਾਂ ਹੋਈ", (ਸਾਖੀ ੧੪)

(ਸ) ਹਰੀ ਚੰਦ ਦੀ ਕਥਾ ਵਿਚਿਤ੍ਰ ਨਾਟਕ ਦੇ ਵਿਰੁੱਧ ਲਿਖੀ ਹੈ, (ਸਾਖੀ ੨੦)

(ਹ) ਸਤਲੁਜ ਦਾ ਧਨੁ ਬਿਕ੍ਰਮੀ ਸੰਮਤ ੧੯੯੯ ਵਿੱਚ ਲਵਾਂਗੇ, (ਸਾਖੀ ੩੭)... ਇਤਿਆਦਿਕ।

ਸਰਦਾਰ ਸਰ ਅਤਰ ਸਿੰਘ ਰਈਸ ਭਦੌੜ ਦੀ ਰਾਇ ਹੈ ਕਿ ਜਿਸ ਵੇਲੇ ਕਸ਼ਮੀਰ ਦਾ ਇਲਾਕਾ ਮਹਾਰਾਜਾ ਜੰਮੂ ਨੂੰ ਅੰਗ੍ਰੇਜ਼ ਸਰਕਾਰ ਨੇ ਰੁਪਏ ਬਦਲੇ ਦਿੱਤਾ ਹੈ, ਉਸ ਸਮੇਂ ਇਹ ਸਾਖੀ ਲਿਖੀ ਗਈ ਹੈ, ਇਸੇ ਲਈ ਉਸ ਵਿੱਚ ਇਹ ਵਾਕ ਹੈ -

"ਦੇਸ ਬੇਚ ਕਰ ਜਾਹਿੰ ਫ਼ਿਰੰਗੀ। ਗਾਜੇਂਗੇ ਤਬ ਮੋਰ ਭੁਜੰਗੀ (ਸਾਖੀ ੮੫)।" (ਮਹਾਨ ਕੋਸ਼, ਪੰਨਾ ੨੩੪)

ਸੌ ਸਾਖੀ (ਅਸਲੀ) ਪੋਥੀ ਕਿੱਥੇ ਗਈ ?

ਜੇਕਰ ਭਾਈ ਸੰਤੋਖ ਸਿੰਘ ਜੀ ਦੇ ਉੱਪਰ ਲਿਖੇ ਕਥਨ ਨੂੰ ਸੱਚ ਮੰਨ ਲਿਆ ਜਾਵੇ ਕਿ ਉਨ੍ਹਾਂ ਨੂੰ ਭਾਈ ਰਾਮਕੁਇਰ ਵੱਲੋਂ ਭਾਈ ਸਾਹਿਬ ਸਿੰਘ ਤੋਂ ਲਿਖਵਾਈ ਅਸਲੀ ਪੋਥੀ ਲੱਭ ਗਈ ਸੀ, ਤਾਂ ਸਹਿਜ ਸੁਭਾਅ ਹੀ ਇਹ ਸਵਾਲ ਪੈਦਾ ਹੁੰਦਾ ਹੈ ਕਿ ਅਜਿਹੀ ਮਹੱਤਵਪੂਰਨ ਰਚਨਾ ਆਖਿਰ ਗਈ ਕਿੱਥੇ ? ਨਿਰਪੱਖਤਾ ਨਾਲ ਵਿਚਾਰਿਆਂ, ਹੇਠ ਲਿਖੀਆਂ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ-

(ੳ) ਭਾਈ ਸੰਤੋਖ ਸਿੰਘ ਜੀ ਨੂੰ, ਸੱਚ-ਮੁੱਚ ਹੀ, ਅਸਲੀ ਪੋਥੀ ਲੱਭ ਪਈ ਸੀ। ਪਰ, ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ, ਉਨ੍ਹਾਂ ਦੀ ਲਿਖਾ-ਪੜ੍ਹੀ ਵਿੱਚ ਮਦਦ ਕਰਨ ਲਈ ਕੈਥਲਪਤਿ ਰਾਜਾ ਉਦੇਯ ਸਿੰਘ ਦੇ ਲਗਾਏ ਗਏ ਸ਼ਾਤਰ ਪੰਡਿਤਾਂ ਨੇ ਉਸ ਪੋਥੀ ਨੂੰ ਖੁਰਦ-ਬੁਰਦ ਕਰ ਦਿੱਤਾ ਅਤੇ ਆਪਣੇ ਜੱਦੀ ਸੁਭਾਅ ਅਨੁਸਾਰ, ਭਾਈ ਸੰਤੋਖ ਸਿੰਘ ਜੀ ਦੀ ਕਾਵਿ ਰਚਨਾ (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ) ਨੂੰ, ਥਾਂ-ਪੁਰ-ਥਾਂ, ਭਗਵੇਂ ਰੰਗ (ਮਨੂੰਵਾਦੀ ਰੰਗਤ) ਵਿੱਚ ਰੰਗ ਦਿੱਤਾ।

(ਅ) ਭਾਈ ਸੰਤੋਖ ਸਿੰਘ ਜੀ ਨੂੰ ਅਸਲੀ ਪੋਥੀ ਨਹੀਂ ਲੱਭੀ ਸੀ, ਪਰ ਉਸ ਦੇ ਅਕਾਲ ਚਲਾਣੇ ਤੋਂ ਬਾਅਦ, ਸ਼ਾਤਰ ਪੰਡਿਤਾਂ ਨੇ ਇਹ ਰੌਚਕ ਕਹਾਣੀ (ਮਨ-ਘੜਤ) ਘੜ ਲਈ ਸੀ, ਤਾਕਿ ਸ੍ਰਿੱਖ ਕੌਮ ਨੂੰ ਸੌਖਿਆਂ ਹੀ ਗੁਮਰਾਹ ਕੀਤਾ ਜਾ ਸਕੇ, ਕਿਉਂਕਿ, ਜਿਸ ਪਰਸੰਗ ਨੂੰ ਦਸ਼ਮੇਸ਼ ਜੀ ਦੇ ਪਾਵਨ ਨਾਮ ਨਾਲ ਜੋੜ ਦਿੱਤਾ ਜਾਂਦਾ ਹੈ, ਸਿੱਖ ਕੌਮ ਦਾ ਇੱਕ ਵੱਡਾ ਹਿੱਸਾ (ਜਜ਼ਬਾਤੀ ਹੋ ਕੇ) ਉਸ ਨੂੰ ਇੰਨ-ਬਿੰਨ (ਬਿਨਾਂ ਉਸ ਦਾ ਅਧਿਐਨ ਕੀਤਿਆਂ) ਸੱਚ ਮੰਨ ਲੈਂਦਾ ਹੈ। ਇਹੀ ਕਾਰਨ ਹੈ ਕਿ ਸਿੱਖ ਕੌਮ ਦਾ ਇੱਕ ਹਿੱਸਾ (ਸਮੇਤ ਕੁੱਝ ਕੁ ਵਿਦਵਾਨਾਂ ਦੇ) ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਨੂੰ ਬਿਨਾਂ ਇਸ ਦਾ ਅਧਿਐਨ ਕੀਤੇ ਦਸਮੇਸ਼ ਜੀ ਦੀ ਰਚਨਾ ਦੇ ਤੌਰ 'ਤੇ ਮਾਨਤਾ

ਦੇ ਕੇ ਪ੍ਰਚਾਰਦਾ ਆ ਰਿਹਾ ਹੈ। ਕੌਮ ਅੰਦਰ ਪੈਦਾ ਹੋ ਰਿਹਾ ਅਜਿਹਾ ਗੁਰਮਤਿ-ਵਿਰੋਧੀ ਰੁਝਾਨ ਕੌਮ ਲਈ ਬਹੁਤ ਨੁਕਸਾਨਦੇਹ ਸਾਬਤ ਹੋਵੇਗਾ।

ਲੇਖਕ (ਗੁਰਦੀਪ ਸਿੰਘ) ਦੇ ਨਿੱਜੀ ਵਿਚਾਰ ਅਨੁਸਾਰ, ਉੱਪਰ ਦਿੱਤੀ (ਅ) ਵਾਲੀ ਸੰਭਾਵਨਾ ਸੱਚ ਦੇ ਜ਼ਿਆਦਾ ਨਜ਼ਦੀਕ ਲਗਦੀ ਹੈ।

ਆਓ, ਹੁਣ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ ਵਿੱਚ ਅੰਕਿਤ ਗੁਰੂ ਅੰਗਦ ਸਾਹਿਬ ਜੀ ਦੇ ਜੀਵਨ-ਬਿਰਤਾਂਤ ਦੀ 'ਗੁਰਬਾਣੀ ਦੀ ਕਸਵੱਟੀ 'ਤੇ' ਪਰਖ ਕਰਨ ਦਾ ਯਤਨ ਕਰੀਏ।

✡✡✡

2. ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਣ ਦਾ ਮੁੱਢ ਕਿਵੇਂ ਬੱਝਾ ?

ਅਧਿਆਇ ਪਹਿਲਾ ਤੇ ਅਧਿਆਇ ਦੂਜਾ

ਅਧਿਆਇ 1

"ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਜੀ ਨੇ ਦਸ ਗੁਰੂ ਸਾਹਿਬਾਨ ਨੂੰ, ਸਰੀਰਕ ਤੌਰ 'ਤੇ ਵੱਖਰੇ-ਵੱਖਰੇ ਹੁੰਦਿਆਂ, ਇੱਕੋ ਜੋਤਿ (ਪ੍ਰਭੂ-ਪਿਤਾ ਦੇ ਬ੍ਰਹਮ ਗਿਆਨ ਦਾ ਅਖੰਡ-ਪ੍ਰਕਾਸ਼) ਦੱਸ ਕੇ, ਇਸ ਗ੍ਰੰਥ ਦੇ ਅੰਸੂ (ਅਧਿਆਇ) 1 ਵਿੱਚ ਇਕੱਠਾ ਮੰਗਲ ਕੀਤਾ ਹੈ। ਇਸ ਤੋਂ ਪਹਿਲਾਂ ਭਾਵੇਂ ਦਸਾਂ ਗੁਰੂ ਸਾਹਿਬਾਨ ਦੇ ਵੱਖਰੇ-ਵੱਖਰੇ ਮੰਗਲ ਵੀ ਲਿਖੇ ਹਨ, ਪਰ ਜੋਤਿ ਇੱਕ ਹੀ ਹੈ, ਜਿਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਫ਼ੁਰਮਾਨ ਹੈ -

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਰਾਮਕਲੀ ਕੀ ਵਾਰ, 966)

ਹਿੰਦੂਆਂ ਦੇ ਪਵਿੱਤਰ ਦੇਵਤਿਆਂ ਅਤੇ ਉੱਚ ਵਿਅਕਤੀਆਂ ਜਿਵੇਂ ਕਿ ਗਣੇਸ਼, ਬ੍ਰਹਮਾ, ਬ੍ਰਹਸਪਤੀ, ਬਾਲਮੀਕ, ਵਸ਼ਿਸ਼ਟ, ਇੰਦਰ, ਅਗਸਤ, ਵਿਆਸ, ਯੁਧਿਸਟਰ, ਅਰਜਨ, ਰਾਮਚੰਦਰ ਜੀ, ਨਰ ਸਿੰਘ ਅਵਤਾਰ, ਵਾਮਨ, ਦਸਰਥ, ਰਾਜਾ ਜਨਕ, ਗੋਰਖ ਨਾਥ ਆਦਿ ਨੂੰ ਕਵੀ ਨੇ ਬਾਬਾ ਬੁੱਢਾ ਜੀ ਦੇ ਬਰਾਬਰ ਮੰਨਦਿਆਂ ਹੋਇਆਂ, ਪਹਿਲਾਂ ਸਭ ਨੂੰ ਨਮਸ਼ਕਾਰ ਕੀਤੀ ਹੈ, ਫੇਰ ਗੁਰੂ ਦਾ ਜਸ ਉਚਾਰਨ (ਭਾਵ, ਗ੍ਰੰਥ ਲਿਖਣ) ਵਿੱਚ ਸਹਾਈ ਹੋਣ ਦੇ ਨਾਲ-ਨਾਲ ਵਿਘਨਾਂ ਦਾ ਨਾਸ਼ ਕਰਨ ਲਈ ਬੇਨਤੀ ਕੀਤੀ ਹੈ। ਭਾਈ ਵੀਰ ਸਿੰਘ ਜੀ ਅਨੁਸਾਰ, ਇਹ ਗੁਣਵਾਨਾਂ ਤੋਂ ਗੁਰੂ-ਜਸ ਹਿਤ ਸਹਾਇਤਾ ਦੀ ਜਾਚਨਾ ਹੈ। ਕਵੀ ਜੀ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਆਪਣਾ ਇਸ਼ਟ-ਦੇਵ ਨਹੀਂ ਮੰਨ ਰਹੇ ਅਤੇ ਨਾ ਹੀ ਇਨ੍ਹਾਂ ਦੀ ਪੂਜਾ ਲਈ ਸਿੱਖਾਂ ਨੂੰ ਕਹਿ ਰਹੇ ਹਨ। ਮੰਗਲਾਚਰਨ ਵਜੋਂ ਦੇਵੀ-ਦੇਵਤਿਆਂ ਅਤੇ ਗੁਣੀ-ਪੁਰਸ਼ਾਂ ਦਾ ਜਸ ਗਾਇਨ ਕਰਨਾ, ਭਾਰਤੀ ਕਵੀਆਂ 'ਚ ਪੁਰਾਣੀ ਰੀਤ ਰਹੀ ਹੈ।" (ਡਾ. ਕਿਰਪਾਲ ਸਿੰਘ: ਸੰਪਾਦਕ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ-ਬਿਰਤਾਂਤ, ਸਫ਼ਾ 61)

ਗੁਰਮਤਿ

1. ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਰਬ-ਸਾਂਝਾ (ਸਦੀਵਕਾਲੀ)

ਗੁਰਮਤਿ ਫ਼ਲਸਫ਼ਾ, ਦੇਵੀ-ਦੇਵਤਿਆਂ ਨੂੰ ਕੋਈ ਮਾਨਤਾ ਨਹੀਂ ਦਿੰਦਾ -

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥ (ਮ:੧, ੬੩੭)

ਭਾਵ : ਹੇ ਭਾਈ! ਜੇ ਦੇਵੀ ਦੇਵਤਿਆਂ ਦੀਆਂ ਪੱਥਰ ਆਦਿਕ ਦੀਆਂ ਮੂਰਤੀਆਂ ਦੀ ਪੂਜਾ ਕਰੀਏ, ਤਾਂ ਇਹ ਕੁੱਝ ਵੀ ਨਹੀਂ ਦੇ ਸਕਦੇ, ਮੈਂ ਇਨ੍ਹਾਂ ਪਾਸੋਂ ਕੁੱਝ ਵੀ ਨਹੀਂ ਮੰਗਦਾ। ਪੱਥਰ ਨੂੰ ਪਾਣੀ ਨਾਲ ਧੋਂਦੇ ਰਹੀਏ, ਤਾਂ ਭੀ ਉਹ (ਪੱਥਰ ਦੇ ਬਣਾਏ ਹੋਏ ਦੇਵੀ ਦੇਵਤੇ) ਪਾਣੀ ਵਿੱਚ ਡੁੱਬ ਜਾਂਦੇ ਹਨ (ਆਪਣੇ ਪੁਜਾਰੀਆਂ ਨੂੰ ਉਹ ਕਿਵੇਂ ਸੰਸਾਰ-ਸਮੁੰਦਰ ਤੋਂ ਤਾਰ ਸਕਦੇ ਹਨ ?)।

ਇਸ ਲਈ, ਦੇਵੀ-ਦੇਵਤਿਆਂ ਦੀ ਖ਼ੁਸ਼ਾਮਦ ਕਰਨ ਲਈ, (ਉਨ੍ਹਾਂ ਤੋਂ ਸਹਾਇਤਾ ਲੈਣ ਲਈ) ਉਨ੍ਹਾਂ ਦਾ ਮੰਗਲ ਕਰਨਾ ਗੁਰਮਤਿ ਅਨੁਸਾਰੀ ਕਰਮ ਨਹੀਂ ਹੈ।

2. ਇੰਦਰ ਵਰਗੇ ਦੇਵਤਿਆਂ, ਜਿਨ੍ਹਾਂ ਨੂੰ ਬ੍ਰਾਹਮਣੀ ਗ੍ਰੰਥਾਂ ਵਿੱਚ ਵੀ ਆਚਰਣਹੀਣ (characterless) ਦਰਸਾਇਆ ਗਿਆ ਹੈ, ਦੀ ਖ਼ੁਸ਼ਾਮਦ ਲਈ ਮੰਗਲ ਕਰਨਾ ਅਨੁਚਿਤ ਹੈ, ਗੁਰਮਤਿ ਵਿਰੋਧੀ ਹੈ। ਦੇਵਤਿਆਂ ਦੇ ਰਾਜੇ ਇੰਦਰ ਦੇਵਤੇ ਬਾਰੇ ਗੁਰ ਫ਼ੁਰਮਾਣੁ ਹੈ -

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥
ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥੧॥ (ਮ:੧, ੧੩੪੪)

ਭਾਵ : ਗੋਤਮ (ਇੱਕ ਪ੍ਰਸਿੱਧ) ਤਪੀ (ਸੀ), ਅਹਿੱਲਿਆ (ਉਸ ਦੀ) ਇਸਤ੍ਰੀ (ਸੀ), ਉਸ ਦਾ ਰੂਪ ਵੇਖ ਕੇ (ਦੇਵਤਿਆਂ ਦਾ ਰਾਜਾ ਅਖਵਾਂਦਾ) ਇੰਦਰ ਮਸਤ ਹੋ ਗਿਆ। (ਗੋਤਮ ਦੇ ਸਰਾਪ ਨਾਲ) (ਉਸ ਇੰਦਰ ਦੇ) ਸਰੀਰ ਉੱਤੇ ਹਜ਼ਾਰਾਂ ਭਗਾਂ ਦੇ ਨਿਸ਼ਾਨ ਬਣ ਗਏ, ਤਦੋਂ ਇੰਦਰ ਆਪਣੇ ਮਨ ਵਿੱਚ (ਉਸ ਕੁਕਰਮ 'ਤੇ) ਪਛੁਤਾਇਆ।੧।

3. ਬ੍ਰਹਮਾ ਤੇ ਇੰਦਰ ਵਰਗੀਆਂ ਮਨੋ-ਕਲਪਿਤ ਤੇ ਕਾਮੀ ਮਿਥਿਹਾਸਕ ਹਸਤੀਆਂ ਦੀ ਤੁਲਨਾ ਬਾਬਾ ਬੁੱਢਾ ਜੀ ਵਰਗੇ ਮਹਾਨ ਸਿੱਖ ਨਾਲ ਕਰਨੀ, ਕਿਸੇ ਪੱਖੋਂ ਵੀ, ਉਚਿਤ ਨਹੀਂ ਹੋ ਸਕਦੀ।

ਮੂਲ ਪਾਠ - ਅਧਿਆਇ 2

ਪੁਨ ਸ੍ਰੀ ਅਰਜਨ ਕੇ ਢਿਗ ਰਹਯੋ। 'ਭਾਈ' ਪਦ ਕੋ ਤਬ ਤੇ ਲਹਯੋ।
ਜਿਨਕੋ ਬਚਨ ਅਟਲ ਜਗ ਭਯੋ। ਸ੍ਰੀ ਗੁਰ ਹਰਿਗੋਬਿੰਦ ਜਨਮਯੋ ॥੯॥

ਭਾਵ : ਫੇਰ (ਭਾਈ ਬੁੱਢਾ ਜੀ) ਗੁਰੂ ਅਰਜੁਨ ਸਾਹਿਬ ਦੀ ਸ਼ਰਨ ਵਿੱਚ ਰਹੇ। ਉਸ

ਵੇਲੇ ਤੋਂ ਆਪ ਨੂੰ 'ਭਾਈ' ਦੀ ਪਦਵੀ ਪ੍ਰਾਪਤ ਹੋਈ। ਉਨ੍ਹਾਂ ਦੇ ਮੁੱਖੋਂ ਆਖੇ ਬਚਨ ਜੱਗ ਵਿੱਚ ਅਟੱਲ ਹੁੰਦੇ ਸਨ। ਆਪ ਜੀ ਦੇ ਬਚਨਾਂ ਦੇ ਸਦਕਾ ਗੁਰੂ ਹਰਿਗੋਬਿੰਦ ਜੀ ਦਾ ਜਨਮ ਹੋਇਆ ॥੯॥

ਗੁਰਮਤਿ

ਗੁਰਮਤਿ ਫ਼ਲਸਫ਼ੇ ਅਨੁਸਾਰ, ਸ੍ਰਿਸ਼ਟੀ ਦਾ ਸਾਰਾ ਪ੍ਰਬੰਧ (ਜਨਮ-ਮਰਨ ਸਮੇਤ) ਪ੍ਰਭੂ-ਪਿਤਾ ਵੱਲੋਂ ਸਿਰਜ ਕੇ ਲਾਗੂ ਕੀਤੇ ਅਟੱਲ ਕੁਦਰਤੀ ਨਿਯਮਾਂ ਅਨੁਸਾਰ ਚੱਲ ਰਿਹਾ ਹੈ। ਇਸ ਵਿੱਚ ਕੋਈ ਮਨੁੱਖ ਕੋਈ ਵੀ ਤਬਦੀਲੀ ਨਹੀਂ ਕਰ ਸਕਦਾ। ਜੀਵਾਂ ਦਾ ਜਨਮ ਲੈਣਾ ਤੇ ਮਰਨਾ ਪ੍ਰਭੂ ਦੇ ਅਟੱਲ ਹੁਕਮ ਅਧੀਨ ਹੈ -

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥ (ਮ:1, 1)

ਭਾਵ: ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਰੇ ਸਰੀਰ ਬਣਦੇ ਹਨ, (ਪਰ, ਇਸ ਹੁਕਮ ਦੀ) ਸੰਪੂਰਨ ਵਿਆਖਿਆ ਨਹੀਂ ਕੀਤੀ ਜਾ ਸਕਦੀ (ਕਿ ਇਹ ਕਿਹੋ ਜਿਹਾ ਹੈ ?)। ਰੱਬ ਦੇ ਹੁਕਮ ਅਨੁਸਾਰ ਹੀ ਸਾਰੇ ਜੀਵ ਜਨਮਦੇ ਹਨ ਅਤੇ ਹੁਕਮ ਅਨੁਸਾਰ ਹੀ (ਰੱਬ ਦੇ ਦਰ ਤੋਂ) ਸ਼ੋਭਾ (ਆਦਰ-ਮਾਣ) ਮਿਲਦੀ ਹੈ।

ਅਸ ਭਾਈ ਬੁੱਢਾ ਗੁਰਦਾਸ। ਮਹਿਮਾ ਕਹਿ ਨ ਸਕੇ ਕਵਿ ਤਾਸ।
ਸੱਤਯ ਬਾਕ ਬਰ ਸ੍ਰਾਪ ਜੁ ਦੀਨਸਿ। ਅੰਗੀਕਾਰ ਸਤਿਗੁਰੂ ਕੀਨਸਿ ॥16 ॥

ਭਾਵ: ਇਹੋ-ਜਿਹੇ ਸਨ ਗੁਰੂ ਜੀ ਦੇ ਸੇਵਕ, ਬਾਬਾ ਬੁੱਢਾ ਜੀ, ਜਿਨ੍ਹਾਂ ਦੀ ਉਪਮਾ ਕਰਨ ਤੋਂ ਕਵੀ ਅਸਮਰੱਥ ਹੈ। (ਭਾਈ ਬੁੱਢਾ ਜੀ) ਜਿਹੜਾ ਵੀ ਵਰ ਜਾਂ ਸਰਾਪ ਦੇ ਦਿੰਦੇ, ਉਹ ਸੱਚਾ ਹੋ ਜਾਂਦਾ ਸੀ। ਗੁਰੂ ਸਾਹਿਬਾਨ ਵੀ ਉਨ੍ਹਾਂ ਨੂੰ ਪਰਵਾਨ ਕਰ ਲੈਂਦੇ ਸਨ।

ਗੁਰਮਤਿ

ਗੁਰਮਤਿ ਫ਼ਲਸਫ਼ਾ ਵਰ-ਸਰਾਪ ਦੇ ਅਸੂਲ ਨੂੰ ਕੋਈ ਮਾਨਤਾ ਨਹੀਂ ਦੇਂਦਾ। ਗੁਰਮਤਿ ਅਨੁਸਾਰ ਜੀਵਨ ਜੀਊਣ ਵਾਲਾ ਵਿਅਕਤੀ ਸਰਬੱਤ ਦਾ ਹੀ ਭਲਾ ਲੋਚਦਾ ਹੈ, ਕਿਸੇ ਨੂੰ ਸਰਾਪ ਦਾ ਡਰਾਵਾ ਨਹੀਂ ਦੇਂਦਾ ਅਤੇ ਨਾਂ ਹੀ ਕਿਸੇ ਨੂੰ ਕੋਈ ਵਰ ਦੇਂਦਾ ਹੈ ਕਿਉਂਕਿ ਗੁਰਮਤਿ ਫ਼ਲਸਫ਼ੇ ਅਨੁਸਾਰ ਸਾਰੀਆਂ ਦਾਤਾਂ ਦਾ ਮਾਲਿਕ ਕੇਵਲ ਅਤੇ ਕੇਵਲ ਪ੍ਰਭੂ-ਪਿਤਾ ਹੀ ਹੈ (ਬਾਕੀ ਸਭ ਮੰਗਤੇ ਹਨ ਉਸ ਦੇ ਦਰ 'ਤੇ)। ਫਿਰ, ਵਰ ਜਾਂ ਸਰਾਪ ਦੇਣ ਦੀ ਗੱਲ ਹੀ ਬੇਤੁਕੀ ਹੈ।

ਏਕੁ ਦਾਤਾਰੁ ਸਗਲ ਹੈ ਜਾਚਿਕ ਦੂਸਰ ਕੈ ਪਹਿ ਜਾਵਉ ॥1 ॥ *(ਮ:5, 401)*

ਭਾਵ: (ਹੇ ਭਾਈ!) (ਕੋਈ ਸੁਖ ਆਦਿਕ ਮੰਗਣ ਵਾਸਤੇ) ਮੈਂ ਕਿਸੇ ਹੋਰ ਪਾਸ ਜਾ

ਭੀ ਨਹੀਂ ਸਕਦਾ, ਕਿਉਂਕਿ, ਦਾਤਾਂ ਦੇਣ ਵਾਲਾ ਸਿਰਫ਼ ਇੱਕ ਪਰਮਾਤਮਾ ਹੈ ਤੇ ਸਮੁੱਚੀ ਸ੍ਰਿਸ਼ਟੀ (ਉਸ ਦੇ ਦਰ ਤੋਂ) ਮੰਗਣ ਵਾਲੀ ਹੈ।

ਸਾਖੀ ਦਾ ਸਾਰ - ਅਧਿਆਇ 2

ਗੁਰੂ ਨਾਨਕ ਸਾਹਿਬ ਨੂੰ ਇੱਕ ਸੋਝੀਵਾਨ ਬਾਲਕ ਮਿਲਿਆ, ਜਿਸ ਦੀ ਉਮਰ ਬੜੀ ਛੋਟੀ ਸੀ, ਪਰ, ਉਹ ਬੁੱਢਿਆਂ ਵਾਂਗ ਗੱਲਾਂ ਕਰਦਾ ਸੀ। ਉਦੋਂ ਤੋਂ ਉਸ ਦਾ ਨਾਮ 'ਬੁੱਢਾ' ਪ੍ਰਸਿੱਧ ਹੋ ਗਿਆ।...ਭਾਈ ਬੁੱਢਾ ਜੀ, ਪਹਿਲੇ ਪਾਤਿਸ਼ਾਹ ਤੋਂ ਲੈ ਕੇ ਛੇਵੇਂ ਪਾਤਿਸ਼ਾਹ ਤੱਕ, ਗੁਰਗੱਦੀ ਉੱਤੇ ਬੈਠਣ ਸਮੇਂ ਦਾ ਤਿਲਕ ਲਗਾਉਂਦੇ ਰਹੇ। ਉਨ੍ਹਾਂ ਤੋਂ ਪਿੱਛੋਂ ਉਨ੍ਹਾਂ ਦੀ ਸੰਤਾਨ ਵੀ ਇਹ ਰੀਤ ਨਿਭਾਉਂਦੀ ਰਹੀ।... ਇਨ੍ਹਾਂ ਦੀ ਕੁੱਲ ਵਿੱਚੋਂ ਰਾਮਕੁਇਰ ਦਾ ਜਨਮ ਹੋਇਆ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਰਹੇ। ਜਦੋਂ ਕਲਗ਼ੀਧਰ ਪਿਤਾ ਜੀ 'ਸੱਚਖੰਡ' ਚਲੇ ਗਏ ਤਾਂ ਰਾਮਕੁਇਰ ਜੀ 'ਰਮਦਾਸ' ਨਗਰ ਵਿੱਚ ਆ ਗਏ। ਭਾਈ ਗੁਰਬਖ਼ਸ਼ ਸਿੰਘ (ਰਾਮਕੁਇਰ) ਨੂੰ ਹੋਰ ਸਿੱਖਾਂ ਨੇ, ਗੁਰੂ ਸਾਹਿਬਾਨ ਦੇ ਮਹਾਨ ਪ੍ਰਸੰਗ ਸੁਣਾਉਣ ਦੀ ਬੇਨਤੀ ਕੀਤੀ ਤੇ ਸਰੋਤਿਆਂ ਦੇ ਕਹਿਣ 'ਤੇ ਭਾਈ ਸੰਤੋਖ ਸਿੰਘ ਜੀ ਨੇ ਭਾਈ ਰਾਮਕੁਇਰ ਜੀ ਦੇ ਜੀਵਨ-ਪ੍ਰਸੰਗ ਪਹਿਲਾਂ ਬਿਆਨ ਕੀਤੇ।

✡✡✡

3. ਭਾਈ ਰਾਮਕੁਇਰ ਜੀ ਬਾਰੇ ਪਰਸੰਗ

ਅਧਿਆਇ ਤੀਜਾ ਤੇ ਚੌਥਾ

ਮੂਲ ਪਾਠ

ਬ੍ਰਿਤੀ ਅਖੰਡ ਰਾਤਿ ਦਿਨ ਏਕ। ਅਚਲ ਗਯਾਨ ਮਹਿ ਜਲਧਿ ਬਿਬੇਕ।
ਜਬ ਭੋਜਨ ਕਰਿਬੇ ਕਹੁ ਲਾਗੈਂ। ਜਾਵਤ ਥਾਲ ਧਰਯੋ ਰਹਿ ਆਗੈ ॥35॥

ਭਾਵ: (ਰਾਮਕੁਇਰ ਜੀ) ਦਿਨ-ਰਾਤ ਇੱਕੋ, ਅਖੰਡ-ਬਿਰਤੀ ਅਤੇ ਗਿਆਨ-ਸਮੁੰਦਰ (ਵਾਹਿਗੁਰੂ) ਦੇ ਗਿਆਨ ਵਿੱਚ ਅਚੱਲ ਰਹਿੰਦੇ। ਜਦੋਂ ਭੋਜਨ ਕਰਨ ਲਗਦੇ ਤਾਂ ਜਦ ਤੱਕ (ਖਾਣੇ ਦਾ) ਥਾਲ ਅੱਗੇ ਪਿਆ ਰਹਿੰਦਾ ॥35॥

__ਤਾਵਤ ਅਚਯੋ ਜਾਹਿਂ__ ਪੁਨਿ ਕਹੈਂ। ਭੋ ਰਾਮਾ ਤੂੰ ਕਿਸ ਥਲ ਅਹੈਂ।
ਆਵਹੁ ਪਾਸ ਪਰਖ ਕਰਿ ਕਹੋ। ਅਚਹਿਂ ਅਹਾਰ ਜੁ ਨਿਤ ਤੂ ਲਹੋ[2] ॥36॥

ਭਾਵ: ਤਦੋਂ ਤੱਕ ਉਹ ਛਕਦੇ ਰਹਿੰਦੇ। ਫੇਰ ਆਖਦੇ, "ਓਏ ਰਾਮਾ! ਤੂੰ ਕਿੱਥੇ ਹੈਂ? ਕੋਲ ਆ ਕੇ ਵੇਖ ਕੇ ਦੱਸ, ਜਿਵੇਂ ਤੂੰ ਹਰ ਰੋਜ਼ ਦੇਖਦਾ[2] ਹੈਂ, ਜਿੰਨਾ ਭੋਜਨ ਅਸੀਂ ਛਕਣਾ ਸੀ, ਛਕ ਲਿਆ ਹੈ?"

ਦੋਹਰਾ

ਤ੍ਰਿਪਤਿ ਭਏ ਰਮਦਾਸ ਕੇ ਪਿਖਹੁ ਕਿ ਤ੍ਰਿਪਤੇ ਨਾਂਹਿਂ?"
ਸੁਨ ਰਾਮਾ ਸੇਵਕ ਤਬੈ ਹੇਰਹਿਂ ਹੁਇ ਕਰਿ ਪਾਹਿ ॥37॥

ਭਾਵ: ਵੇਖੋ, ਰਮਦਾਸ ਵਾਸੀ (ਰਾਮਕੁਇਰ) ਰੱਜ ਗਿਆ ਹੈ ਜਾਂ ਅਜੇ ਨਹੀਂ"? ਇਹ ਸੁਣ ਕੇ ਰਾਮਾ ਸੇਵਕ ਉਸ ਵੇਲੇ ਆ ਕੇ ਵੇਖਦਾ ॥37॥

ਚੌਪਈ

ਊਪਰ ਉਦਰ ਹਾਥ ਕਹੁ ਫੇਰਹਿ॥ ਨਿਤ ਸਮ ਊਚੋ ਹੋਵਤਿ ਹੇਰਹਿ।
ਕਹੈ ਬੰਦ ਕਰ :- ਤ੍ਰਿਪਤੈ ਅਬੈ। ਨਿਤਿ ਸਮ ਭੋਜਨ ਕੀਨਸਿ ਸਬੈ' ॥38॥

ਭਾਵ: (ਰਾਮਾ) ਪੇਟ ਉੱਪਰ ਹੱਥ ਫੇਰਦਾ, ਰੋਜ਼ ਵਾਂਗ ਉੱਚਾ ਹੋ ਗਿਆ ਹੈ ਕਿ ਨਹੀਂ, (ਪੇਟ ਦੀ) ਉਚਾਈ ਵੇਖਦਾ। ਫੇਰ ਹੱਥ ਬੰਨ੍ਹ ਕੇ ਕਹਿੰਦਾ, "ਹੁਣ ਤੁਸੀਂ ਰੱਜ ਗਏ ਹੋ, ਰੋਜ਼

ਜਿੰਨਾ ਸਾਰਾ ਭੋਜਨ ਕਰ ਲਿਆ ਹੈ॥"

ਗੁਰਮਤਿ

ਰਾਮਕੁਇਰ ਜੀ ਦੀ ਜਿਸ ਤਰ੍ਹਾਂ ਦੀ ਬਿਰਤੀ (ਮਾਨਸਿਕ ਦਸ਼ਾ) ਉੱਪਰ ਦਰਸਾਈ ਗਈ ਹੈ, ਕਵੀ ਉਨ੍ਹਾਂ ਦੇ ਮੂੰਹ 'ਤੇ ਮਿੱਠੇ-ਮਿੱਠੇ ਪੌਲੇ (ਜੁੱਤੀਆਂ) ਮਾਰਦਾ ਨਜ਼ਰ ਆਉਂਦਾ ਹੈ (ਯਾਨੀ ਕਿ, ਇੱਕ ਸਾਜਿਸ਼ ਅਧੀਨ, ਭਾਈ ਰਾਮਕੁਇਰ ਜੀ ਨੂੰ ਇੱਕ ਝੱਲੇ ਜਿਹੇ ਵਿਅਕਤੀ ਦੇ ਤੌਰ 'ਤੇ ਪੇਸ਼ ਕਰ ਰਿਹਾ ਹੈ)।

ਸਾਖੀ ਦਾ ਸਾਰ - ਅਧਿਆਇ 3

ਮਹਾਨ ਕੋਸ਼ ਅਨੁਸਾਰ, ਸੁੱਘਾ ਰੰਧਾਵਾ ਦਾ ਪੁੱਤਰ ਬਾਬਾ ਬੁੱਢਾ ਜੀ, ਬਾਬਾ ਬੁੱਢਾ ਜੀ ਦੇ ਚਾਰ ਪੁੱਤਰ (ਸੁਧਾਰੀ, ਭਿਖਾਰੀ, ਮਹਿਮੂ, ਭਾਨਾ); ਭਾਈ ਭਾਨਾ ਜੀ ਦੇ ਦੋ ਪੁੱਤਰ (ਜਲਾਲ ਅਤੇ ਸਰਵਣ); ਭਾਈ ਸਰਵਣ ਦਾ ਭਾਈ ਝੰਡਾ; ਭਾਈ ਝੰਡਾ ਦਾ ਭਾਈ ਗੁਰਦਿੱਤਾ, ਭਾਈ ਗੁਰਦਿੱਤਾ ਦਾ ਭਾਈ ਰਾਮਕੁਇਰ ਉਰਫ਼ ਰਾਮਕੁੰਵਰ (ਗੁਰਬਖ਼ਸ਼ ਸਿੰਘ) ਸੀ।

ਰਾਮਕੁਇਰ ਜੀ ਹਮੇਸ਼ਾਂ ਧਿਆਨ ਮਗਨ ਰਹਿੰਦੇ। ਉਹ ਸਰੀਰ ਦੇ ਮੋਟੇ ਅਤੇ ਗਣੇਸ਼ ਵਰਗੇ ਲੰਮੇ ਪੇਟ ਵਾਲੇ ਸਨ। 'ਰਾਮਾ' ਨਾਮ ਦਾ ਸੇਵਕ ਰਾਮਕੁਇਰ ਜੀ ਦੇ ਕੰਮਾਂ ਦੀ ਦੇਖਭਾਲ ਕਰਦਾ ਸੀ। ਇਹੋ ਸੇਵਕ ਹੀ ਉਨ੍ਹਾਂ ਦੇ ਖਾਣ-ਪੀਣ ਦਾ ਖਿਆਲ ਰਖਦਾ ਸੀ। ਆਮਦਨ ਤੇ ਖਰਚਿਆਂ ਆਦਿ ਦਾ ਹਿਸਾਬ-ਕਿਤਾਬ ਵੀ ਸੇਵਕ ਹੀ ਰਖਦੇ ਸਨ।

ਸਾਖੀ ਦਾ ਸਾਰ - ਅਧਿਆਇ 4

ਰਾਮਕੁਇਰ ਅਖੰਡ ਬਿਰਤੀ ਵਾਲੇ ਸਨ। ਉਨ੍ਹਾਂ ਦਾ ਧਿਆਨ ਕਿਸੇ ਵੇਲੇ ਹੀ ਦੁਨੀਆਂਦਾਰੀ ਵੱਲ ਜਾਂਦਾ ਸੀ। ਇੱਕ ਵਾਰ ਤੁਰਕਾਂ ਦੀ ਫ਼ੌਜ ਉਨ੍ਹਾਂ ਦਾ ਡੇਰਾ ਲੁੱਟਣ ਲਈ ਆ ਗਈ। ਉਨ੍ਹਾਂ ਨੇ ਬਸਤਰ, ਗਹਿਣੇ, ਵੱਡੇ ਭਾਂਡੇ, ਘੋੜੇ, ਗਊਆਂ, ਮੱਝਾਂ, ਦੇਗਾਂ, ਕੜਾਹੇ, ਵੱਡੇ ਵਲਟੋਹੇ, ਅਨਾਜ ਆਦਿ ਸਭ ਕੁੱਝ ਲੁੱਟ ਲਿਆ। ਸੇਵਕ ਬਹੁਤ ਕੋਸ਼ਿਸ਼ ਕਰਦੇ ਰਹੇ, ਪਰ, ਕੁੱਝ ਨਾ ਬਣਿਆ। ...ਲਾਹੌਰ ਦੇ ਸੂਬੇ ਨੂੰ ਰਾਮ ਕੁਇਰ ਜੀ ਦੀ ਵਡਿਆਈ ਬਾਰੇ ਪਤਾ ਸੀ। ਉਹ ਰਾਮਕੁਇਰ ਦੇ ਡੇਰੇ ਵਿੱਚ ਆਏ ਤੇ ਲੁੱਟੇ ਗਏ ਸਮਾਨ ਬਾਰੇ ਪੁੱਛ ਕੀਤੀ। ਜਿਸ ਵੇਲੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਉਹ ਬਿਨਾਂ ਬੁਲਾਉਂਣ ਤੋਂ ਬੋਲਦੇ ਨਹੀਂ। ਉਹ ਨਿਮਰਤਾ ਨਾਲ ਕਹਿਣ ਲੱਗੇ ਕਿ ਉਸ ਦੀ ਜਾਣਕਾਰੀ ਤੋਂ ਬਿਨਾਂ ਹੀ ਤੁਰਕਾਂ ਨੇ ਅਜਿਹਾ ਮਾੜਾ ਕੰਮ ਕੀਤਾ। ਉਨ੍ਹਾਂ ਦਾ ਬਹੁਤ ਅਪਮਾਨ ਹੋਇਆ ਸੀ। ਅਣਜਾਣ ਤੁਰਕਾਂ ਨੇ ਉਨ੍ਹਾਂ ਦੀ ਪਛਾਣ ਨਹੀਂ ਕੀਤੀ। ਮੂਰਖ ਲੋਕ ਇਕੱਠੇ ਹੋ ਕੇ ਆ ਗਏ। ਜਿਹੜੇ ਖਾਣ-ਯੋਗ ਪਦਾਰਥ ਅਤੇ ਨਾ-ਖਾਣਯੋਗ ਵਸਤੂਆਂ ਸਨ, ਦੇਖ ਕੇ ਲੈ ਗਏ। ਹੁਣ ਉਹ ਉਚਿਤ ਦੰਡ ਦੇ ਹੱਕਦਾਰ ਸਨ। ਸਾਰਿਆਂ ਨੂੰ ਕੈਦ ਕਰਵਾ ਕੇ ਸਮਾਨ ਵਾਪਸ ਲਿਆ ਜਾਵੇਗਾ। ਸੂਬੇ ਨੇ ਭੁੱਲ ਬਖ਼ਸ਼ਾਉਂਦੇ ਹੋਏ ਕਿਹਾ, "ਬਾਬਾ ਜੀ ਦੱਸੋ ਆਪ ਦਾ ਕੀ ਕੀ ਸਮਾਨ ਚਲਾ

ਗਿਆ ਹੈ ?" ਤਾਂ ਬਾਬਾ ਜੀ ਨੇ ਲੱਖਾਂ ਦੀ ਹੋਈ ਲੁੱਟ ਦੀ ਪਰਵਾਹ ਨਾ ਕਰਦੇ ਹੋਏ ਅਸਮਾਨ ਵਿੱਚ ਆਪਣੇ ਉੱਡ ਰਹੇ ਬਾਜ਼ਾਂ ਨੂੰ ਵੇਖ ਕੇ ਕਿਹਾ ਕਿ ਬਾਜ਼ਾਂ ਦੀਆਂ ਲੰਮੀਆਂ, ਰੇਸ਼ਮ ਦੀਆਂ ਡੋਰੀਆਂ ਗੁਆਚ ਗਈਆਂ ਹਨ। ਹੋਰ ਧਨ-ਦੌਲਤ ਬਾਰੇ ਉਨ੍ਹਾਂ ਕੋਈ ਜ਼ਿਕਰ ਨਾ ਕੀਤਾ।

ਸੂਬਾ, ਭਾਈ ਜੀ ਨੂੰ ਨਾਲ ਲਾਹੌਰ ਲੈ ਗਿਆ ਅਤੇ ਲੁੱਟਿਆ ਸਮਾਨ ਵਾਪਸ ਮੰਗਵਾ ਕੇ ਪਿੰਡ ਰਮਦਾਸ ਪਹੁੰਚਾ ਦਿੱਤਾ। ਰਾਮਕੁਇਰ ਦੀ ਪਰੀਖਿਆ ਲਈ ਇੱਕ ਚੰਚਲ ਘੋੜੀ ਭੇਟਾ ਵਜੋਂ ਦਿੱਤੀ, ਜੋ ਬਹੁਤ ਅੜੀਅਲ ਸੀ। ਪਰ, ਭਾਈ ਜੀ ਨੇ ਘੋੜੀ 'ਤੇ ਬਿਨਾਂ ਕਾਠੀ ਅਤੇ ਲਗਾਮ ਦੇ ਸਵਾਰੀ ਕਰ ਲਈ ਅਤੇ ਪਹਿਲਾਂ ਵਾਂਗ ਦੋਨੋਂ ਪੈਰ ਇੱਕੋ ਪਾਸੇ ਕਰ ਲਏ ਅਤੇ ਲਾਹੌਰ ਸ਼ਹਿਰ ਦਾ ਚੱਕਰ ਕੱਟਿਆ। ਫੇਰ ਸੂਬੇ ਨੇ, ਭਾਈ ਜੀ ਨੂੰ ਘੋੜੀ ਸਮੇਤ ਬਸਤਰ ਤੇ ਬਹੁਤ ਸਾਰੀ ਧਨ-ਦੌਲਤ ਦੇ ਕੇ ਵਿਦਾ ਕੀਤਾ। ਸੂਬੇ ਨੇ ਆਪਣੇ ਨੌਕਰ ਇਹ ਦੇਖਣ ਲਈ ਨਾਲ ਭੇਜੇ ਕਿ ਉਹ ਖ਼ਬਰ ਰੱਖਣ ਕਿ ਭਾਈ ਜੀ ਘੋੜੀ ਉੱਤੇ ਠੀਕ-ਠਾਕ ਰਹੇ ਹਨ ਜਾਂ ਕਿਤੇ ਡਿੱਗ ਤਾਂ ਨਹੀਂ ਪਏ। ਪਰ, ਭਾਈ ਕੁਇਰ ਜੀ ਅੜੀਅਲ ਘੋੜੀ 'ਤੇ ਬੈਠ ਕੇ ਠੀਕ-ਠਾਕ ਰਮਦਾਸ ਪਹੁੰਚ ਗਏ।

ਗੁਰਮਤਿ

ਪ੍ਰਭੂ-ਪਿਤਾ ਬੇ-ਪਰਵਾਹ ਹੈ, ਨਿਰਵੈਰੁ ਹੈ ਅਤੇ ਉਸ ਮਾਲਿਕ ਨਾਲ ਅੰਤਰ-ਆਤਮੇ ਜੁੜ ਕੇ ਮਨੁੱਖ ਵਿੱਚ ਵੀ ਇਹ ਰੱਬੀ-ਗੁਣ ਪਰਵੇਸ਼ ਕਰ ਜਾਂਦੇ ਹਨ। ਪਰ, **ਜਿਵੇਂ ਮਾਲਿਕ-ਪ੍ਰਭੂ ਲਾ-ਪਰਵਾਹ ਨਹੀਂ ਹੈ, ਉਵੇਂ ਹੀ ਉਸ ਨਾਲ ਜੁੜਿਆ ਵਿਅਕਤੀ ਵੀ ਲਾ-ਪਰਵਾਹ ਨਹੀਂ ਹੋ ਸਕਦਾ। ਹਾਂ, ਬੇ-ਪਰਵਾਹ ਹੋ ਸਕਦਾ ਹੈ।**

4. ਬਾਬਾ ਸ੍ਰੀ ਚੰਦ, ਲਖਮੀ ਦਾਸ, ਵੇਦੀ ਵੰਸ਼ ਤੇ ਉਦਾਸੀਆਂ ਦਾ ਪ੍ਰਸੰਗ

ਅਧਿਆਇ ਛੇਵਾਂ

ਮੂਲ ਪਾਠ

ਘਰ ਕਾਲੂ ਕੇ ਜਨਮੇ ਆਈ। ਜਨਨੀ ਤ੍ਰਿਪਤਾ ਪਿਖਿ ਹਰਖਾਈ।
ਅਲਪ ਬੈਸ ਮਹਿਂ ਸੁੰਦਰ ਬੇਸ। ਜਹਿਂ ਕਹਿਂ ਦੇਤਿ ਭਏ ਉਪਦੇਸ਼ ॥9॥

ਭਾਵ : (ਪ੍ਰਭੂ ਨੇ) ਮਹਿਤਾ ਕਲਿਆਣ ਦਾਸ ਜੀ ਦੇ ਘਰ ਜਨਮ ਧਾਰਿਆ। ਮਾਤਾ ਤ੍ਰਿਪਤਾ ਜੀ ਬਹੁਤ ਪ੍ਰਸੰਨ ਹੋਏ। ਛੋਟੀ ਉਮਰ ਵਿੱਚ (ਨਾਨਕ ਜੀ ਦਾ) ਬਹੁਤ ਸੁੰਦਰ-ਰੂਪ ਸੀ। ਜਿੱਥੇ ਕਿੱਥੇ ਉਪਦੇਸ਼ ਦਿੰਦੇ ਰਹੇ।

ਗੁਰਮਤਿ

ਅਕਾਲ ਪੁਰਖੁ 'ਅਜੂਨੀ' ਹੈ। ਜਨਮ-ਮਰਨ ਤੋਂ ਰਹਿਤ ਹੈ। ਗੁਰਮਤਿ ਦਾ ਇਹ ਮੁੱਢਲਾ ਸਿਧਾਂਤ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ਹੀ (ਮੰਗਲਾਚਰਨ ਦੇ ਰੂਪ ਵਿੱਚ) ਇੰਜ ਦਰਜ ਕੀਤਾ ਹੋਇਆ ਹੈ :

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ***ਅਜੂਨੀ*** *ਸੈਭੰ ਗੁਰਪ੍ਰਸਾਦਿ ॥*

ਹਮ ਤੋ ਨਹਿ ਗ੍ਰਹਸਤ ਕੋ ਕਰਿਹੀ। ਰਹੈ ਬੰਸ ਇਸ ਤੇ ਜਗ ਥਿਰਹੀ।
ਸਹਿਤ ਭਾਰਜਾ ਗਯੋ ਨ ਆਯੋ। ਅਵਿਲੋਕਤਿ ਨਰ ਗਨ ਬਿਸਮਾਯੋ ॥19॥

ਭਾਵ: (ਸ੍ਰੀ ਚੰਦ ਜੀ ਨੇ ਇਹ ਸੋਚਦੇਂ ਹੋਏ ਕਿ) ਅਸਾਂ ਨੇ ਤਾਂ ਗ੍ਰਿਹਸਤ ਮਾਰਗ ਧਾਰਨ ਨਹੀਂ ਕਰਨਾ ਹੈ। ਇਸ (ਬੱਚੇ ਧਰਮ ਚੰਦ) ਨਾਲ ਹੀ ਸਾਡਾ ਵੰਸ਼ ਕਾਇਮ ਰਹੇਗਾ। ਲੱਖਮੀ ਦਾਸ ਪਤਨੀ ਨੂੰ ਲੈ ਕੇ ਚਲਾ ਗਿਆ। ਉਹ ਮੁੜ ਕੇ ਨਹੀਂ ਸੀ ਆਇਆ। ਸਾਰੇ ਲੋਕ ਇਹ ਵੇਖ ਕੇ ਹੈਰਾਨ ਹੋਏ।

ਗੁਰਮਤਿ

1. ਜੰਮਣਾ ਜਾਂ ਮਰਨਾ ਪ੍ਰਭੂ-ਪਿਤਾ ਦੇ ਹੁਕਮ ਅਨੁਸਾਰ ਹੁੰਦਾ ਹੈ, ਕਿਸੇ ਮਨੁੱਖ ਦੀ

ਆਪਣੀ ਮਰਜ਼ੀ ਅਨੁਸਾਰ ਨਹੀਂ। ਪੰਜ-ਭੂਤਕ ਸਰੀਰ ਵੀ ਇਸ ਤਰ੍ਹਾਂ ਅਲੋਪ ਨਹੀਂ ਹੋ ਸਕਦਾ ਜਿਵੇਂ ਕਿ ਉੱਪਰ ਦਰਸਾਇਆ ਗਿਆ ਹੈ (ਇਨ੍ਹਾਂ ਕਾਵਿ ਸਤਰਾਂ 'ਚ)।

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥ (ਮ:1, 472)

ਭਾਵ: ਜੀਵ ਦਾ ਜੰਮਣਾ ਮਰਨਾ ਪ੍ਰਭੂ-ਪਿਤਾ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ ਅਤੇ ਉਸ ਮਾਲਿਕ ਪ੍ਰਭੂ ਦੇ ਹੁਕਮ ਅਨੁਸਾਰ ਹੀ ਜੀਵ ਸੰਸਾਰ ਵਿੱਚ ਆਉਂਦਾ ਹੈ ਅਤੇ (ਸਵਾਸਾਂ ਦੀ ਪ੍ਰਭੂ ਵੱਲੋਂ ਮਿਲੀ ਪੂੰਜੀ ਸਮਾਪਤ ਕਰ ਕੇ) ਇਥੋਂ ਚਲਾ ਜਾਂਦਾ ਹੈ।

2. ਗ੍ਰਿਹਸਥੀ ਜੀਵਨ ਪ੍ਰਭੂ-ਪਿਤਾ ਦੀ ਕੁਦਰਤਿ ਦੇ ਨਿਯਮਾਂ ਦੇ ਅਨੁਕੂਲ ਹੈ। ਗ੍ਰਿਹਸਤੀ ਜੀਵਨ ਤੋਂ ਭਗੌੜੇ ਹੋਣਾ ਕਾਦਿਰ ਦੀ ਕੁਦਰਤਿ ਦੇ ਨਿਯਮਾਂ ਦੀ ਉਲੰਘਣਾ ਕਰਨਾ ਹੈ ਅਤੇ ਗੁਰਮਤਿ ਫ਼ਲਸਫ਼ਾ ਇਸ ਨੂੰ ਪਰਵਾਨ ਨਹੀਂ ਕਰਦਾ।

ਗੋਦੜੀਆ ਸੇਵਕ ਰਹਿ ਨਾਲੇ। ਤਿਸ ਕੇ ਕੰਧ ਚਢਹਿੰ ਜਬ ਚਾਲੇਂ।
ਨਾਹਿੰ ਤੋ ਟਿਕੇ ਰਹੈਂ ਨਿਜ ਥਾਨ। ਸਦਾ ਲਗਾਏ ਰਾਖਹਿੰ ਧਯਾਨ॥23॥

ਭਾਵ: ਇੱਕ 'ਗੋਦੜੀਆ' ਨਾਮੀ ਸੇਵਕ, ਬਾਬਾ ਸ੍ਰੀ ਚੰਦ ਜੀ ਦੇ ਪਾਸ ਰਹਿੰਦਾ ਸੀ। ਬਾਬਾ ਜੀ ਜਦ ਵੀ ਕਿਸੇ ਥਾਂ ਜਾਂਦੇ ਤਾਂ ਉਸ ਦੇ ਮੋਢਿਆਂ ਉੱਤੇ ਹੀ ਚੜ੍ਹ ਕੇ ਜਾਂਦੇ। ਨਹੀਂ ਤਾਂ ਆਪਣੇ ਸਥਾਨ 'ਤੇ ਹੀ ਟਿਕੇ ਰਹਿੰਦੇ ਸਨ। ਸਦਾ (ਪ੍ਰਭੂ ਦੇ) ਧਿਆਨ ਵਿੱਚ ਹੀ ਬਿਰਤੀ ਲਗਾਈ ਰਖਦੇ ਸਨ।

ਗੁਰਮਤਿ

ਇਹ ਗੱਲਾਂ ਗੁਰਮਤਿ ਫ਼ਲਸਫ਼ੇ ਨਾਲ ਮੇਲ ਨਹੀਂ ਖਾਂਦੀਆਂ (ਕਿ ਇੱਕ ਮਨੁੱਖ ਕਿਸੇ ਦੂਜੇ ਮਨੁੱਖ ਦੀ ਸਵਾਰੀ ਕਰ ਕੇ ਆਵੇ ਜਾਵੇ, ਜਦੋਂ ਕਿ ਉਸ ਵਕਤ ਸਵਾਰੀ ਦੇ ਹੋਰ ਸਾਧਨ ਵੀ ਉਪਲੱਬਧ ਸਨ)। ਇਹ ਹਾਸੋ-ਹੀਣੀਆਂ ਤੇ ਗ਼ੈਰ-ਕੁਦਰਤੀ ਗੱਲਾਂ ਹਨ। ਇਸ ਲਈ ਗੁਰਮਤਿ ਫ਼ਲਸਫ਼ੇ ਅੰਦਰ ਪਰਵਾਨ ਨਹੀਂ ਹਨ।

ਕੁਲਹਿ ਉਤਾਰ ਤਬਹਿ ਨਿਜ ਸਿਰ ਤੇ। ਤਿਨ ਕੇ ਸੀਸ ਧਰੀ ਨਿਜ ਕਰ ਤੇ।
ਆਪਨ ਸਥਾਨ ਥਾਪ ਕਰਿ ਆਪ। ਕੀਰਤਿ ਭਏ ਦੀਰਘ ਪਰਤਾਪ॥43॥

ਭਾਵ : ਉਸ ਵੇਲੇ ਸ੍ਰੀਚੰਦ ਜੀ ਨੇ ਆਪਦੇ ਸੀਸ ਤੋਂ ਲੰਮੀ ਟੋਪੀ ਉਤਾਰ ਕੇ, ਆਪਣੇ ਹੱਥਾਂ ਨਾਲ ਉਨ੍ਹਾਂ (ਬਾਬਾ ਗੁਰਦਿੱਤਾ ਜੀ) ਦੇ ਸਿਰ 'ਤੇ ਟਿਕਾ ਦਿੱਤੀ ਸੀ। ਇਸ ਤਰ੍ਹਾਂ, ਆਪ ਹੀ, ਆਪਣੀ ਗੱਦੀ 'ਤੇ ਉਨ੍ਹਾਂ ਨੂੰ ਥਾਪ ਕੇ ਬਹੁਤ ਵੱਡਾ ਪਰਤਾਪ ਕਰ ਗਏ।

ਸ੍ਰੀ ਬਾਬਾ ਗੁਰਦਿੱਤਾ ਫੇਰ। ਸਰਬ ਰੀਤਿ ਤੇ ਭਏ ਬਡੇਰ।
ਇਨ ਕੇ ਸਿਖ ਭੇ ਚਾਰ ਅਗਾਰੀ। ਜਿਨਹੁ ਬੈਠ ਕੀਨਸਿ ਤਪ ਭਾਰੀ॥44॥

ਭਾਵ: ਫਿਰ ਬਾਬਾ ਗੁਰਦਿੱਤਾ ਜੀ ਹਰ ਰੀਤੀ ਅਨੁਸਾਰ ਵਡਿਆਈ ਵਾਲੇ ਹੋਏ। ਅੱਗੇ ਜਾ ਕੇ ਉਨ੍ਹਾਂ ਦੇ ਚਾਰ ਚੇਲੇ ਹੋਏ, ਜਿਨ੍ਹਾਂ ਬੈਠ ਕੇ ਭਾਰੀ ਤਪ ਕੀਤਾ।

ਦੋਹਰਾ

ਬਾਲੂ ਹਸਨਾ, ਫੂਲ ਪੁਨਿ, ਗੋਂਦਾ ਅਰੁ ਅਲਮਸਤ।
ਮੁੱਖ ਉਦਾਸੀ ਇਹ ਭਏ ਬਹੁਰੋ ਸਾਧ ਸਮੱਸਤ ॥45॥

ਭਾਵ: ਬਾਲੂ ਹਸਨ, ਫੂਲ, ਗੋਂਦਾ ਅਤੇ ਅਲਮਸਤ, ਬਾਅਦ ਵਿੱਚ ਇਹ ਸਾਰੇ ਸਾਧੂ, ਉਦਾਸੀ ਪੰਥ ਦੇ ਮੁੱਖੀ ਹੋਏ।

ਚੌਪਈ

ਤਿਨ ਤੇ ਬਿਦਤਯੋ ਪੰਥ ਉਦਾਸੀ। ***ਲਾਖਹੁ ਭਏ ਕਰਹਿਂ ਤਪ ਰਾਸੀ।***
ਸ੍ਰੀ ਨਾਨਕ ਕੇ ਅਸ ਜੁਗ ਨੰਦਨ। ਕਵਿ ਸੰਤੋਖ ਸਿੰਘ ਠਾਨਤਿ ਬੰਦਨ ॥46॥

ਭਾਵ: ਇਨ੍ਹਾਂ (ਸ੍ਰੀਚੰਦ ਜੀ) ਤੋਂ ਉਦਾਸੀ ਪੰਥ ਪਰਗਟ ਹੋਇਆ, ਅੱਗੇ ਲੱਖਾਂ ਚੇਲੇ ਹੋਏ, ਜੋ ਭਾਰੀ ਤਪ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਦੇ ਇਸ ਤਰ੍ਹਾਂ ਦੇ ਦੋਹਾਂ-ਪੁੱਤਰਾਂ ਨੂੰ ਕਵੀ ਸੰਤੋਖ ਸਿੰਘ ਨਮਸਕਾਰ ਕਰਦਾ ਹੈ।

ਗੁਰਮਤਿ

ਗੁਰੂ ਨਾਨਕ ਸਾਹਿਬ ਦੇ ਦੋਹਾਂ ਪੁੱਤਰਾਂ ਨੂੰ ਹੀ, ਗੁਰਮਤਿ-ਵਿਰੋਧੀ ਅਨਸਰਾਂ ਨੇ, ਗੁਰੂ ਨਾਨਕ ਸਾਹਿਬ ਦੀਆਂ ਲੰਮੇ ਸਮੇਂ ਦੀਆਂ ਪ੍ਰਚਾਰ ਫੇਰੀਆਂ ਦੌਰਾਨ (ਗੁਰੂ ਸਾਹਿਬ ਦੀ ਘਰੋਂ ਲੰਮੀ ਗ਼ੈਰ-ਹਾਜ਼ਰੀ ਦਾ ਨਾਜਾਇਜ਼ ਫਾਇਦਾ ਉਠਾ ਕੇ) ਗੁਮਰਾਹ ਕਰ ਕੇ ਗੁਰਮਤਿ ਗਾਡੀਰਾਹ ਤੋਂ ਭਟਕਾ ਲਿਆ ਸੀ। ਅਜਿਹਾ ਇਸ ਕਰ ਕੇ ਕੀਤਾ ਗਿਆ ਸੀ ਕਿ 'ਮਨੁੱਖਤਾ ਦੀ ਬਰਾਬਰਤਾ' ਨੂੰ ਮਾਨਤਾ ਦੇਣ ਵਾਲਾ ਸਰਬ-ਸਾਂਝਾ ਗੁਰਮਤਿ ਫ਼ਲਸਫ਼ਾ ਸੰਸਾਰ ਵਿੱਚ (ਗੁਰੂ ਜੀ ਦੇ ਪੁੱਤਰਾਂ ਰਾਹੀਂ) ਵਿਕਾਸ ਨਾ ਕਰ ਸਕੇ ਅਤੇ ਮਨੁੱਖੀ ਸਮਾਜ ਵਿੱਚ ਜਾਤ-ਪਾਤ ਤੇ ਊਚ-ਨੀਚ ਦੀਆਂ ਵੰਡੀਆਂ ਪਾ ਕੇ ਮਨੁੱਖਤਾ ਦਾ ਸ਼ੋਸ਼ਨ ਕੀਤਾ ਜਾ ਸਕੇ।

ਉਦਾਸੀ-ਮੱਤ ਗੁਰਮਤਿ ਫ਼ਲਸਫ਼ੇ ਤੋਂ ਹੀ ਆਕੀ ਹੈ। ਫਿਰ, ਉਦਾਸੀ-ਮੱਤ ਨੂੰ ਸਿੱਖ ਕੌਮ ਦਾ ਅੰਗ ਕਿਸ ਆਧਾਰ 'ਤੇ ਪਰਵਾਨ ਕੀਤਾ ਜਾ ਸਕਦਾ ਹੈ ? ਅਜਿਹਾ ਗੁਮਰਾਹਕੁਨ ਪ੍ਰਚਾਰ (ਗੁਰੂ ਨਾਨਕ ਸਾਹਿਬ ਦੇ ਵਕਤ ਤੋਂ ਹੀ) ਮਾਨਵ-ਵਿਰੋਧੀ ਧਿਰਾਂ (ਹਾਕਮ-ਪੁਜਾਰੀ-ਸਰਮਾਏਦਾਰ ਦੀ ਖ਼ੁਦਗਰਜ਼ ਤਿੱਕੜੀ) ਵੱਲੋਂ ਇੱਕ ਸੋਚੀ-ਸਮਝੀ ਸਾਜਿਸ਼ ਅਧੀਨ ਕੀਤਾ ਜਾਂਦਾ ਰਿਹਾ ਹੈ, ਕੀਤਾ ਜਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਕੀਤਾ ਜਾਵੇਗਾ। ਭਲਾ ਕਿਉਂ ? ਕਿਉਂਕਿ, ਜੇਕਰ ਕਾਦਿਰ ਦੀ ਕੁਦਰਤਿ ਦੇ ਅਟੱਲ ਰੱਬੀ-ਨਿਯਮਾਂ (ਗੁਰਮਤਿ ਸਿਧਾਂਤਾਂ) 'ਤੇ ਆਧਾਰਤ ਮਨੁੱਖੀ ਬਰਾਬਰਤਾ ਦਾ ਉਪਦੇਸ਼ ਦ੍ਰਿੜ

ਕਰਵਾਉਣ ਵਾਲਾ ਗੁਰਮਤਿ ਫ਼ਲਸਫ਼ਾ ਸੰਸਾਰ ਵਿੱਚ ਵੱਡੇ ਪੱਧਰ ’ਤੇ ਲਾਗੂ ਹੋ ਗਿਆ ਤਾਂ ਸਮਾਜ ਵਿੱਚ ਊਚ-ਨੀਚ ਦੀਆਂ ਵੰਡੀਆਂ ਪਾ ਕੇ ਜੀਵਤ ਰਹਿਣ ਵਾਲੀਆਂ ਮਾਨਵ-ਵਿਰੋਧੀ ਧਿਰਾਂ ਹੀਰੋ ਤੋਂ ਜ਼ੀਰੋ ਬਣ ਜਾਣਗੀਆਂ। ਇਸੇ **ਸਾਜਿਸ਼ ਅਧੀਨ ਹੀ, ਸਿੱਖ ਕੌਮ ਅੰਦਰ ਭਾਂਤ-ਭਾਂਤ ਦੀਆਂ ਸੰਪਰਦਾਵਾਂ, ਟਕਸਾਲਾਂ, ਡੇਰੇ ਤੇ ਠਾਂਠਾਂ ਸਥਾਪਤ ਕਰਨ ਦੇ ਯਤਨ ਹੁੰਦੇ ਆ ਰਹੇ ਹਨ, ਹਾਲਾਂਕਿ ਗੁਰਮਤਿ ਫ਼ਲਸਫ਼ੇ ਅਨੁਸਾਰ ਸਿੱਖੀ ਇੱਕੋ ਕਿਸਮ ਦੀ ਹੀ ਹੈ ਅਤੇ ਉਹ ਹੈ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਸਰਬ-ਸਾਂਝੇ, ਸਦੀਵਕਾਲੀ ਉਪਦੇਸ਼ਾਂ ਦੀ ਪਾਲਣਾ ਕਰਨਾ।** ਸ਼ਬਦ-ਗੁਰੂ ਅਨੁਸਾਰ ਸਿੱਖ ਦੀ ਪ੍ਰੀਭਾਸ਼ਾ ਇੰਜ ਹੈ -

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾਂ ਖਾਵੈ॥ (ਮ: 3, 601)

ਭਾਵ: ਹੇ ਭਾਈ! ਉਹੀ ਮਨੁੱਖ, ਗੁਰੂ (ਸ਼ਬਦ-ਗੁਰੂ) ਦਾ ਸਿੱਖ ਹੈ, ਗੁਰੂ ਦਾ ਮਿੱਤਰ ਹੈ, ਗੁਰੂ ਦਾ ਰਿਸ਼ਤੇਦਾਰ ਹੈ, ਜਿਹੜਾ ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੋਇਆ, ਪ੍ਰਭੂ-ਪਿਤਾ ਦੀ ਰਜ਼ਾ ਵਿੱਚ ਚੱਲਣ (ਹੁਕਮਿ ਰਜਾਈ ਚੱਲਣ) ਦਾ ਯਤਨ ਕਰਦਾ ਹੈ। ਪਰ, ਜਿਹੜਾ ਮਨੁੱਖ ਆਪਣੀ ਮਰਜ਼ੀ (ਮਨ ਦੀ ਮੱਤ) ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਹ ਪ੍ਰਭੂ-ਪਿਤਾ ਤੋਂ (ਆਤਮਿਕ ਪੱਖ ਤੋਂ) ਵਿੱਛੜ ਕੇ (ਵਿਸ਼ੇ-ਵਿਕਾਰਾਂ ਦੀਆਂ) ਚੋਟਾਂ ਸਹਾਰਦਾ ਹੋਇਆ ਦੁੱਖ ਪਾਉਂਦਾ ਹੈ।

ਇਸ ਨੂੰ ਮਾਨਵ-ਵਿਰੋਧੀ ਧਿਰਾਂ ਦੀ ਸਾਜਿਸ਼ ਦਾ ਚਮਤਕਾਰ ਹੀ ਕਿਹਾ ਜਾ ਸਕਦਾ ਹੈ ਕਿ ਅੱਜ ਸਿੱਖ ਕੌਮ ਦਾ ਵੱਡਾ ਹਿਸਾ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੀ ਸੋਝੀ ਤੋਂ ਸੱਖਣਾ ਹੈ। ਇਹੀ ਕਾਰਨ ਹੈ ਕਿ ਅੱਜ ਡੇਰਿਆਂ ਦੇ ਸਿੱਖ, ਟਕਸਾਲਾਂ ਦੇ ਸਿੱਖ, ਠਾਠਾਂ (ਨਾਨਕ ਸਰੀਏ) ਦੇ ਸਿੱਖ, ਸੰਪਰਦਾਵਾਂ (ਕੂਕੇ, ਨਾਨਕ ਸਰੀਏ, ਟਕਸਾਲੀ, ਕਬੀਰ-ਪੰਥੀਏ, ਰਵਿਦਾਸੀਏ, ਬਾਲਮੀਕੀਏ, ਗੋਬਿੰਦ ਸਦਨੀਏ, ਅਸ਼ੂਤੋਸ਼ੀਏ, ਭਨਿਆਰੀਏ, ਸੱਚਾ-ਸੌਦੀਏ, ਨੀਲਧਾਰੀਏ, ਰਾਧਾ ਸੁਆਮੀਏ ਆਦਿ) ਦੇ ਸਿੱਖ, ਜਥਿਆਂ ਦੇ ਸਿੱਖ, ਨਕਲੀ ਸੰਤ-ਬਾਬਿਆਂ ਦੇ ਸਿੱਖ, ਸਹਿਜਧਾਰੀ ਸਿੱਖ ਆਦਿ ਤਾਂ ਬਹੁਤ ਗਿਣਤੀ ਵਿੱਚ ਮਿਲ ਜਾਂਦੇ ਹਨ, ਪਰ, ਸ਼ਬਦ-ਗੁਰੂ ਦੇ ਸਿੱਖ ਐਨਕ ਲਾ ਕੇ ਲੱਭਣੇ ਪੈਂਦੇ ਹਨ। ਅੱਜ ਰੋਡੇ-ਭੋਡੇ (ਕਲੀਨਸ਼ੇਵ) ਵੀ ਸਿੱਖ ਹੋਣ ਦਾ ਦਾਅਵਾ ਕਰਦੇ ਫਿਰਦੇ ਹਨ। ਸਦ ਅਫ਼ਸੋਸ!

ਸਪੱਸ਼ਟ ਹੈ ਕਿ ਜਿਹੜਾ ਵਿਅਕਤੀ ਸਤਿਗੁਰਾਂ ਵੱਲੋਂ ਨਿਰਧਾਰਤ ਕੀਤੀ ਉੱਪਰਲੇ ਗੁਰਵਾਕ ਵਿਚਲੀ ਪ੍ਰੀਭਾਸ਼ਾ ’ਤੇ ਖਰਾ ਨਹੀਂ ਉਤਰਦਾ, ਉਹ ਸਿੱਖ ਨਹੀਂ ਹੈ, ਹੋਰ ਜੋ ਕੁੱਝ ਮਰਜ਼ੀ ਬਣਿਆ ਫਿਰੇ। ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ‘ਉਦਾਸੀ ਪੰਥ’ ਸਿੱਖ ਕੌਮ ਦਾ ਅੰਗ ਨਹੀਂ ਹੈ। ਉਦਾਸੀ-ਮੱਤ (ਜੋ ਕਿ

'ਜੋਗ-ਮਤਿ' ਦੀ ਇੱਕ ਸੰਪਰਦਾ ਹੈ) ਨੂੰ ਗੁਰਮਤਿ ਫ਼ਲਸਫ਼ਾ ਪਰਵਾਨ ਨਹੀਂ ਕਰਦਾ। ਫਿਰ, 'ਗੁਰੂ ਨਾਨਕ ਜੋਤਿ' ਦੇ ਛੇਵੇਂ ਸਰੂਪ (ਗੁਰੂ ਹਰਿਗੋਬਿੰਦ ਸਾਹਿਬ) ਆਪਣੇ ਵੱਡੇ ਪੁੱਤਰ ਭਾਈ ਗੁਰਦਿੱਤਾ ਜੀ ਨੂੰ ਉਦਾਸੀ-ਮੱਤ ਦਾ ਉਤਰਾਧਿਕਾਰੀ ਥਾਪਣ ਲਈ ਸਹਿਮਤੀ ਕਿਵੇਂ ਦੇ ਸਕਦੇ ਸਨ? ਨਿਰਸੰਦੇਹ, ਸਿੱਖ-ਇਤਿਹਾਸ ਨਾਲ ਅਜਿਹੀ ਛੇੜ-ਛਾੜ ਗੁਰਮਤਿ-ਵਿਰੋਧੀ ਅਨਸਰਾਂ ਨੇ ਹੀ ਕੀਤੀ ਹੈ ਅਤੇ ਗੁਰਮਤਿ ਫ਼ਲਸਫੇ ਦੀ ਸਿਧਾਂਤਕ ਸਪੱਸ਼ਟਤਾ ਨਾ ਰੱਖਣ ਵਾਲੇ ਪ੍ਰਚਾਰਕ ਅਜਿਹੀਆਂ ਘਟਨਾਵਾਂ ਨੂੰ ਹੀ ਗੁਰ-ਇਤਿਹਾਸ ਦੇ ਲੇਬਲ ਹੇਠ ਪ੍ਰਚਾਰਦੇ ਆ ਰਹੇ ਹਨ। **'ਹਠ-ਜੋਗ' ਵਾਲੇ ਜਪਾਂ-ਤਪਾਂ ਦਾ ਵੀ ਗੁਰਮਤਿ ਫ਼ਲਸਫ਼ੇ ਅੰਦਰ ਕੋਈ ਵਿਧਾਨ ਨਹੀਂ ਹੈ।**

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ ਰਹਾਉ ॥
(ਮ:੫, ੨੧੬)

ਭਾਵ : (ਹੇ ਭਾਈ!) ਪਰਮਾਤਮਾ ਦੇ ਸਿਮਰਨ (ਹੁਕਮਿ ਰਜਾਈ ਚੱਲਣ) ਤੋਂ ਬਿਨਾਂ ਹੋਰ ਸਾਰੇ (ਮਿਥੇ ਹੋਏ ਧਾਰਮਿਕ) ਕੰਮ ਵਿਅਰਥ ਹਨ। (ਦੇਵਤਿਆਂ ਨੂੰ ਪ੍ਰਸੰਨ ਕਰਨ ਵਾਲੇ) ਜਪ ਕਰਨੇ, ਤਪ ਸਾਧਣੇ (ਭੋਰਿਆਂ 'ਚ ਬੈਠ ਕੇ ਸਮਾਧੀਆਂ ਲਾਉਣੀਆਂ) ਇੰਦ੍ਰੀਆਂ ਨੂੰ ਰੋਕਣ ਲਈ ਹਠ-ਜੋਗ ਦੇ ਸਾਧਨ ਕਰਨੇ, ਇਹ ਸਾਰੇ (ਪ੍ਰਭੂ ਦੀ ਦਰਗਾਹ ਤੋਂ) ਉਰੇ-ਉਰੇ ਹੀ ਖੋਹ ਲਏ ਜਾਂਦੇ ਹਨ (ਭਾਵ, ਗੁਰਮਤਿ ਫ਼ਲਸਫ਼ੇ ਅਨੁਸਾਰ ਇਹ ਸਾਰੇ ਫ਼ੋਕਟ ਕਰਮ ਹਨ)।

ਗੁਰੂ ਨਾਨਕ ਸਾਹਿਬ ਦੇ ਪੁੱਤਰਾਂ ਬਾਰੇ ਸ਼ਬਦ-ਗੁਰੂ ਦਾ ਫ਼ੁਰਮਾਣੁ ਹੈ -

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ ॥
ਦਿਲਿ ਖੋਟੇ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨਿ ਛਟੀਐ ॥
(ਵਾਰ ਰਾਮਕਲੀ, ੯੬੭)

ਪਦ-ਅਰਥ

ਪੁਤ੍ਰੀ-ਪੁੱਤਰਾਂ ਨੇ। ਕਉਲੁ-ਬਚਨ, ਹੁਕਮ। ਨ ਪਾਲਿਓ-ਨਹੀਂ ਮੰਨਿਆਂ। ਕੰਨ੍ਹ-ਮੋਢੇ। ਕਰਿ ਕੰਨ੍ਹ-ਮੂੰਹ ਮੋੜ ਕੇ (ਬੇ-ਮੁੱਖ ਹੋ ਕੇ) ਪਿੱਠ ਕਰ ਕੇ। ਪੀਰਹੁ-ਪੀਰ ਵੱਲੋਂ (ਸਤਿਗੁਰੂ ਜੀ ਵੱਲੋਂ)। ਮੁਰਟੀਐ-ਮੋੜਦੇ ਰਹੇ। ਦਿਲਿ ਖੋਟੇ-ਖੋਟਾ ਦਿਲ ਹੋਣ ਕਾਰਨ। ਆਕੀ ਫਿਰਨ੍ਹਿ-(ਜੋ) ਆਕੀ (ਬਾਗ਼ੀ) ਫਿਰਦੇ ਹਨ। ਬੰਨ੍ਹਿ-ਬੰਨ੍ਹ ਕੇ। ਉਚਾਇਨਿ-ਚੁੱਕਦੇ ਹਨ, ਸਹਾਰਦੇ ਹਨ। ਭਾਰੁ ਛਟੀਐ-ਛੱਟ ਦਾ ਭਾਰ।

ਭਾਵ : ਸਤਿਗੁਰੂ (ਗੁਰੂ ਨਾਨਕ ਸਾਹਿਬ) ਦੇ ਪੁੱਤਰਾਂ ਨੇ ਬਚਨ ਨਾ ਮੰਨਿਆ। ਉਹ ਗੁਰੂ ਵੱਲ ਪਿੱਠ ਦੇ ਕੇ ਹੀ (ਹੁਕਮ) ਮੋੜਦੇ ਰਹੇ। ਜੋ ਲੋਕ ਖੋਟਾ ਦਿਲ ਹੋਣ ਕਾਰਨ (ਗੁਰੂ ਵੱਲੋਂ) ਆਕੀ ਹੋਏ ਫਿਰਦੇ ਹਨ, ਉਹ ਲੋਕ (ਦੁਨੀਆਂ ਦੇ ਧੰਧਿਆਂ ਦੀ ਬੇਕਾਰ) ਛੱਟ ਦਾ ਭਾਰ ਬੰਨ੍ਹ ਕੇ ਚੁੱਕੀ ਰਖਦੇ ਹਨ। **ਗੁਰੂ ਨਾਨਕ ਸਾਹਿਬ ਦੇ ਫ਼ਲਸ਼ਫ਼ੇ ਤੋਂ ਬਾਗ਼ੀ ਹੋਏ**

ਅਜਿਹੇ ਗੁਰੂ-ਪੁੱਤਰਾਂ ਨੂੰ ਕਵੀ ਕਿਉਂ ਸਤਿਕਾਰ ਨਾਲ ਨਮਸਕਾਰ ਕਰਦਾ ਹੈ ? ਵਿਚਾਰਨ ਵਾਲੀ ਗੱਲ ਹੈ।

ਸਾਖੀ ਦਾ ਸਾਰ - ਅਧਿਆਇ 5

ਸ੍ਰੀ ਗੁਰ ਪ੍ਰਤਾਪ ਸੂਰਜ ਦੇ ਅਧਿਆਏ 5 ਵਿੱਚ ਇਸ ਗ੍ਰੰਥ ਨੂੰ ਤਿਆਰ ਕਰਨ ਲਈ ਭਾਈ ਸੰਤੋਖ ਸਿੰਘ ਜੀ ਵੱਲੋਂ ਇਕੱਠੀ ਕੀਤੀ ਸਮੱਗਰੀ ਬਾਰੇ ਜ਼ਿਕਰ ਕੀਤਾ ਹੈ। ਸਭ ਤੋਂ ਪਹਿਲਾਂ ਭਾਈ ਮਨੀ ਸਿੰਘ ਜੀ ਵੱਲੋਂ ਵਰਣਨ ਕੀਤੇ ਪ੍ਰਸੰਗ ਪ੍ਰਾਪਤ ਕੀਤੇ, ਕਈ ਪ੍ਰਸੰਗ ਸਿੱਖਾਂ ਦੇ ਮੂੰਹਾਂ ਤੋਂ ਸੁਣੇ ਸਨ। ਕਵੀ ਨੇ ਜਿਵੇਂ ਪਹਿਲਾਂ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿਖਿਆ ਸੀ, ਉਵੇਂ ਹੀ ਕਵੀ ਦੀ, ਬਾਕੀ ਦੇ ਨੌਂ ਗੁਰੂ ਸਾਹਿਬਾਨਾਂ ਬਾਰੇ ਲਿਖਣ ਦੀ ਵੀ ਇੱਛਾ ਸੀ। ਫੇਰ ਕਵੀ, ਭਾਈ ਸੰਤੋਖ ਸਿੰਘ ਜੀ ਨੂੰ ਕੈਥਲ ਆਉਂਣਾ ਪਿਆ, ਇੱਥੇ ਰਹਿ ਕੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਜਪੁ ਜੀ ਸਾਹਿਬ ਦੇ ਅਰਥ ਕੀਤੇ, ਫੇਰ ਬਾਲਮੀਕ ਦੁਆਰਾ ਰਚੀ ਰਾਮਕਥਾ ਸੁਣੀ ਜੋ ਸਾਰੀ ਛੰਦਾਂ ਵਿੱਚ ਰਚ ਦਿੱਤੀ। ਫੇਰ ਵੇਦਾਂਤ ਦੇ ਮਹਾਨ ਗ੍ਰੰਥ ਅਤੇ ਉਪਨਿਸ਼ਦਾਂ ਦੀ ਵਿਆਖਿਆ ਕਰ ਕੇ 'ਆਤਮ-ਪੁਰਾਣ' ਨਾਮੀ ਗ੍ਰੰਥ ਤਿਆਰ ਕੀਤਾ। ਇਸ ਦੌਰਾਨ ਕਵੀ ਨੂੰ ਸਾਰੇ ਗੁਰੂ ਸਾਹਿਬਾਨ ਦੀ ਉਪਮਾ ਬਾਰੇ ਗੁਰ-ਇਤਿਹਾਸ ਪ੍ਰਾਪਤ ਹੋ ਗਿਆ। ਰਾਮਕੁਇਰ ਜੀ ਵੱਲੋਂ ਉਚਾਰੀ ਕਥਾ ਦੇ ਆਧਾਰ 'ਤੇ ਕਵੀ ਵਰਣਨ ਕਰ ਰਿਹਾ ਹੈ ਕਿ ਕਲਗੀਧਰ ਪਿਤਾ ਵੱਲੋਂ ਵਿਛੜਨ ਤੋਂ ਪਹਿਲਾਂ, ਰਾਮਕੁਇਰ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਹਰ ਰੋਜ਼ ਦਰਸ਼ਨ ਕਰਨਾ ਚਾਹੁੰਦਾ ਹੈ ਤਾਂ ਗੁਰੂ ਜੀ ਨੇ ਕਿਹਾ ਕਿ ਉਸ ਨੂੰ ਸ਼ਿਕਾਰ ਕਰਨ ਵੇਲੇ ਉਨ੍ਹਾਂ ਦੇ ਦਰਸ਼ਨ ਹੋ ਜਾਇਆ ਕਰਨਗੇ। ਇਵੇਂ ਭਾਈ ਕੁਇਰ ਜੀ ਰੋਜ਼ ਸ਼ਿਕਾਰ ਖੇਡਣ ਜਾਂਦੇ ਅਤੇ ਗੁਰੂ ਜੀ ਦੇ ਦਰਸ਼ਨ ਪ੍ਰਾਪਤ ਕਰ ਲੈਂਦੇ।....ਗੁਰੂ ਜੀ ਦੇ ਜੋਤੀ-ਜੋਤਿ ਸਮਾਉਂਣ ਤੋਂ ਉਪਰੰਤ, ਰਾਮਕੁਇਰ ਜੀ ਦੇ ਦਰਸ਼ਨ ਕਰਨ ਲਈ ਕੁੱਝ ਸਿੰਘ ਆਏ ਤੇ ਉਨ੍ਹਾਂ ਨੇ ਭਾਈ ਰਾਮਕੁਇਰ ਜੀ ਨੂੰ ਬੇਨਤੀ ਕੀਤੀ ਕਿ ਜੋ ਉਨ੍ਹਾਂ ਨੇ ਗੁਰੂ ਜੀ ਦੀ ਉਪਮਾ ਆਪਣੀ ਅੱਖੀਂ ਵੇਖੀ-ਸੁਣੀ ਹੈ, ਉਹ ਸੁਣਾਉਂਣ। ਜਦੋਂ ਰਾਮਕੁਇਰ ਜੀ ਨੇ ਦਸਵੇਂ ਪਾਤਿਸ਼ਾਹ ਦੇ ਕੌਤਕ ਵਰਣਨ ਕਰਨੇ ਸ਼ੁਰੂ ਕੀਤੇ ਤਾਂ ਸਿੱਖਾਂ ਨੇ ਬੇਨਤੀ ਕੀਤੀ ਕਿ ਉਹ ਪਹਿਲਾਂ ਅੱਠ ਗੁਰੂ ਸਾਹਿਬਾਨ ਦੇ ਪ੍ਰਸੰਗ, ਜਿਵੇਂ-ਜਿਵੇਂ ਜਗਤ ਵਿੱਚ ਵਾਪਰੇ ਸਨ, ਉਹ ਸੁਣਾਉਂਣ ਤੇ ਫੇਰ ਦਸਮ ਗੁਰੂ ਜੀ ਦੇ ਸ੍ਰੇਸ਼ਟ-ਚਰਿਤਰ ਦਾ ਵਰਣਨ ਕਰਨ। ਸਿੱਖਾਂ ਦੀ ਅਜਿਹੀ ਬੇਨਤੀ ਸੁਣ ਕੇ ਭਾਈ ਰਾਮਕੁਇਰ ਜੀ ਨੇ ਸਾਰੇ ਗੁਰੂ ਸਾਹਿਬਾਨ ਦੀ ਕਥਾ ਲਿਖਵਾਉਂਣ ਲਈ ਭਾਈ ਸਾਹਿਬ ਸਿੰਘ ਨੂੰ ਨਾਲ ਲਾ ਲਿਆ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਭਾਈ ਵੀਰ ਸਿੰਘ ਅਨੁਸਾਰ 'ਸ੍ਰੀ ਗੁਰ ਨਾਨਕ ਪ੍ਰਕਾਸ਼' ਦੀਆਂ ਖ਼ੂਬੀਆਂ ਤੋਂ ਜਾਣੂ ਹੋ ਕੇ ਕੈਥਲਪਤੀ ਮਹਾਰਾਜਾ ਉਦਯ (ਉਦੈ) ਸਿੰਘ ਨੇ ਕਵੀ (ਭਾਈ ਸੰਤੋਖ ਸਿੰਘ) ਨੂੰ ਕੈਥਲ ਸੱਦਿਆ। ਆਪ ਜੀ ਨੂੰ ਰਹਿਣ ਲਈ ਚੰਗਾ ਵੱਡਾ ਮਕਾਨ ਮਿਲ ਗਿਆ। ਇਸ ਦੇ ਦਰਵਾਜ਼ਿਆਂ 'ਤੇ ਇਮਾਰਤੀ ਸ਼ੇਰ ਸਨ, ਜਿਸ ਕਰ ਕੇ ਇਸ ਨੂੰ ਸ਼ੇਰਾਂ ਵਾਲੀ

ਹਵੇਲੀ ਆਖਦੇ ਹਨ। ਆਪ ਨੂੰ ਸਰਕਾਰੀ ਸਵਾਰੀ ਮਿਲਦੀ ਸੀ ਤੇ ਹਾਥੀ ਦੀ ਸਵਾਰੀ ਵੀ ਮਿਲਦੀ ਸੀ। ਰਸਦਾਂ ਵੀ ਖੁੱਲ੍ਹੀਆਂ ਲੱਗ ਗਈਆਂ ਸਨ। ਆਪ ਸਾਰੀ ਉਮਰ ਚੰਗੀ ਹਾਲਤ ਵਿੱਚ ਕੈਥਲ ਰਹੇ ਅਤੇ ਮਹਾਰਾਜਾ ਉਦਯ ਸਿੰਘ ਆਪ ਦੀ ਹਰ ਤਰ੍ਹਾਂ ਨਾਲ ਪ੍ਰਤਿਪਾਲਨਾ ਕਰਦੇ ਰਹੇ।

2. ਉਦਾਸੀ ਮੱਤ ਦੇ ਸੁਆਮੀ ਆਨੰਦਘਨ ਦੇ ਟੀਕੇ ਵਿੱਚ ਦਰਜ ਹੰਕਾਰ-ਭਰੇ ਬਚਨਾਂ ਦੇ ਪ੍ਰਤੀਕਰਮ ਵਜੋਂ 'ਜਪੁਜੀ' ਦਾ ਅਲੰਕਾਰਿਕ ਟੀਕਾ ਰਚਨ ਲਈ ਮਹਾਰਾਜਾ ਉਦਯ ਸਿੰਘ ਵੱਲੋਂ ਆਗਿਆ ਕੀਤੀ ਗਈ। ਕਵੀ ਸੰਤੋਖ ਸਿੰਘ ਨੇ ਇਹ ਟੀਕਾ 'ਗਰਬ ਗੰਜਨੀ' ਦੇ ਨਾਂ ਹੇਠਾਂ ਰਚਿਆ, ਜਿਸ ਬਾਰੇ ਅੰਕ 10 ਵਿੱਚ ਹੇਠ ਲਿਖੇ ਅਨੁਸਾਰ ਪੁਸ਼ਟੀ ਹੁੰਦੀ ਹੈ :

ਥਿਤ ਹੁਇ ਜਪਜੀ ਅਰਥ ਬਨਾਏ॥

(ਸ੍ਰੀ ਗੁਰ ਪ੍ਰ: ਸੂਰਜ ਗ੍ਰੰਥ, ਰਾਸ ਪਹਿਲੀ, ਅੰਸੂ 5)

3. ਭਾਈ ਸੰਤੋਖ ਸਿੰਘ ਜੀ ਨੇ ਬਾਲਮੀਕੀ ਰਮਾਇਣ ਦਾ ਅਨੁਵਾਦ ਸੰਮਤ 1888 ਬਿਕਰਮੀ ਵਿੱਚ ਅਰੰਭ ਕੀਤਾ, ਜੋ ਚੇਤ 1890-91 ਵਿੱਚ ਖਤਮ ਕੀਤਾ। ਜੇਠ 1891 ਵਿੱਚ ਉਨ੍ਹਾਂ ਨੂੰ ਇਸ ਕੰਮ ਦੇ ਬਦਲੇ ਇੱਕ ਪਿੰਡ, ਰਾਜੇ ਵੱਲੋਂ ਬਖ਼ਸ਼ਿਸ਼ ਹੋਇਆ :

ਸੁੰਦਰ ਸਾਦਰ ਗ੍ਰਿੰਥ ਬਨਯੋ ਪਦ ਗ੍ਰੰਥਤਿ ਨੌ ਰਸ ਗੀਤਿ ਭਲੀ।
ਰਾਮ ਕਥਾ ਸੁਨ ਗ੍ਰਾਮ ਬਿਰਾਮ ਮਹਾਂ ਮਤਿਧਾਮ ਅਨੰਦ ਫਲੀ॥
ਰੰਜਨ ਹੈ ਭ੍ਰਮ ਭੰਜਨ ਹੈ ਗਮ ਗੰਜਨ ਹੈ ਪ੍ਰਦ ਗਯਾਨ ਬਲੀ॥
ਕੈਥਲ ਨਾਥ ਪ੍ਰਸੰਨ ਭਯੋ ਪਠਿ ਗ੍ਰਾਮ ਦਯੋ ਤਬਿ ਮੋਰਥਲੀ॥੧੫॥

(ਲੰਕਾ ਕਾਂਡ, ਸਰਗ 131)

ਇਸ ਦੇ 24000 ਸਲੋਕ ਅਤੇ 647 ਸਰਗ (ਅਧਿਆਇ) ਹਨ। ਇਹ ਸੱਤ ਕਾਂਡਾਂ ਵਿੱਚ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਕਵੀ ਸੰਤੋਖ ਸਿੰਘ ਦੁਆਰਾ ਉੱਤਮ ਕਵਿਤਾ ਵਿੱਚ ਇਸ ਗ੍ਰੰਥ ਦੇ ਉਲੇਖ ਬਾਰੇ ਵੇਰਵਾ ਦਿੱਤਾ ਹੈ (ਸ੍ਰੀ ਗੁਰ ਸੂ. ਪ੍ਰਕਾਸ਼ ਗ੍ਰੰਥ, ਪ੍ਰਸਤਾਵਨਾ, ਪਹਿਲੀ ਪੋਥੀ, ਪੰਨਾ 127)

4. ਭਾਈ ਵੀਰ ਸਿੰਘ ਜੀ ਅਨੁਸਾਰ, ਭਾਈ ਸੰਤੋਖ ਸਿੰਘ ਨੇ ਹੇਠ ਲਿਖੇ ਗ੍ਰੰਥਾਂ ਦੀ ਸਮੱਗਰੀ ਤੇ ਰੀਕਾਰਡ ਦੀ ਮਦਦ ਨਾਲ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥ ਦੀ ਰਚਨਾ ਸ਼ੁਰੂ ਕੀਤੀ :-

1. ਰਮਦਾਸ ਵਾਲੀ ਸਾਖੀਆਂ (ਹੁਣ ਪ੍ਰਾਪਤ ਨਹੀਂ)।
2. 'ਸਿੱਖਾਂ' ਦੀ ਭਗਤਮਾਲਾ ਜਾਂ 'ਭਗਤ ਰਤਨਾਵਲੀ'।
3. ਸਿਖਾਂ ਦੀ ਜ਼ਬਾਨੋਂ ਸੁਣੇ ਪ੍ਰਸੰਗ।

4. ਹੋਰਨਾਂ ਥਾਵਾਂ ਤੋਂ ਜਿੱਥੇ-ਜਿੱਥੇ ਕਥਾ ਮਿਲਦੀ ਹੈ।
5. ਹੋਰਨਾਂ ਥਾਵਾਂ 'ਤੇ ਕਿਤੇ-ਕਿਤੇ ਇਤਿਹਾਸ ਰਲਿਆ ਪਿਆ ਹੈ, ਚੁਣ ਕੇ ਅਲੱਗ ਕਰ ਲੈਣਾ।
6. ਕੁੱਝ ਪ੍ਰਸੰਗ ਸੱਜਣਾਂ ਦੇ ਵੰਸ਼ਾਂ ਕੋਲੋਂ ਲਏ।
7. ਬਚਿੱਤ੍ਰ ਨਾਟਕ।
8. ਜ਼ਫ਼ਰਨਾਮਾ।
9. ਭਾਈ ਨੰਦ ਲਾਲ ਗਜ਼ਲਾਂ।
10. ਭਾਈ ਗੁਰਦਾਸ ਜੀ ਦੀ ਬਾਣੀ।
11. ਅਬਦੁੱਲਾ ਨੱਥੇ ਦੀ ਵਾਰ।
12. ਮਹਿਮਾ ਪ੍ਰਕਾਸ਼।
13. ਸੌ ਸਾਖੀ।
14. ਵਾਰਤਕ ਮਹਿਮਾ ਪ੍ਰਕਾਸ਼।
15. ਪਰਚੀਆਂ ਸੇਵਾ ਦਾਸ ਉਦਾਸੀ।
16. ਵਿਦਯਾਧਰ (ਵਿਦਯਾਸਾਗਰ) ਦੇ 62 ਪੱਤਰੇ।
17. ਗੁਰਬਿਲਾਸ ਪਾਤਿਸ਼ਾਹੀ 6।
18. ਗੁਰਬਿਲਾਸ ਪਾਤਸ਼ਾਹੀ 10ਵੀਂ ਭਾਈ ਸੁੱਖਾ ਸਿੰਘ।
19. ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਦਸਮੇਸ਼ ਜੀ ਦੇ ਮਾਲਵੇ ਦੇ ਸਫਰਾਂ ਵਾਲੀਆਂ ਸਾਖੀਆਂ ਦੀ ਪੋਥੀ।
20. ਗੁਰਬਿਲਾਸ ਭਾਈ ਵਿਸ਼ਨ ਸਿੰਘ।
21. ਕੁੱਝ ਪੱਤਰੇ।
22. ਸਿੰਘ ਸਾਗਰ-ਵੀਰ ਸਿੰਘ ਬੱਲ। (ਸ੍ਰੀ ਗੁ: ਸੂ: ਪ੍ਰਕਾਸ਼ ਗ੍ਰੰ: ਪ੍ਰਸਤਾਵਨਾ, ਪਹਿਲੀ ਪੋਥੀ, ਪੰਨਾ 178)।

ਸਾਖੀ ਦਾ ਸਾਰ - ਅਧਿਆਇ 6

ਸਿੰਘਾਂ ਦੀ ਬੇਨਤੀ ਸੁਣ ਕੇ ਭਾਈ ਰਾਮਕੁਇਰ ਜੀ ਗੁਰੂ ਸਾਹਿਬਾਨ ਦੀ ਕਥਾ ਵਰਣਨ ਕਰਨ ਲੱਗੇ। ਉਨ੍ਹਾਂ ਦੱਸਿਆ ਕਲਜੁਗ ਦੀ ਹਨ੍ਹੇਰਗਰਦੀ ਵੇਖ ਕੇ ਪਰਮੇਸ਼ਰ ਨੇ

ਜੀਵਾਂ ਦਾ ਉਧਾਰ ਕਰਨ ਹਿੱਤ, ਗੁਰੂ ਨਾਨਕ ਸਾਹਿਬ ਦੇ ਰੂਪ ਵਿੱਚ ਪਿਤਾ ਸ੍ਰੀ ਕਲਿਆਣ ਦਾਸ ਤੇ ਮਾਤਾ ਤ੍ਰਿਪਤਾ ਦੇ ਘਰ ਜਨਮ ਲਿਆ। ਉਨ੍ਹਾਂ ਦਾ ਸੋਹਣਾ ਸਰੂਪ ਸੀ। ਜਵਾਨ ਅਵੱਸਥਾ ਵਿੱਚ ਉਨ੍ਹਾਂ ਦਾ ਵਿਆਹ ਮੂਲਚੰਦ ਦੀ ਪੁੱਤਰੀ ਸੁਲੱਖਣੀ ਨਾਲ ਹੋਇਆ। ਆਪ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ। ਵੱਡੇ ਪੁੱਤਰ ਸ੍ਰੀ ਚੰਦ ਜੀ ਨੇ ਗ੍ਰਿਹਸਤੀ ਮਾਰਗ ਨਹੀਂ ਅਪਨਾਇਆ, ਛੋਟੇ ਪੁੱਤਰ ਲਖਮੀ ਦਾਸ ਗ੍ਰਿਹਸਤ ਧਾਰਨੀ ਹੋਏ ਤੇ ਉਨ੍ਹਾਂ ਦੇ ਘਰ ਧਰਮ ਚੰਦ ਨਾਮੀ ਪੁੱਤਰ ਹੋਇਆ, ਜਿਨ੍ਹਾਂ ਤੋਂ ਬੇਦੀ ਵੰਸ਼ ਅੱਗੇ ਵਧਿਆ।

ਇੱਕ ਦਿਨ ਲੱਖਮੀ ਦਾਸ ਜੀ ਸ਼ਿਕਾਰ ਖੇਡ ਕੇ ਘੋੜੇ ਦੇ ਦੋਨੋਂ ਪਾਸੀਂ ਖ਼ਰਗੋਸ਼ ਲਟਕਾ ਕੇ ਘਰ ਆਏ ਤਾਂ ਸ੍ਰੀ ਚੰਦ ਨੇ ਕਿਹਾ ਕਿ ਤੁਸੀਂ ਰੋਜ਼ਾਨਾ ਜੀਵਾਂ ਨੂੰ ਮਾਰਦੇ ਹੋ, ਤੁਹਾਨੂੰ ਇਸ ਦਾ ਅੱਗੇ ਲੇਖਾ ਦੇਣਾ ਪਵੇਗਾ। ਇਹ ਸੁਣ ਕੇ ਲਖਮੀ ਦਾਸ, ਪਤਨੀ ਤੇ ਪੁੱਤਰ ਨੂੰ ਨਾਲ ਲੈ ਕੇ ਘਰੋਂ ਨਿਕਲਣ ਲਈ ਘੋੜੇ 'ਤੇ ਸਵਾਰ ਹੋ ਗਏ। ਪਰ, ਸ੍ਰੀ ਚੰਦ ਨੇ ਪੁੱਤਰ ਧਰਮ ਚੰਦ ਨੂੰ ਘੋੜੇ ਤੋਂ ਉਤਾਰ ਲਿਆ।

ਸ੍ਰੀ ਚੰਦ ਜੀ ਛੇਵੀਂ ਪਾਤਿਸ਼ਾਹੀ ਵੇਲੇ ਤੱਕ ਸੰਸਾਰ ਵਿੱਚ ਰਹੇ। ਬਾਬਾ ਗੁਰਦਿੱਤਾ ਨੂੰ ਉਦਾਸੀ ਪੰਥ ਦੀ ਗੱਦੀ ਬਖ਼ਸ਼ ਦਿੱਤੀ। ਫਿਰ ਉਨ੍ਹਾਂ ਦੇ ਚਾਰ ਚੇਲੇ ਹੋਏ, ਜਿਨ੍ਹਾਂ ਨੇ ਉਦਾਸੀ ਪੰਥ ਬਹੁਤ ਫੈਲਾਇਆ।

ਨੋਟ : ਅਜਿਹੀਆਂ ਮਨੋਕਲਪਿਤ ਸਾਖੀਆਂ ਗੁਰ-ਇਤਿਹਾਸ, ਗੁਰਮਤਿ ਸਿਧਾਂਤ ਤੇ ਗੁਰਮਤਿ- ਸਭਿਆਚਾਰ ਨੂੰ ਵਿਗਾੜਨ ਦੇ ਕੋਝੇ ਯਤਨ ਹਨ।

☆☆☆

5. ਗੁਰ-ਪ੍ਰਣਾਲੀ

ਅਧਿਆਇ ਸੱਤਵਾਂ ਤੇ ਅੱਠਵਾਂ

ਮੂਲ ਪਾਠ - ਅਧਿਆਇ 8

ਪੁਨ ਸ੍ਰੀ ਹਰਿ ਗੋਬਿੰਦ ਗੁਰੁ ਹੋਏ। ਪ੍ਰਭੁ ਪੀਰੀ ਅਰੁ ਮੀਰੀ ਦੋਏ।
ਜਨਮ ਲੀਨ ਜਹਿੰ ਗ੍ਰਾਮ ਵਡਾਲੀ। ਬਲੀ ਮਹਿਦ1 ਤਨ ਡੀਲ ਬਿਸਾਲੀ ॥1 ॥

ਭਾਵ: ਫਿਰ ਸ੍ਰੀ ਹਰਿਗੋਬਿੰਦ ਸਾਹਿਬ ਜੀ ਹੋਏ ਜੋ ਪੀਰੀ ਅਤੇ ਮੀਰੀ ਦੋਹਾਂ ਦੇ ਮਾਲਿਕ ਸਨ। ਜਿੱਥੇ ਵਡਾਲੀ ਪਿੰਡ ਹੈ ਉਸ ਪਿੰਡ ਵਿੱਚ ਜਨਮ ਲਿਆ। ਉਹ ਵੱਡੇ1 ਮਹਾਂਬਲੀ, ਕਦਾਵਰ ਅਤੇ ਵਿਸ਼ਾਲ ਡੀਲ-ਡੌਲ ਸਰੀਰ ਵਾਲੇ ਸਨ।

ਦਾਰਾ [2] ਤੀਨ ਸੁਸ਼ੀਲਾ ਬਯਾਹੀ। ਇਕ ਦਮੋਦਰੀ ਦੁਤਿ ਮਰਵਾਹੀ।
ਨਾਮ ਨਾਨਕੀ ਤ੍ਰਿਤਿਯਾ ਕੇਰਾ। ਮਨ ਸਿਮਰਤਿ ਜਿਨ ਅਨਦ ਘਨੇਰਾ ॥2 ॥

ਭਾਵ : ਉਨ੍ਹਾਂ ਨੇ ਸੁਸ਼ੀਲ ਸੁਭਾਅ ਵਾਲੀਆਂ ਤਿੰਨ ਇਸਤਰੀਆਂ2 ਵਿਆਹ ਕੇ ਲਿਆਂਦੀਆਂ। ਇੱਕ ਦਮੋਦਰੀ ਸੀ, ਦੂਸਰੀ (ਦਾ ਨਾਂ) ਮਰਵਾਹੀ (ਮਹਾਂਦੇਵੀ) ਤੇ ਤੀਸਰੀ ਦਾ ਨਾਮ ਨਾਨਕੀ ਸੀ। ਜਿਨ੍ਹਾਂ ਦੇ ਮਨ ਨੂੰ ਪ੍ਰਭੂ ਦਾ ਨਾਮ ਸਿਮਰਨ ਕੀਤਿਆਂ ਬਹੁਤ ਅਨੰਦ ਮਿਲਦਾ ਸੀ।

ਪੰਚ ਪੁੱਤ੍ਰ ਇਨ ਤੇ ਉਤਪੱਤਾ। ਜੇਠੋ ਸ੍ਰੀ ਬਾਬਾ ਗੁਰਦਿੱਤਾ।
ਸੂਰਜ ਮੱਲ ਅਰੁ ਅਨੀਰਾਇ ਭਨ। ਅਟਲਰਾਇ ਬ੍ਰਹਮਗਯਾਨ ਸਭਨਿ ਮਨ ॥3 ॥

ਭਾਵ: ਇਨ੍ਹਾਂ ਤੋਂ ਪੰਜ ਪੁੱਤਰ ਪੈਦਾ ਹੋਏ। ਸਭ ਤੋਂ ਵੱਡਾ (ਜੇਠਾ ਪੁੱਤਰ) ਸ੍ਰੀ ਬਾਬਾ ਗੁਰਦਿੱਤਾ ਜੀ ਸਨ। (ਦੂਸਰੇ ਤੇ ਤੀਸਰੇ) ਸੂਰਜ ਮੱਲ ਤੇ ਅਨੀਰਾਏ ਕਹਾਉਂਦੇ ਸਨ। ਚੌਥੇ ਅਟੱਲ ਰਾਏ ਜੀ ਸਨ, ਸਾਰਿਆਂ ਦੇ ਮਨ ਵਿੱਚ ਬ੍ਰਹਮਗਿਆਨ ਵਸਿਆ ਸੀ।

ਪੰਚਮ ਭੇ ਸ੍ਰੀ ਤੇਗ ਬਹਾਦਰ। ਨਿਕਟ ਬਿਠਾਵਹਿੰ ਜਿਨ ਪਿਤ ਸਾਦਰ।
ਸ੍ਰੀ ਗੁਰ ਹਰਿਗੁਬਿੰਦ ਸਮ ਸ਼ੇਰ। ਹਤੇ ਤੁਰਕ ਗਨ ਗਹਿ ਸਮਸ਼ੇਰ3 ॥4 ॥

ਭਾਵ: ਪੰਜਵੇਂ ਪੁੱਤਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਨ, ਜਿਨ੍ਹਾਂ ਨੂੰ ਪਿਤਾ ਜੀ ਆਦਰ ਸਹਿਤ ਕੋਲ ਬਿਠਾਉਂਦੇ ਸਨ। ਸ੍ਰੀ ਹਰਿਗੋਬਿੰਦ ਜੀ ਸ਼ੇਰ ਵਾਂਗ ਸਨ, ਜਿਨ੍ਹਾਂ ਤਲਵਾਰ3 ਫੜਕੇ ਤੁਰਕਾਂ ਦਾ ਨਾਸ਼ ਕੀਤਾ।

ਸ੍ਰੀ ਗੁਰ ਤੇਗ ਬਹਾਦਰ ਪਾਛੇ। ਸ੍ਰੀ ਗੁਬਿੰਦ ਸਿੰਘ ਭੇ ਗੁਰ ਆਛੇ।
ਸ੍ਰੀ ਗੁਜਰੀ ਤੇ ਜਨਮ ਲਿਯੋ ਹੈ। ਪੁਰ ਪਟਣੇ ਮਹਿ ਖੇਲ ਕਿਯੋ ਹੈ ॥29॥

ਭਾਵ: ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੋਂ ਪਿੱਛੋਂ, ਬਹੁਤ ਹੀ ਸ੍ਰੇਸ਼ਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਬਣੇ। ਉਨ੍ਹਾਂ ਮਾਤਾ ਗੁਜਰੀ ਜੀ ਦੀ ਕੁੱਖੋਂ ਜਨਮ ਲਿਆ ਸੀ। ਪਟਨਾ ਸ਼ਹਿਰ ਵਿੱਚ ਉਨ੍ਹਾਂ ਆਪਣਾ ਬਾਲਪਨ ਖੇਡਿਆ।

ਬ੍ਰਧਯੋ ਸਰੀਰ ਬਹੁਰ ਚਲਿ ਆਏ। ਮਦਰਦੇਸ6 ਨਿਰਖੇ ਹਰਖਾਏ।
***ਤੀਨ ਭਾਰਜਾ7 ਜਿਨ ਘਰ ਹੋਈ।** ਨਾਮ ਅਜੀਤੋ ਦੀਰਘ ਸੋਈ ॥ 30 ॥*

ਭਾਵ: ਜਦ ਉਨ੍ਹਾਂ ਦਾ ਸਰੀਰ ਵੱਡਾ ਹੋ ਗਿਆ ਤਾਂ ਉਹ ਉੱਥੋਂ ਚੱਲ ਆਏ ਸਨ। ਪੰਜਾਬ6 ਦੇਸ਼ (ਆ ਕੇ) ਵੇਖਿਆ ਤਾਂ ਬਹੁਤ ਖ਼ੁਸ਼ ਹੋਏ। ਉਨ੍ਹਾਂ ਦੇ ਘਰ ਤਿੰਨ ਪਤਨੀਆਂ[7] ਹੋਈਆਂ। ਉਨ੍ਹਾਂ ਦੀ ਵੱਡੀ ਪਤਨੀ ਦਾ ਨਾਂ ਜੀਤੋ ਜੀ ਸੀ।

ਪੁੱਤ੍ਰ ਤੀਨ ਉਪਜੇ ਬਲ ਭਾਰੀ। ਮਨਹ ਅਗਨਿ ਤੀਨਹੁ ਤਨ ਧਾਰੀ।
ਅਪਰ ਸੁੰਦਰੀ ਨਾਮ ਪਛਾਨੋ। ਸ਼ੁਭ ਮਤਿ ਪਤਿਬ੍ਰਤ ਧਰਮ ਨਿਧਾਨੋ ॥31॥

ਭਾਵ : ਉਸ ਦੀ ਕੁੱਖੋਂ ਬਹੁਤ ਹੀ ਬਲਵਾਨ ਤਿੰਨ ਪੁੱਤਰ ਜਨਮੇ। ਮਾਨੋ ਤਿੰਨ ਅਗਨੀਆਂ ਨੇ ਸਰੀਰ ਧਾਰਨ ਕੀਤਾ ਹੋਵੇ। ਦੂਸਰੀ ਪਤਨੀ ਦਾ ਨਾਂ ਸੁੰਦਰੀ ਜਾਣੋ। ਜੋ ਸ਼ੁਭ ਮੱਤ ਵਾਲੀ ਪਤੀਵਰਤਾ, ਧਰਮ ਦਾ ਖ਼ਜ਼ਾਨਾ ਸੀ।

ਤਿਸ ਕੇ ਸੁਤ ਅਜੀਤ ਸਿੰਘ ਹੋਵਾ। ਬਹੁ ਰਿਪੁ7 ਹਤਿ ਜੋ ਰਨ ਮਹਿਂ ਸੋਵਾ।
ਤੀਸਰ ਸਾਹਿਬ ਦੇਵੀ ਦਾਰਾ। ਤਾਂਹਿ ਖਾਲਸਾ ਪੁੱਤ੍ਰ ਅਪਾਰਾ ॥ 32 ॥

ਭਾਵ: ਉਸ ਦਾ ਪੁੱਤਰ ਅਜੀਤ ਸਿੰਘ ਹੋਇਆ ਜੋ ਬਹੁਤ ਹੀ ਵੈਰੀਆਂ[7] ਦਾ ਨਾਸ਼ ਕਰ ਕੇ ਯੁੱਧ-ਭੂਮੀ ਵਿੱਚ ਸੌਂ ਗਿਆ। ਤੀਸਰੀ ਪਤਨੀ ਮਾਤਾ ਸਾਹਿਬ ਦੇਵਾਂ ਜੀ ਸੀ, ਜਿਸ ਦਾ ਅਪਾਰ (ਸਮੁੱਚਾ) ਖ਼ਾਲਸਾ ਪੰਥ ਹੀ ਪੁੱਤਰ ਸੀ।

ਗੁਰਮਤਿ ਅਤੇ ਵਿਆਹ

ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਮੁੱਚੇ ਸਰਬ-ਸਾਂਝੇ ਫ਼ਲਸਫ਼ੇ (ਗੁਰਮਤਿ) ਦਾ ਕੇਂਦਰੀ ਧੁਰਾ (ਕੇਂਦਰੀ ਭਾਵ) ਹੈ -

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ (ਮ: ੧, ੧)

ਭਾਵ: ਰਜ਼ਾ ਦੇ ਮਾਲਿਕ (ਅਕਾਲ ਪੁਰਖੁ) ਦੇ ਹੁਕਮ ਅਨੁਸਾਰ ਜੀਵਨ ਜਿਊਣਾ, (ਯਾਨੀ ਕਿ, ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੀ ਪਾਲਣਾ ਕਰਨੀ) ਅਤੇ ਇਹ ਅਟੱਲ (ਸਰਬ-ਵਿਆਪਕ ਤੇ ਸਦੀਵਕਾਲੀ) ਹੁਕਮ (ਪ੍ਰਭੂ-ਪਿਤਾ ਨੇ) ਸ੍ਰਿਸ਼ਟੀ (ਕੁਦਰਤਿ) ਦੀ ਸਾਜਨਾ ਦੇ ਸਮੇਂ ਤੋਂ ਹੀ ਸਿਰਜ ਕੇ ਲਾਗੂ ਕੀਤਾ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਮੁੱਚੀ ਗੁਰਬਾਣੀ ਇਸੇ ਇੱਕ ਪੰਕਤੀ ਦੀ ਹੀ, ਵਿਸਥਾਰ ਨਾਲ (ਕਈ ਕਿਸਮ

ਦੀਆਂ ਉਦਾਹਰਣਾਂ ਦੇ-ਦੇ ਕੇ), ਵਿਆਖਿਆ ਕਰਦੀ ਹੈ।

ਮਾਨਵ-ਵਾਦੀ ਗੁਰਮਤਿ ਫ਼ਲਸਫ਼ੇ ਤੋਂ ਹੇਠ ਲਿਖੀਆਂ ਤਿੰਨ ਖ਼ੁਦਗਰਜ਼, ਜ਼ਾਲਮ ਤੇ ਸ਼ਾਤਰ ਧਿਰਾਂ ਬਹੁਤ ਹੀ ਤ੍ਰੁੱਭਕਦੀਆਂ ਹਨ (ਕਿਉਂਕਿ ਇਹ ਫ਼ਲਸਫ਼ਾ, ਇਨ੍ਹਾਂ ਦੇ ਚਿਹਰੇ ਨੂੰ ਬੇ-ਨਕਾਬ ਕਰ ਕੇ ਇਨ੍ਹਾਂ ਨੂੰ ਹੀਰੋ ਤੋਂ ਜ਼ੀਰੋ ਬਣਾਉਂਦਾ ਹੋਇਆ, ਇਨ੍ਹਾਂ ਦੇ ਅਸਲੀ ਮਾਨਵ-ਵਿਰੋਧੀ ਚਿਹਰੇ ਦੇ ਮਨੁੱਖਤਾ ਨੂੰ ਦਰਸ਼ਨ ਕਰਾਉਂਦਾ ਹੈ) :

1. **ਹਾਕਮ** (Ruler), ਯਾਨੀ ਕਿ, ਖ਼ੁਦਗਰਜ਼ ਰਾਜਨੀਤਕ ਆਗੂ।
2. **ਪੁਜਾਰੀ** (High Priest), ਯਾਨੀ ਕਿ, ਉਹ ਧਾਰਮਿਕ ਆਗੂ ਜਿਹੜਾ ਇਹ ਸਮਝਦਾ ਹੈ ਕਿ ਉਸ ਨੂੰ (ਸਬੰਧਤ ਸਮਾਜਿਕ ਵਰਗ ਲਈ) ਫ਼ਤਵੇ/ਹੁਕਮਨਾਮੇ ਜਾਰੀ ਕਰਨ ਦਾ ਦੈਵੀ-ਅਧਿਕਾਰ (Divine Rights) ਪ੍ਰਾਪਤ ਹੈ।
3. **ਮਾਇਆਧਾਰੀ** (ਸਰਮਾਏਦਾਰ), ਯਾਨੀ ਕਿ, ਮਨੁੱਖੀ ਸਮਾਜ ਦਾ ਉਹ ਖ਼ੁਦਗਰਜ਼ ਵਰਗ ਜਿਸ ਦਾ ਇਸ਼ਟ ਹੈ ਮਾਇਆ ਦੀ (ਦੌਲਤ ਦੀ ਹਰ ਯੋਗ ਤੇ ਅਯੋਗ ਢੰਗ ਨਾਲ) ਪ੍ਰਾਪਤੀ।

ਇਨ੍ਹਾਂ ਤਿੰਨਾਂ ਖ਼ੁਦਗਰਜ਼ ਧਿਰਾਂ ਦਾ ਮਨੋਰਥ ਹੁੰਦਾ ਹੈ ਸਮਾਜ ਵਿੱਚ ਭਾਂਤ-ਭਾਂਤ ਦੀਆਂ ਵੰਡੀਆਂ ਪਾ ਕੇ, ਊਚ-ਨੀਚ ਦੀ ਭਾਵਨਾ ਪੈਦਾ ਕਰ ਕੇ, ਸਮਾਜ ਦਾ ਬਹੁ-ਭਾਂਤੀ ਸ਼ੋਸ਼ਨ ਕਰ ਕੇ, ਮੌਜ਼-ਮਸਤੀ ਕਰਨੀ। ਇਨ੍ਹਾਂ ਦੇ ਮਾਨਵ-ਵਿਰੋਧੀ ਕਿਰਦਾਰ ਦਾ, ਹੇਠ ਲਿਖਿਆ ਮੁਹਾਵਰਾ, ਬਾ-ਖ਼ੂਬੀ, ਖ਼ੁਲਾਸਾ ਕਰਦਾ ਹੈ :

ਕੋਈ ਮਰੇ, ਕੋਈ ਜੀਵੇ। ਸੁਥਰਾ ਘੋਲਿ ਪਤਾਸ਼ੇ ਪੀਵੇ।

ਇਸ ਲਈ ਇਹ ਮਾਨਵ-ਵਿਰੋਧੀ ਤਿੱਕੜੀ (ਹਾਕਮ-ਪੁਜਾਰੀ-ਮਾਇਆਧਾਰੀ), ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ, ਗੁਰਮਤਿ ਫ਼ਲਸਫ਼ੇ ਦਾ, ਲੁਕਵੇਂ ਸਾਜਿਸ਼ੀ ਢੰਗ-ਤਰੀਕਿਆਂ ਨਾਲ, ਜੰਗੀ-ਪੱਧਰ 'ਤੇ, ਵਿਰੋਧ ਕਰਦੀ ਆ ਰਹੀ ਹੈ। ਗੁਰਮਤਿ ਫ਼ਲਸਫ਼ੇ ਦਾ ਸਮੁੱਚੇ ਸੰਸਾਰ 'ਚ ਪ੍ਰਚਾਰ ਤੇ ਪਾਸਾਰ ਕਰਨ ਲਈ ਗੁਰੂ ਸਾਹਿਬਾਨ ਨੇ ਗੁਰਮਤਿ ਇਨਕਲਾਬੀ ਲਹਿਰ ਦੀ ਖ਼ੁਦ (1478 ਤੋਂ 1708 ਤੱਕ) ਅਗੁਵਾਈ ਕੀਤੀ। ਅਕਤੂਬਰ 1708 ਵਿੱਚ ਦਸਮੇਸ਼ ਜੀ ਦੇ ਜੋਤੀ-ਜੋਤਿ ਸਮਾਉਂਣ ਤੋਂ ਬਾਅਦ, ਸਮੁੱਚੀ ਸਿੱਖ ਕੌਮ ਨੇ (ਗੁਰਮਤਿ ਫ਼ਲਸਫ਼ੇ ਦੀ ਵਾਰਿਸ ਹੋਣ ਦੇ ਨਾਤੇ) ਇਸ ਇਨਕਲਾਬੀ ਲਹਿਰ ਨੂੰ ਅੱਗੇ ਤੋਰਿਆ। ਇਹੀ ਕਾਰਨ ਹੈ ਕਿ ਇਹ ਤਿੱਕੜੀ, ਸਿੱਖ ਕੌਮ ਨੂੰ ਨੇਸਤੋ-ਨਾਬੂਦ ਕਰਨ ਲਈ, ਪਿਛਲੀਆਂ ਤਕਰੀਬਨ ਪੰਜ ਸਦੀਆਂ ਤੋਂ ਸਿਰਤੋੜ ਯਤਨ ਕਰਦੀ ਆ ਰਹੀ ਹੈ। ਇਹ ਇੱਕ ਵਿਸ਼ਵ-ਪ੍ਰਵਾਨਤ ਹਕੀਕਤ ਹੈ ਕਿ ਕਿਸੇ ਕੌਮ ਦਾ ਖੁਰਾ-ਖੋਜ ਮਿਟਾਉਂਣ ਲਈ ਹੇਠ ਲਿਖੀਆਂ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ :

1. ਸਬੰਧਤ ਕੌਮ ਦੀ ਭਾਸ਼ਾ (ਜ਼ੁਬਾਨ ਜਾਂ ਬੋਲੀ) ਨੂੰ ਕਮਜ਼ੋਰ ਕਰ ਕੇ ਖਤਮ ਕਰਨਾ।

2. ਸਬੰਧਤ ਕੌਮ ਦੇ ਫ਼ਲਸਫ਼ੇ ਨੂੰ ਗੰਧਲਾ ਕਰ ਕੇ, ਕੌਮ ਨੂੰ ਦਿਸ਼ਾਹੀਣ ਕਰ ਕੇ ਕਮਜ਼ੋਰ ਕਰਨਾ। ਇਸ ਬਦਕਾਰ ਧੰਧੇ ਲਈ ਸੰਬੰਧਤ ਕੌਮ ਦੇ ਹਲਕੇ ਕਿਰਦਾਰ ਵਾਲੇ ਵਿਦਵਾਨਾਂ ਤੇ ਪ੍ਰਚਾਰਕਾਂ ਨੂੰ ਖਰੀਦ ਕੇ ਉਨ੍ਹਾਂ ਦੀ ਵਰਤੋਂ ਕਰਨੀ (ਵੇਖੋ ਅੰਤਿਕਾ-3)।

3. ਸਬੰਧਤ ਕੌਮ ਦੇ ਬਾਨੀ ਦਾ ਚਰਿੱਤ੍ਰਘਾਤ ਕਰਨ ਲਈ ਯਤਨ ਕਰਨੇ।

4. ਸਬੰਧਤ ਕੌਮ ਦੇ ਇਤਿਹਾਸ ਨੂੰ ਵਿਗਾੜਨ ਦੇ ਯਤਨ ਕਰਨੇ।

5. ਸਬੰਧਤ ਕੌਮ ਦੇ ਸਭਿਆਚਾਰ ਨੂੰ ਵਿਗਾੜਨ ਦੇ ਯਤਨ ਕਰਨੇ।

6. ਸਬੰਧਤ ਕੌਮ ਦੇ ਸਾਹਿਤ ਵਿੱਚ ਮਿਲਾਵਟ ਕਰ ਕੇ ਦੂਸ਼ਿਤ ਕਰਨਾ।

7. ਸਬੰਧਤ ਕੌਮ ਵਿੱਚ ਘੁਸਪੈਠ (infiltrate) ਕਰ ਕੇ, ਉਸ ਦੇ ਪ੍ਰਚਾਰਕ ਤੇ ਆਗੂ ਬਣ ਕੇ, ਉਸ ਨੂੰ ਭੰਬਲਭੂਸਿਆਂ 'ਚ ਪਾ ਕੇ ਦਿਸ਼ਾਹੀਣ ਕਰਨਾ।

8. ਸਬੰਧਤ ਕੌਮ ਨੂੰ ਅਨਪੜ੍ਹ, ਨਸ਼ੇੜੀ, ਵਿਹਲੜ ਤੇ ਆਚਰਨਹੀਣ ਬਣਾਉਣਾ।

9. ਸਬੰਧਤ ਕੌਮ ਦੇ ਲੀਡਰਾਂ ਨੂੰ, ਕੂਟਨੀਤੀ ਦੀ ਵਰਤੋਂ ਕਰ ਕੇ, ਕਾਬੂ ਕਰਨਾ (ਆਪਣੇ ਅਨੁਸਾਰੀ ਬਣਾ ਕੇ ਚਲਾਉਣਾ)। ਇਨ੍ਹਾਂ ਕਾਬੂ ਕੀਤੇ ਆਗੂਆਂ ਰਾਹੀਂ ਕੌਮ ਵਿੱਚ ਮੱਤ-ਭੇਦ ਪੈਦਾ ਕਰ ਕੇ ਵੰਡੀਆਂ ਪਾਉਣੀਆਂ ਤੇ ਆਪਸ ਵਿੱਚ ਲੜਾ-ਮਰਾ ਕੇ ਕਮਜ਼ੋਰ ਕਰਨਾ।

10. ਸਬੰਧਤ ਕੌਮ ਦੇ ਫ਼ਲਸਫ਼ੇ, ਇਤਿਹਾਸ ਅਤੇ ਸਭਿਆਚਾਰ ਨੂੰ ਵਿਗਾੜਨ ਲਈ ਉਸ ਦਾ ਨਕਲੀ ਫ਼ਲਸਫ਼ਾ, ਨਕਲੀ ਇਤਿਹਾਸ ਤੇ ਨਕਲੀ ਸਭਿਆਚਾਰ ਸਿਰਜਨ ਲਈ ਸਾਹਿਤ ਲਿਖ-ਲਿਖਾ ਕੇ ਪ੍ਰਚੱਲਤ ਕਰਨਾ।

11. ਨਿਸ਼ਾਨੇ 'ਤੇ ਰੱਖੀ ਗਈ ਕੌਮ ਦੀ, ਸਮੇਂ-ਸਮੇਂ ਸਿਰ, ਨਸਲਕੁਸ਼ੀ ਕਰਨ ਦੇ ਪ੍ਰੋਗਰਾਮ ਵੀ ਸਿਰੇ ਚਾੜ੍ਹਨੇ।

ਸਿੱਖ ਕੌਮ ਦੇ ਖਿਲਾਫ਼ ਇਸ ਤਿੱਕੜੀ ਵੱਲੋਂ ਉੱਪਰ ਲਿਖੀਆਂ ਸਾਰੀਆਂ ਕਾਰਵਾਈਆਂ ਹੀ ਕੀਤੀਆਂ ਜਾਂਦੀਆਂ ਰਹੀਆਂ ਹਨ (ਅੱਜ ਵੀ ਕੀਤੀਆਂ ਜਾ ਰਹੀਆਂ ਹਨ)। ਇਹੀ ਕਾਰਨ ਹੈ ਕਿ ਸਿੱਖ ਕੌਮ (ਇਸ ਦੇ ਅਰੰਭ ਤੋਂ ਹੀ) ਮੁਸੀਬਤਾਂ ਵਿੱਚ ਘਿਰੀ ਆ ਰਹੀ ਹੈ, ਜਿਸ ਕਰ ਕੇ ਇਹ ਆਪਣਾ ਤਕਰੀਬਨ ਪਹਿਲੀਆਂ ਚਾਰ ਸਦੀਆਂ ਦਾ ਇਤਿਹਾਸ ਖ਼ੁਦ ਲਿਖ ਕੇ ਸੰਭਾਲ ਨਾ ਸਕੀ ਅਤੇ ਨਾਂ ਹੀ ਬੇਗਾਨਿਆਂ ਵੱਲੋਂ ਲਿਖੇ ਆਪਣੇ ਇਤਿਹਾਸ ਤੇ ਸਾਹਿਤ ਵਿੱਚ ਦਾਖਲ ਕੀਤੀ ਸਾਜਿਸ਼ੀ ਮਿਲਾਵਟ ਦਾ ਨੋਟਿਸ ਲੈ ਕੇ ਯੋਗ ਕਾਰਵਾਈ ਕਰ ਸਕੀ। ਇਨ੍ਹਾਂ ਜ਼ਮੀਨੀ ਹਕੀਕਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਗੁਰਮਤਿ

.ਫਲਸ.ਫੇ, ਗੁਰ-ਇਤਿਹਾਸ, ਗੁਰਮਤਿ-ਸਭਿਆਚਾਰ, ਸਿੱਖ-ਇਤਿਹਾਸ, ਸਿੱਖ-ਸਾਹਿਤ ਵਿੱਚ ਅਨਮਤੀਆਂ ਵੱਲੋਂ, ਜਾਣੇ ਜਾਂ ਅਣਜਾਣੇ ਵਿੱਚ, ਸਿੱਖ ਕੌਮ ਬਾਬਤ ਲਿਖੀਆਂ ਲਿਖਤਾਂ ਦੀ ਸੁਧਾਈ ਕੀਤੀ ਜਾਣੀ ਅਤੀ ਜ਼ਰੂਰੀ ਹੈ।

ਗੁਰੂ ਸਾਹਿਬਾਨ ਦੇ ਨਾਮ ਨਾਲ ਜੋੜੇ ਜਾ ਚੁੱਕੇ ਇੱਕ ਤੋਂ ਵੱਧ ਵਿਆਹਾਂ ਬਾਰੇ, ਗੁਰਮਤਿ ਸਿਧਾਂਤਾਂ ਦੀ ਰੋਸ਼ਨੀ ਅਨੁਸਾਰ, ਨਿਰਣੇ ਕਰਨੇ ਮੁਸ਼ਕਲ ਨਹੀਂ ਹੋ ਸਕਦੇ।

ਅੱਜ ਤੋਂ ਤਕਰੀਬਨ 50 ਕੁ ਸਾਲ ਪਹਿਲਾਂ ਤੱਕ, ਪੰਜਾਬ ਵਿੱਚ ਆਮ-ਪ੍ਰਚੱਲਤ ਰਿਵਾਜ ਸੀ ਕਿ ਬੀਬੀ ਦੇ ਵਿਆਹ ਤੋਂ ਬਾਅਦ, ਉਸ ਦੇ ਸਹੁਰਾ ਪਰਵਾਰ ਵਾਲੇ ਉਸ ਦਾ ਨਵਾਂ ਨਾਮ ਰੱਖ ਲਿਆ ਕਰਦੇ ਸਨ। ਯਾਨੀ ਕਿ, ਬੀਬੀ ਦਾ ਪੇਕੇ (ਮਾਤਾ-ਪਿਤਾ) ਘਰ ਵਾਲਾ ਨਾਮ ਵੀ ਲਿਆ ਜਾਂਦਾ ਸੀ ਅਤੇ ਉਸ ਦੇ ਸਹੁਰੇ ਘਰ ਵੱਲੋਂ ਉਸ ਦਾ ਰੱਖਿਆ ਨਵਾਂ ਨਾਮ ਵੀ ਪ੍ਰਚੱਲਤ ਹੋ ਜਾਂਦਾ ਸੀ। ਲੇਖਕ ਦੀ ਮਾਤਾ ਜੀ ਦੇ ਵੀ ਦੋ ਨਾਮ ਸਨ (ਇੱਕ ਮੇਰੇ ਨਾਨਕਿਆਂ ਵੱਲੋਂ ਰੱਖਿਆ ਅਤੇ ਦੂਜਾ ਮੇਰੇ ਦਾਦਾ-ਦਾਦੀ ਜੀ ਵੱਲੋਂ ਰੱਖਿਆ ਹੋਇਆ)। ਲੇਖਕ ਦਾ ਦ੍ਰਿੜ ਵਿਸ਼ਵਾਸ ਹੈ ਕਿ ਹਰ ਇੱਕ ਗੁਰੂ ਸਾਹਿਬ ਦਾ ਭੀ ਇੱਕੋ-ਇੱਕ ਹੀ ਵਿਆਹ ਹੋਇਆ ਸੀ। ਉਦਾਹਰਣ ਦੇ ਤੌਰ ’ਤੇ ਦਸਮੇਸ਼ ਜੀ ਦੀ ਸੁਪੱਤਨੀ (ਮਾਤਾ ਜੀਤੋ ਜੀ) ਦਾ ਪ੍ਰੇਕਿਆਂ ਦਾ ਨਾਮ (ਮਾਤਾ) ਜੀਤੋ ਜੀ ਸੀ, ਮਾਤਾ ਗੁੱਜ਼ਰ ਕੌਰ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਉਨ੍ਹਾਂ ਦਾ ਨਾਮ ‘ਸੁੰਦਰੀ’ ਜੀ (ਮਾਤਾ ਜੀਤੋ ਜੀ ਬਹੁਤ ਹੀ ਸੁੰਦਰ ਤੇ ਸੁਸ਼ੀਲ ਹੋਣ ਕਰ ਕੇ) ਰੱਖ ਦਿੱਤਾ ਗਿਆ ਅਤੇ ਜਦੋਂ ਦਸਮੇਸ਼ ਜੀ ਨੇ ਖੰਡੇ-ਬਾਟੇ ਦੀ ਪਾਹੁਲ ਤਿਆਰ ਕੀਤੀ ਤਾਂ ਉਹ ਖ਼ਾਲਸੇ ਦੀ ਮਾਤਾ ਜੀ ਅਤੇ ਗੁਰੂ ਸਾਹਿਬ ਦੀ ਪਤਨੀ ਹੋਣ ਕਰ ਕੇ, ਉਨ੍ਹਾਂ ਨੂੰ ਸਤਿਕਾਰ ਨਾਲ ਮਾਤਾ ‘ਸਾਹਿਬ’ ਕੌਰ ਜੀ ਕਿਹਾ ਜਾਣ ਲੱਗ ਪਿਆ।

ਇਹ ਵੀ ਇੱਕ ਹਕੀਕਤ ਹੈ ਕਿ ਭਾਰਤ ਉੱਪ-ਮਹਾਂਦੀਪ ਵਿੱਚ, ਲਿਖਤਾਂ ਵਿੱਚ ਭੰਨ-ਤੋੜ ਕਰਨ ਦੀ ਜੋ ਮੁਹਾਰਤ ਬ੍ਰਾਹਮਣ (ਪੁਜਾਰੀ) ਨੂੰ ਹਾਸਿਲ ਹੈ ਉਸ ਦੀ ਹੋਰ ਕੋਈ ਵੀ ਧਿਰ ਅੱਜ ਤੱਕ ਬਰਾਬਰੀ ਨਹੀਂ ਕਰ ਸਕੀ। ਬ੍ਰਾਹਮਣੀ ਗ੍ਰੰਥਾਂ (ਉਪਨਿਸ਼ਦਾਂ, ਪੁਰਾਣਾਂ, ਗੀਤਾ, ਰਮਾਇਣ, ਮਹਾਂ ਭਾਰਤ ਆਦਿ) ਵਿੱਚ ਬ੍ਰਾਹਮਣ ਵੱਲੋਂ (ਬ੍ਰਾਹਮਣ ਦੀ ਸਰਬਉੱਚਤਾ ਸਥਾਪਤ ਕਰਨ ਲਈ) ਕੀਤੇ ਸਾਜਿਸ਼ੀ ਵਾਧੇ-ਘਾਟੇ (ਜੋ ਅੱਜ ਵੀ ਵੇਖੇ ਜਾ ਸਕਦੇ ਹਨ) ਇਸ ਤੱਥ ਦੀ ਪੁਸ਼ਟੀ ਕਰਦੇ ਹਨ।

“ਗੁਰੂ ਹਰਿਰਾਇ ਸਾਹਿਬ ਦੀ ਪਤਨੀ ਬੀਬੀ ਸੁਲੱਖਣੀ ਦੇ ਮਾਪੇ ਕਿਉਂਕਿ ਕੋਟ ਕਲਿਆਣਪੁਰ ਵਿੱਚ ਰਹਿਣ ਲੱਗ ਪਏ ਸੀ, ਇਸ ਕਰ ਕੇ ਉਸ ਨੂੰ ਕੋਟ ਕਲਿਆਣੀ ਵੀ ਆਖਦੇ ਸਨ। ਬੀਬੀ ਸੁਲੱਖਣੀ ਨੇ 24 ਫਰਵਰੀ 1646 ਦੇ ਦਿਨ ਰਾਮਰਾਇ, 9 ਅਪ੍ਰੈਲ 1649 ਦੇ ਦਿਨ ਰੂਪ ਕੌਰ ਅਤੇ 2 ਜੁਲਾਈ 1652 ਦੇ ਦਿਨ (ਗੁਰੂ) ਹਰੀਕ੍ਰਿਸ਼ਨ ਸਾਹਿਬ ਨੂੰ ਜਨਮ ਦਿੱਤਾ। ਤਿੰਨ ਬੱਚਿਆਂ ਦੀ ਮਾਂ ਹੋਣ ਕਰ ਕੇ ਆਪ ਨੂੰ ਆਪ ਦੀ ਸੱਸ ਤ੍ਰਿਬੈਣੀ ਆਖ

ਕੇ ਵੀ ਬੁਲਾਇਆ ਕਰਦੀ ਸੀ। ਇਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਇੱਕ-ਦੋ ਲੇਖਕਾਂ ਨੇ ਆਪ ਦੇ ਸੱਤ ਵਿਆਹ ਵੀ ਲਿਖ ਦਿੱਤੇ ਹਨ, ਜੋ ਨਾ ਸਿਰਫ ਗ਼ਲਤ ਹੈ ਬਲਕਿ ਹਾਸੋਹੀਣਾ ਤੇ ਬੇ-ਬੁਨਿਆਦ ਵੀ ਹੈ। ਕੋਈ ਵੀ ਬਾਪ 10 ਸਾਲ ਦੇ ਪੁੱਤਰ (ਗੁਰੂ ਦੀ ਔਲਾਦ ਹੀ ਸਹੀ) ਨਾਲ ਸੱਤ ਧੀਆਂ ਦਾ ਵਿਆਹ ਨਹੀਂ ਕਰ ਸਕਦਾ। ਉਂਞ ਇਹ ਨਾਮੁਮਕਿਨ ਵੀ ਹੈ। ਇਸ ਹਿਸਾਬ ਨਾਲ ਤਾਂ ਸਭ ਤੋਂ ਛੋਟੀ (ਸੱਤਵੀਂ) ਬੀਬੀ ਤਾਂ ਅਜੇ ਗੋਦ ਵਿੱਚ ਹੀ ਖੇਡਦੀ ਹੋਵੇਗੀ। ਸਿੱਖ ਤਵਾਰੀਖ਼ ਵਿੱਚ ਅਜਿਹੀਆਂ ਗ਼ਲਤ ਗੱਲਾਂ ਕਈ ਥਾਈਂ ਭਰੀਆਂ ਪਈਆਂ ਹਨ" (ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼, ਪੰਨਾ 243)।

ਬਚਿੱਤਰ ਨਾਟਕ ਦਸਮੇਸ਼ ਜੀ ਦੀ ਰਚਨਾ ?

ਬਚਿੱਤਰ ਨਾਟਕ (ਨਵਾਂ ਨਾਂ 'ਦਸਮ ਗ੍ਰੰਥ' ਉਰਫ਼ 'ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ') ਦਸਮੇਸ਼ ਜੀ ਦੀ ਰਚਨਾ ਸਾਬਤ ਨਹੀਂ ਹੁੰਦੀ, ਕਿਉਂਕਿ, ਇਸ ਵਿੱਚ ਜਿੱਥੇ ਦਸਮੇਸ਼ ਪਿਤਾ ਜੀ ਦੀ ਅਗੰਮੀ ਸ਼ਖ਼ਸੀਅਤ ਦਾ ਚਰਿੱਤ੍ਰਘਾਤ ਕੀਤਾ ਹੋਇਆ ਹੈ, ਉੱਥੇ ਗੁਰਮਤਿ ਸਿਧਾਂਤਾਂ ਦਾ ਵੀ ਘਾਣ ਕੀਤਾ ਹੋਇਆ ਹੈ ਅਤੇ ਇਹ ਰਚਨਾ ਸ਼ਰਮਨਾਕ ਅਸ਼ਲੀਲਤਾ ਦੀ ਇੰਤਹਾ ਤੱਕ ਪਹੁੰਚਦੀ ਹੈ।

ਹਰਿਮੰਦਰ ਕਿ ਦਰਬਾਰ ਸਾਹਿਬ ?

ਮਨੂੰਵਾਦ, ਭਾਰਤ ਵਿੱਚ ਸਿੱਖ ਕੌਮ ਦੀ ਵੱਖਰੀ ਪਛਾਣ ਨੂੰ ਖਤਮ ਕਰਨ ਲਈ (ਇੱਕ ਸਾਜਿਸ਼ ਅਧੀਨ), ਪਿਛਲੀਆਂ ਤਕਰੀਬਨ ਪੰਜ ਸਦੀਆਂ ਤੋਂ ਦੋ ਪ੍ਰਮੁੱਖ ਢੰਗਾਂ ਦੀ ਵਰਤੋਂ ਕਰਦਾ ਆ ਰਿਹਾ ਹੈ। ਪਹਿਲਾ, ਜਜ਼ਬ ਕਰਨਾ (Assimilation) ਯਾਨੀ ਕਿ, ਸਿੱਖ ਫ਼ਲਸਫ਼ੇ, ਗੁਰ-ਇਤਿਹਾਸ, ਸਿੱਖ-ਸਭਿਆਚਾਰ ਅਤੇ ਸਿੱਖ-ਇਤਿਹਾਸ ਵਿੱਚ ਭੰਨ-ਤੋੜ (ਵਾਧੇ-ਘਾਟੇ) ਕਰ ਕੇ ਸਿੱਖ-ਮੱਤ ਨੂੰ ਮਨਘੜਤ (ਨਕਲੀ) 'ਹਿੰਦੂ-ਮੱਤ' ਦੀ ਸ਼ਾਖ ਹੀ ਦਰਸਾਉਂਣ ਦਾ ਯਤਨ ਕਰਨਾ। ਦੂਜਾ, ਖਤਮ ਕਰਨਾ (elimination) ਯਾਨੀ ਕਿ ਸਿੱਖ ਕੌਮ ਦੀ ਅਣਖ ਗ਼ੈਰਤ ਅਤੇ ਸਵੈ-ਵਿਸ਼ਵਾਸ ਨੂੰ ਮਾਰੂ-ਸੱਟ ਮਾਰਨ ਲਈ, ਸਮੇਂ-ਸਮੇਂ ਸਿਰ, ਸਿੱਖ ਕੌਮ ਦੀ ਨਸਲਕੁਸ਼ੀ ਦੇ ਪ੍ਰੋਗਰਾਮ ਉਲੀਕ ਕੇ ਸਿਰੇ ਚਾੜ੍ਹਨੇ। ਇਸੇ ਸਾਜਿਸ਼ ਅਧੀਨ ਹੀ, ਦਰਬਾਰ ਸਾਹਿਬ ਅੰਮ੍ਰਿਤਸਰ ਨੂੰ 'ਹਰਿਮੰਦਰ ਸਾਹਿਬ', 'ਸਵਰਨ ਮੰਦਰ' (Golden Temple) ਆਦਿ ਨਾਮ ਦਿੱਤੇ ਜਾ ਰਹੇ ਹਨ ਤਾਕਿ (ਕੁੱਝ ਕੁ ਸਦੀਆਂ ਬਾਅਦ) ਸਿੱਖ ਕੌਮ ਦੀ ਇਸ ਸਿਰਮੌਰ ਕੇਂਦਰੀ ਸੰਸਥਾ ਨੂੰ ਅਜਿਹੀਆਂ ਲਿਖਤਾਂ ਦੇ ਆਧਾਰ 'ਤੇ ਇੱਕ 'ਹਿੰਦੂ ਮੰਦਰ' ਸਾਬਤ ਕੀਤਾ ਜਾ ਸਕੇ, (ਜਿਵੇਂ ਕਿ ਅਯੁੱਧਿਆ ਵਿੱਚ ਬਾਬਰੀ ਮਸਜਦ ਨਾਲ ਕੀਤਾ ਗਿਆ ਹੈ), ਹਾਲਾਂਕਿ, ਬਹੁਤੇ ਇਤਿਹਾਸਕਾਰਾਂ ਦਾ ਯਕੀਨ ਹੈ ਕਿ ਅਯੁੱਧਿਆ ਦੇ ਰਾਜਾ ਦਸਰਥ ਦਾ ਪੁੱਤਰ ਸ੍ਰੀ ਰਾਮਚੰਦਰ ਇੱਕ ਮਿਥਿਹਾਸਕ ਵਿਅਕਤੀ ਹੀ ਹੈ।

ਹਰਿਮੰਦਰ

ਗੁਰਬਾਣੀ ਅੰਦਰ 'ਹਰਿਮੰਦਰ' ਸ਼ਬਦ, ਆਮਤੌਰ 'ਤੇ, ਮਨੁੱਖੀ ਸਰੀਰ (ਹਿਰਦਾ) ਅਤੇ ਸਮੁੱਚੇ ਸੰਸਾਰ (ਸ੍ਰਿਸ਼ਟੀ) ਲਈ ਵਰਤਿਆ ਗਿਆ ਹੈ -

ਹਰਿਮੰਦਰੁ ਇਹੁ ਸਰੀਰੁ ਹੈ *ਗਿਆਨਿ ਰਤਨਿ ਪਰਗਟੁ ਹੋਇ॥*
ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿਮੰਦਰੁ ਨ ਹੋਇ॥੨॥ (ਮ:੩, ੧੩੪੬)

ਭਾਵ: ਹੇ ਭਾਈ! (ਮਨੁੱਖ ਦਾ) ਇਹ ਸਰੀਰ 'ਹਰਿ ਮੰਦਰ' ਹੈ [ਪਰ, ਇਹ ਭੇਤ (ਸਤਿਗੁਰੂ ਦੀ ਬਖਸ਼ੀ) ਆਤਮਿਕ ਜੀਵਨ ਦੀ ਕੀਮਤੀ ਸੂਝ ਰਾਹੀਂ ਹੀ ਖੁਲ੍ਹਦਾ ਹੈ। ਆਪਣੇ ਮਨ ਪਿੱਛੇ ਤੁਰਨ ਵਾਲੇ ਮਨੁੱਖ (ਜਗਤ ਦੇ) ਮੂਲ (ਪਰਮਾਤਮਾ) ਨਾਲ ਸਾਂਝ ਨਹੀਂ ਪਾਉਂਦੇ (ਇਸ ਵਾਸਤੇ ਉਹ ਸਮਝਦੇ ਹਨ ਕਿ) ਮਨੁੱਖ ਦੇ ਅੰਦਰ (ਹਿਰਦੇ 'ਚ) ਹਰਿ ਮੰਦਰ ਨਹੀਂ ਹੋ ਸਕਦਾ।

ਹਰਿ ਮੰਦਰੁ ਇਹੁ ਜਗਤੁ ਹੈ *ਗੁਰ ਬਿਨੁ ਘੋਰੰਧਾਰ॥*
ਦੂਜਾ ਭਾਉ ਕਰਿ ਪੂਜਦੇ ਮਨਮੁੱਖ ਅੰਧ ਗਵਾਰ॥੪॥ (ਮ:੩, ੧੩੪੬)

ਭਾਵ: ਹੇ ਭਾਈ! ਇਹ ਸਾਰਾ ਸੰਸਾਰ ਹੀ 'ਹਰਿ ਮੰਦਰ' ਹੈ (ਪਰਮਾਤਮਾ ਦੇ ਰਹਿਣ ਦਾ ਘਰ ਹੈ) ਪਰ ਗੁਰੂ (ਦੀ ਸ਼ਰਨ) ਤੋਂ ਬਿਨਾਂ (ਆਤਮਿਕ ਜੀਵਨ ਵੱਲੋਂ) ਘੁੱਪ-ਹਨੇਰਾ, ਬਣਿਆ ਰਹਿੰਦਾ ਹੈ (ਤੇ, ਜੀਵਾਂ ਨੂੰ ਇਸ ਭੇਤ ਦੀ ਸਮਝ ਨਹੀਂ ਪੈਂਦੀ)। ਆਪਣੇ ਮਨ ਪਿੱਛੇ ਤੁਰਨ ਵਾਲੇ ਮਨੁੱਖ, ਆਤਮਿਕ ਜੀਵਨ ਵੱਲੋਂ ਅੰਨ੍ਹੇ ਹੋਏ-ਹੋਏ ਮੂਰਖ ਮਨੁੱਖ (ਰੱਬ ਤੋਂ ਬਿਨਾਂ) ਹੋਰ ਨਾਲ ਪਿਆਰ ਪਾ ਕੇ ਉਸ ਨੂੰ ਪੂਜਦੇ ਸਤਿਕਾਰਦੇ ਰਹਿੰਦੇ ਹਨ।

ਨੋਟ : ਕਈ ਸਿੱਖ ਵਿਦਵਾਨ ਵੀ (ਅਣਜਾਣੇ ਵਿੱਚ) ਦਰਬਾਰ ਸਾਹਿਬ ਨੂੰ ਹਰਿ ਮੰਦਰ ਕਹਿੰਦੇ ਜਾਂ ਲਿਖਦੇ ਰਹਿੰਦੇ ਹਨ। ਸੁਚੇਤ ਹੋਣ ਦੀ ਲੋੜ ਹੈ। ਨਹੀਂ ਤਾਂ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਨੂੰ ਹੀ ਆਧਾਰ ਬਣਾ ਕੇ (ਭਵਿੱਖ ਵਿੱਚ) ਮਨੂੰਵਾਦੀਏ ਦਰਬਾਰ ਸਾਹਿਬ ਨੂੰ ਇੱਕ ਮੰਦਰ ਦਰਸਾ ਕੇ, ਇਸ 'ਤੇ ਕਾਬਜ਼ ਹੋਣ ਦਾ ਯਤਨ ਕਰਨਗੇ! (ਜਿਸ ਤਰ੍ਹਾਂ ਬਾਬਰੀ ਮਸਜਦ ਦਾ ਝਗੜਾ ਪਿਛਲੇ ਕਈ ਦਹਾਕਿਆਂ ਤੋਂ ਚਲਦਾ ਆ ਰਿਹਾ ਹੈ)

ਦਰਬਾਰ ਸਾਹਿਬ ਦੇ ਮੁਕਾਬਲੇ 'ਤੇ ਦੁਰਗਿਆਣਾ ਮੰਦਰ ?

ਇਥੇ ਇਸ ਇਤਿਹਾਸਕ ਸੱਚਾਈ ਦਾ ਵੀ ਜ਼ਿਕਰ ਕਰਨਾ ਪਰਸੰਗਕ ਲਗਦਾ ਹੈ ਕਿ ਅਠਾਰ੍ਹਵੀਂ ਸਦੀ ਦੌਰਾਨ ਸਿੱਖ ਕੌਮ ਦੇ ਸਮੂਹਕ ਉਜਾੜੇ ਅਤੇ ਬਿਪਤਾ ਦੇ ਸਮੇਂ, ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪਰਕਰਮਾ ਅੰਦਰ ਮੂਰਤੀਆਂ ਸਥਾਪਤ ਕਰ ਕੇ ਮੰਦਰਾਂ ਦੀ ਸ਼ਕਲ ਵਿੱਚ ਪੂਜਾ ਹੁੰਦੀ ਰਹੀ ਸੀ ਅਤੇ ਇਸ ਅਤਿ ਸ਼ਰਮਨਾਕ ਸਾਜਿਸ਼ੀ ਕਾਰਵਾਈ ਦਾ ਅੰਤ ਕਰਨ ਲਈ ਸਿੱਖ ਕੌਮ ਨੂੰ ਖਾਸੀ ਜਦੋਜਹਿਦ ਕਰਨੀ ਪਈ ਸੀ। ਨਤੀਜੇ ਵਜੋਂ, ਸਿੱਖ ਕੌਮ ਨਾਲ ਦੁਸ਼ਮਣੀ ਦੀ ਹੱਦ ਤੱਕ ਈਰਖਾ ਕਰਦੇ ਆ ਰਹੇ ਮਨੂੰਵਾਦੀਆਂ ਨੇ ਦਰਬਾਰ ਸਾਹਿਬ ਦੀ ਪਰਕਰਮਾਂ 'ਚੋਂ ਮੂਰਤੀਆਂ ਨੂੰ ਚੁੱਕ ਕੇ ਦਰਬਾਰ ਸਾਹਿਬ ਦੇ ਮੁਕਾਬਲੇ 'ਤੇ, ਦੁਰਗਿਆਣਾ ਮੰਦਰ (ਅੰਮ੍ਰਿਤਸਰ) ਹੋਂਦ ਵਿੱਚ ਲਿਆਂਦਾ। ਇਥੇ ਹੀ ਬੱਸ ਨਹੀਂ, ਇਸ ਮੰਦਰ ਦਾ ਨਕਸ਼ਾ

ਵੀ ਦਰਬਾਰ ਸਾਹਿਬ ਨਾਲ ਮਿਲਦਾ-ਜੁਲਦਾ ਬਣਾਇਆ ਗਿਆ ਤਾਂ ਕਿ ਦਰਬਾਰ ਸਾਹਿਬ ਦੀ ਰੂਹਾਨੀਅਤ ਦੀ ਅਹਿਮੀਅਤ ਨੂੰ ਛੁਟਿਆਇਆ ਜਾ ਸਕੇ। ਸਦ ਅਫ਼ਸੋਸ!!

ਗੁਰਮਤਿ ਸਿਧਾਂਤਾਂ ਤੋਂ ਥਿੜਕੀ ਸਿੱਖ ਲੀਡਰਸ਼ਿਪ

ਇਸ ਸਾਜ਼ਿਸ਼ ਵਿੱਚ ਮਨੂੰਵਾਦੀਏ ਕਿਤਨਾ ਕੁ ਸਫ਼ਲ ਹੋਏ ਹਨ, ਇਸ ਗੱਲ ਦਾ ਅੰਦਾਜ਼ਾ ਇਸ ਹਕੀਕਤ ਤੋਂ ਹੀ ਲੱਗ ਜਾਂਦਾ ਹੈ ਕਿ ਜਦੋਂ ਕਦੇ ਵੀ ਕੋਈ 'ਸਿੱਖ' ਲੀਡਰ, ਕਿਸੇ ਵਿਸ਼ੇਸ਼ ਅਵਸਰ 'ਤੇ, ਦਰਬਾਰ ਸਾਹਿਬ ਅੰਮ੍ਰਿਤਸਰ ਜਾ ਕੇ ਨਤਮਸਤਕ ਹੋਣ ਜਾਂਦਾ ਹੈ ਤਾਂ ਉਸ ਤੋਂ ਇਹ ਵੀ ਆਸ ਕੀਤੀ ਜਾਂਦੀ ਹੈ ਕਿ ਉਹ ਦੁਰਗਿਆਣਾ ਮੰਦਰ ਵਿੱਚ ਵੀ ਮੱਥਾ ਟੇਕੇ (ਨਹੀਂ ਤਾਂ ਉਸ ਦੀ ਇਹ ਧਾਰਮਿਕ ਯਾਤਰਾ ਸ਼ਾਇਦ, ਸਫ਼ਲ ਨਹੀਂ ਮੰਨੀ ਜਾਵੇਗੀ) ਤਾਕਿ 'ਹਿੰਦੂ-ਮੱਤ' ਦਾ ਫ਼ਿਰਕੂ ਹਿੱਸਾ ਕਿਤੇ ਨਾਰਾਜ਼ ਨਾ ਹੋ ਜਾਵੇ। ਗੁਰਮਤਿ-ਵਿਹੂਣੇ ਅਖੌਤੀ ਸਿੱਖ ਲੀਡਰਾਂ ਨੇ ਹੁਣ ਇਹ ਇੱਕ ਰਵਾਇਤ ਹੀ ਬਣਾ ਲਈ ਹੈ ਕਿ ਜਦੋਂ ਕਦੇ ਵੀ ਦਰਬਾਰ ਸਾਹਿਬ ਦਰਸ਼ਣ ਕਰਨ ਜਾਣਾ ਹੈ ਤਾਂ ਦੁਰਗਿਆਣਾ ਮੰਦਰ ਵਿੱਚ ਵੀ ਟੱਲ ਖੜਕਾ ਕੇ ਤੇ ਮੱਥੇ 'ਤੇ ਤਿਲਕ ਲਗਾ ਕੇ ਜ਼ਰੂਰ ਨਤਮਸਤਕ ਹੋਣਾ ਹੈ। ਸਦ ਅਫ਼ਸੋਸ!!

ਕੁੱਝ ਕੁ ਸਾਲ ਪਹਿਲਾਂ ਦੀ ਗੱਲ ਹੈ ਕਿ ਇੰਗਲੈਂਡ ਦੀ ਮਹਾਰਾਣੀ ਨੇ ਦਰਬਾਰ ਸਾਹਿਬ ਆ ਕੇ ਅਕੀਦਤ ਭੇਟ ਕਰਨ ਦਾ ਪ੍ਰੋਗਰਾਮ ਉਲੀਕਿਆ ਸੀ। ਭਾਰਤ (ਵਿਸ਼ੇਸ਼ ਕਰ ਕੇ ਪੰਜਾਬ) ਦੇ ਹਿੰਦੂ ਲੀਡਰਾਂ ਨੇ ਉਸ 'ਤੇ ਦੁਰਗਿਆਣਾ ਮੰਦਰ ਵਿੱਚ ਵੀ ਜਾਣ ਲਈ ਪ੍ਰਭਾਵ (ਅਸਲ ਵਿੱਚ ਦਬਾਅ) ਪਾਉਂਣ ਦੇ ਸਿਰਤੋੜ ਯਤਨ ਕੀਤੇ। ਪਰ, ਮਹਾਰਾਣੀ ਨੇ ਦੁਰਗਿਆਣਾ ਮੰਦਰ ਨੂੰ ਦਰਬਾਰ ਸਾਹਿਬ ਦੇ ਬਰਾਬਰ ਮਾਨਤਾ ਦੇਣ ਤੋਂ ਸਾਫ਼ ਤੌਰ 'ਤੇ ਇਨਕਾਰ ਕਰ ਦਿੱਤਾ ਸੀ ਅਤੇ ਉਹ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ ਦੁਰਗਿਆਣਾ ਮੰਦਰ ਨਹੀਂ ਗਈ ਸੀ। ਸ਼ਾਬਾਸ਼!

ਕੀ ਸਾਡੇ ਗੁਰਮਤਿ ਵਿਹੂਣੇ ਸਿੱਖ ਲੀਡਰ ਇੰਗਲੈਂਡ ਦੀ ਮਹਾਰਾਣੀ ਤੋਂ ਹੀ ਕੋਈ ਸਿਖਿਆ ਪ੍ਰਾਪਤ ਕਰ ਕੇ ਸਿਧਾਂਤਕ ਦ੍ਰਿੜਤਾ ਵਿਖਾਉਣ ਦੀ ਜੁਰਅੱਤ ਕਰ ਸਕਣਗੇ ?

ਇਥੇ ਸਵਾਲ ਦੁਰਗਿਆਣਾ ਜਾਂ ਕਿਸੇ ਹੋਰ ਧਾਰਮਿਕ ਅਸਥਾਨ ਦੀ ਮਹਾਨਤਾ ਨੂੰ ਛੁਟਿਆਉਂਣ ਦਾ ਹਰਗਿਜ਼ ਨਹੀਂ ਹੈ। ਸਭ ਮਜ਼ਬਾਂ ਦੇ ਧਾਰਮਿਕ ਅਸਥਾਨ ਆਦਰਯੋਗ ਹਨ। ਇਥੇ ਗੱਲ ਕਿਸੇ ਮੰਦਰ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਬਰਾਬਰ ਮਾਨਤਾ ਦੇਣ ਦੀ ਹੈ। **ਦਰਬਾਰ ਸਾਹਿਬ ਮਨੁੱਖਤਾ ਲਈ ਰੂਹਾਨੀਅਤ ਦਾ ਇੱਕ ਵਿਲੱਖਣ ਕੇਂਦਰ ਹੈ ਜਿੱਥੋਂ ਮਨੁੱਖੀ ਬਰਾਬਰਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ 12 ਮਹੀਨੇ, 30 ਦਿਨ, 24 ਘੰਟੇ ਲਈ ਲਗਾਤਾਰ ਬੁਲੰਦ ਆਵਾਜ਼ ਵਿੱਚ ਦਿੱਤਾ ਜਾ ਰਿਹਾ ਹੈ। ਅਜਿਹੇ ਰੂਹਾਨੀਅਤ ਦੇ ਕੇਂਦਰ ਦੀ ਤੁਲਨਾ ਕਿਸੇ ਮੰਦਰ ਨਾਲ (ਜਿੱਥੋਂ ਮਨੁੱਖੀ ਨਾ-ਬਰਾਬਰਤਾ ਅਤੇ ਫ਼ਿਰਕਾਪ੍ਰਸਤੀ ਦਾ ਸੁਨੇਹਾ**

ਦਿੱਤਾ ਜਾ ਰਿਹਾ ਹੋਵੇ) ਤੁਲਨਾ ਕਰਨੀ ਕਿਸੇ ਪੱਖ ਤੋਂ ਵੀ ਉੱਚਿਤ ਨਹੀਂ ਹੋ ਸਕਦੀ। ਕਾਸ਼ ਇਸ ਸਿੱਧੀ-ਸਾਦੀ ਗੱਲ ਦੀ ਸਮਝ ਅਜੋਕੀ 'ਸਿੱਖ' ਲੀਡਰਸ਼ਿਪ ਨੂੰ ਵੀ ਕਿਤੇ ਆ ਜਾਵੇ!!

ਸਾਖੀ ਦਾ ਸਾਰ - ਅਧਿਆਇ 7

ਗੁਰੂ ਨਾਨਕ ਸਾਹਿਬ ਦਾ ਜਨਮ 1526 ਬਿਕਰਮੀ ਨੂੰ ਹੋਇਆ ਅਤੇ ਇਸ ਦੁਨੀਆਂ ਵਿੱਚ ਸੱਤਰ ਸਾਲ ਰਹਿ ਕੇ ਬਿਕਰਮੀ 1596 ਨੂੰ ਬੈਕੁੰਠ ਚਲੇ ਗਏ। ਉਨ੍ਹਾਂ ਤੋਂ ਬਾਅਦ ਭਾਈ ਲਹਿਣਾ ਜੀ, ਜੋ ਗੁਰੂ ਜੀ ਦੀ ਬਹੁਤ ਸੇਵਾ ਵਿੱਚ ਰਹੇ, ਨੂੰ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਰੂਪ ਵਿੱਚ ਗੁਰਗੱਦੀ ਮਿਲੀ। ਫਿਰ ਬਾਸਰਕੇ ਪਿੰਡ ਦੇ ਖੱਤਰੀ ਤੇਜਭਾਨ ਦੇ ਪੁੱਤਰ ਸ੍ਰੀ ਗੁਰੂ ਅਮਰਦਾਸ ਜੀ ਨੂੰ ਤੀਸਰੇ ਗੁਰੂ ਵਜੋਂ ਗੁਰਗੱਦੀ ਮਿਲੀ। ਗੁਰੂ ਅਮਰਦਾਸ ਜੀ ਦੀ ਲੜਕੀ ਬੀਬੀ ਭਾਨੀ ਜੋ ਵੱਡੇ ਭਾਗਾਂ ਵਾਲੀ ਸੀ, ਉਨ੍ਹਾਂ ਦੇ ਪਤੀ ਰਾਮਦਾਸ ਜੋ ਸੋਢੀ ਵੰਸ਼ ਦੇ ਸਨ, ਚੌਥੇ ਪਾਤਿਸ਼ਾਹ ਵਜੋਂ ਗੁਰਗੱਦੀ 'ਤੇ ਬੈਠੇ।

ਇਸ ਤੋਂ ਅੱਗੇ ਗੁਰਗੱਦੀ ਦਸਵੇਂ ਪਾਤਿਸ਼ਾਹ ਤੱਕ ਸੋਢੀ ਵੰਸ਼ ਵਿੱਚ ਹੀ ਰਹੀ। ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਹੋਏ। ਉਨ੍ਹਾਂ ਦੇ ਛੋਟੇ ਪੁੱਤਰ ਸ੍ਰੀ ਗੁਰੂ ਅਰਜੁਨ ਸਾਹਿਬ ਜੀ ਗੁਰਗੱਦੀ ਉੱਪਰ ਬੈਠੇ। ਉਸ ਵੇਲੇ ਅੰਮ੍ਰਿਤਸਰ ਸਰੋਵਰ ਦਾ ਨਿਰਮਾਣ ਹੋਇਆ ਅਤੇ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕੀਤੀ। ਉਨ੍ਹਾਂ ਦੇ ਘਰ ਹਰਿਗੋਬਿੰਦ ਜੀ ਪੈਦਾ ਹੋਏ, ਜੋ ਬਾਅਦ ਵਿੱਚ ਛੇਵੇਂ ਗੁਰੂ ਵਜੋਂ ਗੁਰਗੱਦੀ ਦੇ ਵਾਰਸ ਬਣੇ।

ਡਾ. ਕਿਰਪਾਲ ਸਿੰਘ ਜੀ ਦੇ ਸੰਪਾਦਕੀ ਫ਼ੁਟਨੋਟ

1. ਜਨਮਸਾਖੀ ਪਰੰਪਰਾ (ਰਚਿਤ ਡਾ. ਕਿਰਪਾਲ ਸਿੰਘ) ਅਨੁਸਾਰ ਗੁਰੂ ਨਾਨਕ ਸਾਹਿਬ ਦੇ ਅੰਗੀਠੇ 'ਤੇ ਸਮਾਧ ਬਣਾਈ ਗਈ ਸੀ, ਜੋ ਰਾਵੀ ਦਰਿਆ ਨੇ ਖੋਰ ਦਿੱਤੀ। ਗੁਰੂ ਜੀ ਦੇ ਪੋਤਰੇ ਧਰਮਚੰਦ ਨੇ ਉਸ ਸਮਾਧ ਵਾਲੀ ਥਾਂ ਤੋਂ ਥੋੜ੍ਹੀ ਜਿਹੀ ਰਾਖ ਲੈ ਕੇ ਰਾਵੀ ਦੇ ਪੂਰਬੀ ਕੰਢੇ 'ਤੇ, ਜਿਥੇ ਪਾਣੀ ਮਾਰ ਨਹੀਂ ਕਰ ਸਕਦਾ ਸੀ, ਇੱਕ ਨਵਾਂ ਅਸਥਾਨ 'ਦੇਹਰਾ ਬਾਬਾ ਨਾਨਕ' ਬਣਾਇਆ। ਇਸ ਸਥਾਨ ਦੇ ਆਲੇ-ਦੁਆਲੇ ਨਗਰ ਅਬਾਦ ਹੋਇਆ, ਜਿਸ ਦਾ ਨਾਂ ਡੇਰਾ ਬਾਬਾ ਨਾਨਕ ਪੈ ਗਿਆ।

2. ਗੁਰੂ ਅੰਗਦ ਸਾਹਿਬ ਜੀ ਦੇ ਪਿਤਾ ਭਾਈ ਫੇਰੂ, ਮੱਤੇ ਦੀ ਸਰਾਂ ਵਿਖੇ ਰਹਿੰਦੇ ਸਨ ਅਤੇ ਦੁਕਾਨ ਕਰਦੇ ਸਨ। ਕਵੀ ਸੰਤੋਖ ਸਿੰਘ ਵੱਲੋਂ ਗੁਰੂ ਅੰਗਦ ਸਾਹਿਬ ਜੀ ਦਾ ਜਨਮ ਹਰੀਕੇ ਪੱਤਣ ਦੱਸਣਾ ਗ਼ਲਤ ਹੈ, ਉਨ੍ਹਾਂ ਦਾ ਜਨਮ ਮੱਤੇ ਦੀ ਸਰਾਂ ਵਿਖੇ ਹੋਇਆ ਹੀ ਠੀਕ ਮੰਨਿਆ ਜਾਂਦਾ ਹੈ।

3. ਮਾਤਾ ਖੀਵੀ ਖਡੂਰ ਨਿਵਾਸੀ ਦੇਵੀ ਚੰਦ ਖੱਤਰੀ ਦੀ ਸਪੁੱਤਰੀ ਸੀ। ਇਨ੍ਹਾਂ ਦਾ ਦੇਹਾਂਤ ਸੰਮਤ 1639 ਭਾਵ 1582 ਈਸਵੀ ਵਿੱਚ ਹੋਇਆ। ਖਡੂਰ ਸਾਹਿਬ ਵਿੱਚ

ਇਨ੍ਹਾਂ ਦਾ ਦੇਹੁਰਾ ਬਣਿਆ ਹੈ।

4. ਤੇਜ ਭਾਨ ਜਾਂ ਤੇਜੋ ਮੱਲ ਜੀ ਦੇ ਚਾਰ ਪੁੱਤਰ ਹੋਏ। ਸਭ ਤੋਂ ਵੱਡੇ ਸ੍ਰੀ ਗੁਰੂ ਅਮਰਦਾਸ ਜੀ ਸਨ। ਛੋਟੇ ਤਿੰਨ ਪੁੱਤਰ ਸਨ : ਭਾਈ ਮਾਣਕ ਚੰਦ, ਭਾਈ ਈਸ਼ਰ ਦਾਸ ਤੇ ਭਾਈ ਖੇਮ ਰਾਇ ਜੀ।

5. ਗੁਰੂ ਅਮਰਦਾਸ ਜੀ ਨੇ ਦੂਰ-ਦੁਰਾਡੀਆਂ ਸੰਗਤਾਂ ਨਾਲ ਸੰਪਰਕ ਰੱਖਣ ਲਈ 22 ਮੰਜੀਆਂ ਸਥਾਪਤ ਕੀਤੀਆਂ। ਹਰ ਮੰਜੀ 'ਤੇ ਇੱਕ-ਇੱਕ ਗੁਰਸਿੱਖ ਨੂੰ ਉਪਦੇਸ਼ ਕਰਨ ਲਈ ਨਿਯੁਕਤ ਕੀਤਾ।

6. ਮਹਾਨ ਕੋਸ਼ ਅਨੁਸਾਰ, 22 ਮੰਜੀਆਂ ਦੇ ਅਧਿਕਾਰੀ ਇਹ ਗੁਰਸਿੱਖ ਸਨ : ਅੱਲਾਯਾਰ, ਸੱਚਨ ਸੱਚ, ਸਾਧਾਰਣ, ਸਾਵਣ ਮੱਲ, ਸੁੱਖਣ, ਹੁੰਦਾਲ, ਕੇਦਾਰੀ, ਖੇਡਾ, ਗੰਗੂਸ਼ਾਹ, ਦਰਬਾਰੀ, ਪਾਰੋ ਭਾਈ, ਫੇਰਾ, ਬੂਆ, ਬੇਣੀ, ਮਹੇਸਾ, ਮਾਈਦਾਸ, ਮਾਣਕ ਚੰਦ, ਮੁਰਾਰੀ, ਰਾਜਾਰਾਮ, ਰੰਗਸ਼ਾਹ, ਰੰਗਦਾਸ ਅਤੇ ਲਾਲੋ।

7. ਮਹਾਨ ਕੋਸ਼ ਵਿੱਚ ਗੁਰੂ ਰਾਮਦਾਸ ਜੀ ਦੇ ਮਾਤਾ ਦਾ ਨਾਮ ਦਯਾ ਕੌਰ ਦਿੱਤਾ ਹੋਇਆ ਹੈ, ਖੇਮ ਕੌਰ ਨਹੀਂ।

ਸਾਖੀ ਦਾ ਸਾਰ - ਅਧਿਆਇ 8

ਗੁਰ ਪਰਣਾਲੀ ਬਾਰੇ ਦਸਦੇ ਹੋਏ ਭਾਈ ਸੰਤੋਖ ਸਿੰਘ ਜੀ ਇਸ ਅਧਿਆਇ ਵਿੱਚ ਅੱਗੇ ਦਸਦੇ ਹਨ ਕਿ ਗੁਰਗੱਦੀ 'ਤੇ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਬਿਰਾਜਮਾਨ ਹੋਏ। ਉਨ੍ਹਾਂ ਦੀਆਂ ਤਿੰਨ ਸ਼ਾਦੀਆਂ ਹੋਈਆਂ। ਮੀਰੀ-ਪੀਰੀ ਦੇ ਮਾਲਿਕ ਦੇ ਘਰ ਪੰਜ ਪੁੱਤਰ ਹੋਏ। ਬਾਬਾ ਗੁਰਦਿੱਤਾ ਜੀ ਜੋ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ ਸਨ, ਉਨ੍ਹਾਂ ਦੇ ਦੋ ਪੁੱਤਰ ਹਰਿਰਾਇ ਜੀ ਅਤੇ ਧੀਰਮੱਲ ਜੀ ਹੋਏ। ਗੁਰੂ ਹਰਿਗੋਬਿੰਦ ਜੀ ਤੋਂ ਬਾਅਦ ਸ੍ਰੀ ਹਰਿਰਾਇ ਜੀ ਗੱਦੀ 'ਤੇ ਬੈਠੇ। ਅੱਗੋ ਹਰਿਰਾਇ ਜੀ ਦੇ ਦੋ ਪੁੱਤਰ ਹੋਏ ਰਾਮਰਾਇ ਜੀ ਤੇ ਹਰਿਕ੍ਰਿਸ਼ਨ ਜੀ। ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਬਾਲ ਉਮਰ ਵਿੱਚ ਗੱਦੀ 'ਤੇ ਬੈਠੇ। ਉਨ੍ਹਾਂ ਤੋਂ ਪਿੱਛੋਂ ਛੇਵੇਂ ਪਾਤਿਸ਼ਾਹ ਜੀ ਦੇ ਪੰਜਵੇਂ ਪੁੱਤਰ ਜੋ ਸ੍ਰੀ ਤੇਗ਼ ਬਹਾਦਰ ਜੀ ਸਨ, ਨੌਵੇਂ ਗੁਰੂ ਵਜੋਂ ਗੁਰਗੱਦੀ 'ਤੇ ਬੈਠੇ।

ਉਸ ਵੇਲੇ ਤੁਰਕ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਨੌਵੇਂ ਗੁਰੂ ਜੀ ਨੇ ਹਿੰਦੂ ਧਰਮ ਖ਼ਾਤਰ ਆਪਣਾ ਬਲੀਦਾਨ ਦਿੱਤਾ। ਫਿਰ ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਗੁਰੂ ਵਜੋਂ ਗੁਰਗੱਦੀ 'ਤੇ ਬੈਠੇ।

ਇਨ੍ਹਾਂ ਦੀਆਂ ਤਿੰਨ ਪਤਨੀਆਂ ਸਨ। ਇਨ੍ਹਾਂ ਦੇ ਘਰ ਚਾਰ ਬਲਵਾਨ ਪੁੱਤਰਾਂ ਦਾ ਜਨਮ ਹੋਇਆ।

ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ-ਪੰਥ ਪੈਦਾ ਕੀਤਾ, ਜਿਨ੍ਹਾਂ ਨੇ ਤੁਰਕਾਂ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਆਪ 1765 ਸੰਮਤ ਨੂੰ ਸੱਚਖੰਡ ਚਲੇ ਗਏ।

ਡਾ. ਕਿਰਪਾਲ ਸਿੰਘ ਜੀ ਦੇ ਸੰਪਾਦਕੀ ਫ਼ੁਟਨੋਟ

1. ਗੁਰੂ ਹਰਿਗੋਬਿੰਦ ਸਾਹਿਬ ਦੀਆਂ ਤਿੰਨ ਸ਼ਾਦੀਆਂ ਦਾ ਵੇਰਵਾ ਹੈ :

   ੳ) ਡੱਲਾ ਨਿਵਾਸੀ ਨਰਾਇਣ ਦਾਸ ਦੀ ਸਪੁੱਤਰੀ 'ਦਾਮੋਦਰੀ' ਜੀ।

   ਅ) ਬਾਬਾ ਬਕਾਲਾ ਨਿਵਾਸੀ ਹਰੀ ਚੰਦ ਦੀ ਸਪੁੱਤਰੀ 'ਨਾਨਕੀ' ਜੀ।

   ੲ) ਮੰਡਿਆਲੀ ਨਿਵਾਸੀ ਦਇਆ ਰਾਮ ਜੀ ਦੀ ਸਪੁੱਤਰੀ 'ਮਹਾਂਦੇਵੀ' ਜੀ।

2. ਭਾਈ ਸੰਤੋਖ ਸਿੰਘ ਨੇ ਗੁਰੂ ਹਰਿਰਾਇ ਜੀ ਦੀਆਂ ਅੱਠ ਸ਼ਾਦੀਆਂ ਦਾ ਜ਼ਿਕਰ ਕੀਤਾ ਹੈ, ਪਰ, ਕਿਸੇ ਵੀ ਸਰੋਤ ਤੋਂ ਇਸ ਦੀ ਪੁਸ਼ਟੀ ਨਹੀਂ ਹੁੰਦੀ।

3. ਬਾਬਾ ਬਕਾਲਾ, ਅੰਮ੍ਰਿਤਸਰ ਜਿਲ੍ਹੇ ਵਿੱਚ ਬਿਆਸ ਰੇਲਵੇ ਸਟੇਸ਼ਨ ਤੋਂ ਢਾਈ ਕੁ ਮੀਲ ਦੀ ਵਿੱਥ 'ਤੇ ਇੱਕ ਪਿੰਡ ਹੈ। ਗੁਰੂ ਤੇਗ਼ ਬਹਾਦਰ ਜੀ ਆਪਣੀ ਮਾਤਾ ਨਾਨਕੀ ਜੀ ਸਮੇਤ ਲੰਮੇ ਚਿਰ ਤੱਕ ਇੱਥੇ ਰਹੇ। ਮੱਖਣ ਸ਼ਾਹ ਲੁਬਾਣਾ ਨੇ ਇਥੋਂ ਹੀ ਗੁਰੂ ਸਾਹਿਬ ਜੀ ਨੂੰ ਪ੍ਰਗਟ ਕੀਤਾ। ਜਿੱਥੇ ਗੁਰੂ ਜੀ ਨਿਵਾਸ ਕਰਦੇ ਸਨ, ਉਸ ਦਾ ਨਾਮ 'ਭੋਰਾ ਸਾਹਿਬ' ਹੈ, ਜਿੱਥੇ ਉਨ੍ਹਾਂ ਗੁਰਗੱਦੀ ਪਰ ਬਿਰਾਜ ਕੇ ਦਰਸ਼ਨ ਦਿੱਤੇ। ਇਹ ਅਸਥਾਨ ਅੱਜਕਲ 'ਦਰਬਾਰ ਸਾਹਿਬ' ਕਰ ਕੇ ਜਾਣਿਆ ਜਾਂਦਾ ਹੈ। ਧੀਰ ਮੱਲ ਨੇ ਗੁਰੂ ਤੇਗ਼ ਬਹਾਦਰ ਜੀ ਉੱਪਰ ਇਥੇ ਹੀ ਗੋਲੀ ਚਲਾਈ ਸੀ। ਇਸ ਅਸਥਾਨ ਦਾ ਨਾਮ ਗੁਰਦਵਾਰਾ ਮੰਜੀ ਸਾਹਿਬ ਹੈ। ਸੁੰਦਰ ਤਲਾਬ ਬਣਿਆ ਹੈ। ਇਥੇ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੋਤੀ ਜੋਤਿ ਸਮਾਉਂਣ ਵਾਲੇ ਦਿਹਾੜੇ 'ਤੇ ਮੇਲਾ ਲਗਦਾ ਹੈ।

4. ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਅੰਮ੍ਰਿਤਸਰ ਵਿੱਚ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ। ਸ੍ਰੀ ਤੇਗ਼ ਬਹਾਦਰ ਜੀ ਜਦ ਗੁਰੂ ਵਜੋਂ ਪ੍ਰਗਟ ਹੋਏ ਤੇ ਅੰਮ੍ਰਿਤਸਰ ਆਏ ਤਾਂ ਪੁਜਾਰੀਆਂ ਦਾ 'ਹਰਿਮੰਦਰ' ਸਾਹਿਬ 'ਤੇ ਪੂਰੀ ਤਰ੍ਹਾਂ ਕਬਜ਼ਾ ਹੋਣ ਕਰ ਕੇ ਉਨ੍ਹਾਂ ਨੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ 'ਹਰਿਮੰਦਰ' ਸਾਹਿਬ ਦੇ ਦਰਸ਼ਨ ਕਰਨ ਲਈ ਦਾਖਲ ਨਹੀਂ ਹੋਣ ਦਿੱਤਾ। ਗੁਰੂ ਜੀ ਵੱਲਾ ਦੇ ਸਥਾਨ 'ਤੇ ਇਸ਼ਨਾਨ ਕਰ ਕੇ ਵਾਪਸ ਚਲੇ ਗਏ, ਜਿੱਥੇ ਗੁਰਦਵਾਰਾ ਸੁਭਾਇਮਾਨ ਹੈ।

5. ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਚਿੱਤਰ ਨਾਟਕ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਬਾਰੇ ਇਸ ਤਰ੍ਹਾਂ ਅੰਕਿਤਾ ਕੀਤਾ ਹੈ :

   ਠੀਕਰਿ ਫੋਰਿ ਦਿਲੀਸ ਸਿਰਿ, ਪ੍ਰਭ ਪੁਰ ਕੀਯਾ ਪਯਾਨ।
   ਤੇਗ ਬਹਾਦਰ ਸ੍ਰੀ ਕ੍ਰਿਆ, ਕਰੀ ਨ ਕਿਨਹੂੰ ਆਨ।

6. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ, ਹਾਹਾਕਾਰ ਮੱਚ ਗਈ। ਔਰੰਗਜ਼ੇਬ ਦਿੱਲੀ ਛੱਡ ਗਿਆ ਸੀ। ਫਿਰ ਮੁੜ ਦਿੱਲੀ ਵਿੱਚ ਦਾਖਲ ਨਹੀਂ ਹੋਇਆ। ਦੱਖਣੀ

ਰਿਆਸਤਾਂ ਨੂੰ ਜਿੱਤਣ ਲਈ ਮਰਹੱਟਿਆਂ ਨਾਲ ਲੜਦਾ ਹੋਇਆ 25 ਸਾਲ ਦੱਖਣ ਵਿੱਚ ਹੀ ਰਿਹਾ।

. ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਪਤਨੀਆਂ ਦਾ ਵੇਰਵਾ ਇਸ ਤਰ੍ਹਾਂ ਹੈ :

ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ।

ਮਾਤਾ ਜੀਤੋ ਜੀ ਲਾਹੌਰ ਨਿਵਾਸੀ ਹਰਿਜਸ ਸੁਭਿਖੀਏ ਖੱਤਰੀ ਦੀ ਸਪੁੱਤਰੀ ਸੀ, ਜਿਸ ਦਾ ਵਿਆਹ ਗੁਰੂ ਜੀ ਨਾਲ ਅਨੰਦਪੁਰ ਕੋਲ ਗੁਰੂ ਕੇ ਲਾਹੌਰ ਵਿਖੇ ਹੋਇਆ। ਇਨ੍ਹਾਂ ਦੀ ਕੁੱਖ ਤੋਂ ਸਾਹਿਬਜ਼ਾਦਾ ਜੁਝਾਰ ਸਿੰਘ, ਜੋਰਾਵਰ ਸਿੰਘ ਅਤੇ ਫਤਹਿ ਸਿੰਘ ਜਨਮੇ।

ਮਾਤਾ ਸੁੰਦਰੀ ਜੀ ਲਾਹੌਰ ਵਾਸੀ ਰਾਮਸਰਨ ਕੁਮਰਾਵ ਖੱਤਰੀ ਦੀ ਸਪੁੱਤਰੀ ਦਾ ਗੁਰੂ ਜੀ ਨਾਲ ਵਿਆਹ ਸੰਮਤ 1741 ਨੂੰ ਹੋਇਆ। ਇਨ੍ਹਾਂ ਦੀ ਕੁੱਖ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਜਨਮੇ। ਮਾਤਾ ਸਾਹਿਬ ਕੌਰ, ਰੋਹਤਾਸ ਨਿਵਾਸੀ ਭਾਈ ਰਾਮੂ ਖੱਤਰੀ ਦੀ ਸਪੁੱਤਰੀ ਸੀ, ਜਿਨ੍ਹਾਂ ਦਾ ਵਿਆਹ ਗੁਰੂ ਜੀ ਨਾਲ ਸੰਮਤ 1757 ਨੂੰ ਹੋਇਆ। ਗੁਰੂ ਜੀ ਨੇ ਸਾਰਾ ਖ਼ਾਲਸਾ ਪੰਥ ਇਨ੍ਹਾਂ ਦੀ ਝੋਲੀ ਵਿੱਚ ਪਾਇਆ। ਆਪ ਦੀ ਸਮਾਧੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਦੇਹੁਰੇ ਪਾਸ ਦਿੱਲੀ ਵਿੱਖੇ ਹੈ।

8. ਅਬਚਲ ਨਗਰ, ਮਹਾਂਰਾਸ਼ਟਰ ਦੇ ਨਾਂਦੇੜ (ਨੰਦੇੜ) ਸ਼ਹਿਰ ਕੋਲ ਗੋਦਾਵਰੀ ਦੇ ਕਿਨਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਵਿੱਤਰ ਧਾਮ ਹੈ, ਜਿੱਥੇ ਗੁਰੂ ਜੀ ਸੰਮਤ 1765 ਭਾਵ 1708 ਈਸਵੀ ਨੂੰ ਜੋਤੀ-ਜੋਤ ਸਮਾਏ। ਇਹ ਸਥਾਨ 'ਹਜ਼ੂਰ ਸਾਹਿਬ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਖ਼ਾਲਸੇ ਦਾ ਚੌਥਾ ਤਖ਼ਤ ਹੈ।

☆☆☆

6. ਗੁਰੂ ਅੰਗਦ ਸਾਹਿਬ ਦਾ ਖਡੂਰ ਵਿੱਚ ਛਪਣਾ ਤੇ ਪ੍ਰਗਟ ਹੋਣਾ

ਅਧਿਆਇ ਨੌਵਾਂ

ਮੂਲ ਪਾਠ

ਜਯੋਂ ਬਿਸਫੋਟ[6] ਪਕਯੋ ਦੁਖ ਦੇਤਿ ਹੈ ਚੋਟ ਲਗੇ ਪੁਨ ਹ੍ਵੈ ਅਧਿਕਾਈ।
ਤਿਉਂ ਬਿਵਹਾਰ, ਬਿਲੋਕਨਿ, ਬੋਲਨਿ, ਸ਼੍ਰੋਨ ਸੁਨੈ ਮੁਝ ਹੈ ਬਿਕੁਲਾਈ।
ਕੋਠੜੀ ਕੋ ਦਰ ਸੋ ਚਿਨ ਦੇਹੁ, ਕਹੋ ਕਿਸ ਪਾਸ ਨ, ਕੈਸੇ ਬਤਾਈ।
ਮੋ ਪਰ ਯੌਂ ਉਪਕਾਰ ਕਰੋ ਬਿਚ ਬੈਠ ਰਹੌਂ ਜਿਮਿ ਹ੍ਵੈ ਨ ਲਖਾਈ ॥੯॥

ਭਾਵ: ਜਿਵੇਂ ਪੱਕਿਆ ਹੋਇਆ ਫੋੜਾ[6] ਦੁੱਖ ਦਿੰਦਾ ਹੈ ਤੇ ਉਸ 'ਤੇ ਚੋਟ ਲੱਗੇ ਤਾਂ ਹੋਰ ਜ਼ਿਆਦਾ ਦੁੱਖ ਹੁੰਦਾ ਹੈ; ਉਸੇ ਤਰ੍ਹਾਂ ਕਾਰ-ਵਿਹਾਰ ਕਰਨ, ਦੇਖਣ, ਬੋਲਣ, ਕੰਨੀ ਸੁਣਨ ਨਾਲ ਮੈਨੂੰ ਵਿਆਕੁਲਤਾ ਹੁੰਦੀ ਹੈ। ਕੋਠੜੀ ਦੇ ਦਰਵਾਜ਼ੇ ਨੂੰ ਚਿਣ ਦੇਵੋ। ਕਿਸੇ ਪਾਸ ਵੀ ਗੱਲ ਨਾ ਕਰਨੀ, ਚਾਹੇ ਕੋਈ ਕੁੱਝ ਵੀ ਪੁੱਛੀ ਜਾਵੇ। ਇਸ ਤਰ੍ਹਾਂ ਮੇਰੇ 'ਤੇ ਇਹ ਉਪਕਾਰ ਕਰੋ, ਮੈਂ ਵਿੱਚੇ ਹੀ ਬੈਠਾ ਰਹਾਂ, ਜਿਸ ਨਾਲ ਕਿਸੇ ਨੂੰ ਪਤਾ ਨਾ ਲੱਗੇ।

ਸ੍ਰੀ ਗੁਰ ਕੋ ਰੁਖ[8] ਜਾਨ ਤਬੈ ਦਰ ਕੋ ਚਿਨ ਕੀਨੋ ਹੈ ਬੰਦ ਭਿਰਾਈ।
ਫੇਰ ਕਰਯੋ ਇਕ ਸਾਰ ਭਲੇ ਬਹੁ ਪੰਕ[9] ਲਗਾਇ ਕੈ ਕੀਨ ਲਿਪਾਈ।
ਕੋਇ ਨ ਜਾਨ ਸਕੈ ਦਰੁ ਕੋ, ਇਸ ਭਾਂਤਿ ਕਿਯੋ ਜਿਮਿ ਸ੍ਰੀ ਗੁਰ ਭਾਈ।
ਬੀਤਿ ਗਏ ਇਸਿ ਰੀਤ ਛਿਮਾਸ[10] ਅਲੋਪ ਭਏ, ਨਹਿੰ ਕਾਹੂੰ ਲਖਾਈ ॥੧੦॥

ਭਾਵ : ਸ੍ਰੀ ਗੁਰੂ ਅੰਗਦ ਸਾਹਿਬ ਦੇ ਚਿਹਰੇ[8] ਦਾ ਭਾਵ ਜਾਣ ਕੇ ਤਦ ਮਾਈ ਭਿਰਾਈ ਨੇ ਦਰਵਾਜ਼ੇ ਨੂੰ ਚਿਣ ਕੇ ਬੰਦ ਕਰ ਦਿੱਤਾ। ਫੇਰ ਚੰਗੀ ਤਰ੍ਹਾਂ ਨਾਲ ਬਹੁਤ ਸਾਰਾ ਗਾਰਾ[9] ਲਗਾ ਕੇ ਲਿਪਾਈ ਕਰ ਦਿੱਤੀ ਤੇ ਦਰਵਾਜ਼ਾ ਇੱਕਸਾਰ ਕਰ ਦਿੱਤਾ। ਕੋਈ ਵੀ ਦਰਵਾਜ਼ੇ ਨੂੰ ਭਾਲ ਨਹੀਂ ਸੀ ਸਕਦਾ। ਉਸ ਨੇ ਇਸ ਤਰ੍ਹਾਂ ਕਰ ਦਿੱਤਾ, ਜਿਸ ਤਰ੍ਹਾਂ ਗੁਰੂ ਜੀ ਨੇ ਚਾਹਿਆ ਸੀ। ਇਸ ਅਨੁਸਾਰ ਗੁਰੂ ਅੰਗਦ ਸਾਹਿਬ ਜੀ ਨੂੰ ਅਲੋਪ ਹੋਇਆਂ ਨੂੰ ਛੇ[10] ਮਹੀਨੇ ਬੀਤ ਗਏ ਤੇ ਕਿਸੇ ਨੂੰ ਵੀ ਦਿਖਾਈ ਨਹੀਂ ਸੀ ਦਿੱਤੇ।

ਦਾਸਨ ਕੀ ਬਿਨਤੀ ਸੁਨ ਕੈ ਗਿਨਤੀ ਤਜ ਆਨ ਸੁ ਬਾਹਰ ਆਏ।
ਪੀਤ[11] ਹੈ ਰੰਗ, ਸੁ ਦੂਬਰੇ[12] ਅੰਗ, ਉਮੰਗ ਮਹਾਂ ਗੁਰ ਜਯੋਂ ਦਰਸਾਏ।

ਦੇਖਤਿ ਭੇ ਤਿਨਿ ਦਾਸਨ ਕੋ ਗੁਰ ਨਾਨਕ ਪਾਸ ਜੁ ਥੇ ਸਮੁਦਾਇ।
ਪ੍ਰੇਮ ਪ੍ਰਵਾਹਿ ਬਧਯੋ ਉਰ ਮੈਂ ਉਚਰਯੋ ਤਬਿ ਏਕ ਸਲੋਕ ਬਨਾਇ ॥੨੨॥

ਭਾਵ : ਸੇਵਕਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਸਭ ਗਿਣਤੀਆਂ ਨੂੰ ਛੱਡ ਕੇ ਬਾਹਰ ਆ ਗਏ ਸਨ। ਉਨ੍ਹਾਂ ਦਾ ਰੰਗ ਪੀਲਾ[11] ਹੋ ਚੁੱਕਿਆ ਸੀ। ਸਰੀਰ ਦੇ ਅੰਗ ਕਮਜ਼ੋਰ[12] ਸਨ। ਫਿਰ ਵੀ ਜਦ ਗੁਰੂ ਜੀ ਦੇ ਦਰਸ਼ਨ ਹੋਏ ਤਾਂ ਸਿੱਖਾਂ ਨੂੰ ਬਹੁਤ ਚਾਅ ਚੜ੍ਹ ਗਿਆ ਸੀ। ਗੁਰੂ ਜੀ ਨੇ (ਜਦ) ਉਨ੍ਹਾਂ ਸਿੱਖਾਂ ਨੂੰ ਤੱਕਿਆ, ਜੋ ਗੁਰੂ ਨਾਨਕ ਜੀ ਨਾਲ ਇਕੱਠੇ ਰਹਿੰਦੇ ਸਨ, (ਦੇਖ ਕੇ) ਉਨ੍ਹਾਂ ਦੇ ਹਿਰਦੇ ਵਿੱਚ ਪ੍ਰੇਮ ਦੀ ਲਹਿਰ ਵਧ ਗਈ ਤੇ ਉਨ੍ਹਾਂ ਇੱਕ ਸਲੋਕ ਰਚਦੇ ਹੋਏ ਇਸ ਤਰ੍ਹਾਂ ਉਚਾਰਨ ਕੀਤਾ।

ਸ੍ਰੀ ਮੁੱਖਵਾਕ ॥ ਮ:੨॥

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥ (ਮ:੨, ੮੩)

ਗੁਰਮਤਿ ਤੇ ਸਮਾਧੀ

ਜਿੱਥੇ ਇਹ ਗੱਲ ਸੁਭਾਵਕ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਇਹ ਸੰਕੇਤ ਦਿੱਤੇ ਜਾਣ ਪਿੱਛੋਂ ਕਿ ਉਨ੍ਹਾਂ ਦਾ (ਗੁਰੂ ਨਾਨਕ ਸਾਹਿਬ ਦਾ) ਜੋਤੀ-ਜੋਤਿ ਸਮਾਉਣ ਦਾ ਸਮਾਂ ਨੇੜੇ ਆ ਗਿਆ ਹੈ, ਗੁਰੂ ਅੰਗਦ ਸਾਹਿਬ ਬਹੁਤ ਹੀ ਵੈਰਾਗਮਈ ਅਵੱਸਥਾ ਵਿੱਚ ਆ ਗਏ ਹੋਣਗੇ, ਉੱਥੇ ਇਹ ਗੱਲ ਗੁਰਮਤਿ ਫ਼ਲਸਫ਼ੇ ਨਾਲ ਮੇਲ ਨਹੀਂ ਖਾਂਦੀ ਕਿ ਗੁਰੂ ਅੰਗਦ ਸਾਹਿਬ ਗੁਰੂ ਨਾਨਕ ਸਾਹਿਬ ਵੱਲੋਂ ਸਰਬੱਤ ਦੇ ਭਲੇ ਲਈ ਅਰੰਭ ਕੀਤੀ ਇਨਕਲਾਬੀ ਲਹਿਰ ਪ੍ਰਤੀ ਲਾ-ਪਰਵਾਹੀ ਵਰਤ ਕੇ, ਛੇ ਮਹੀਨੇ ਤੱਕ ਆਪਣੇ ਆਪ ਨੂੰ ਇੱਕ ਕੋਠੜੀ ਵਿੱਚ ਬੰਦ ਕਰ ਕੇ ਸਮਾਧੀ ਲਾ ਕੇ ਬੈਠੇ ਰਹੇ ਹੋਣ। ਵੈਸੇ ਵੀ, **ਸਮਾਧੀਆਂ ਲਾ ਕੇ ਬਹਿਣਾ ਗੁਰਮਤਿ ਦਾ ਅਸੂਲ ਨਹੀਂ ਹੈ।**

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ (ਮ:੧, ੧)

ਭਾਵ : ਜੇ ਮੈਂ (ਸਰੀਰ ਦੀ) ਇਕ-ਤਾਰ ਸਮਾਧੀ ਲਾਈ ਰੱਖਾਂ; (ਤਾਂ ਭੀ ਇਸ ਤਰ੍ਹਾਂ) ਚੁੱਪ ਕਰ ਰਹਿਣ ਨਾਲ ਮਨ ਦਾ ਟਿਕਾਉ (ਸੁਰਤਿ-ਸ਼ਬਦ ਦਾ ਮੇਲ) ਪ੍ਰਾਪਤ ਨਹੀਂ ਹੁੰਦਾ।

ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥ (ਮ:੧, ੭੩੦)

ਭਾਵ : (ਘਰੋਂ) ਬਾਹਰ ਮੜ੍ਹੀਆਂ ਵਿੱਚ ਮਸਾਣਾਂ ਵਿੱਚ ਰਿਹਾਂ ਪ੍ਰਭੂ-ਮੇਲ ਨਹੀਂ ਹੁੰਦਾ, ਸਮਾਧੀਆਂ ਲਾਇਆਂ ਭੀ ਰੱਬ ਨਹੀਂ ਮਿਲਦਾ।

ਸਿੱਖ ਨੇ ਧਰਮ ਦੀ ਕਿਰਤ ਕਰਦਿਆਂ ਹੀ ਆਪਣੀ ਸੁਰਤਿ (ਧਿਆਨ) ਨੂੰ ਪ੍ਰਭੂ-ਪਿਤਾ ਦੀ ਹਜ਼ੂਰੀ ਵਿੱਚ ਜੋੜੀ ਰੱਖਣਾ ਹੁੰਦਾ ਹੈ। ਕੀ ਅਜਿਹਾ ਗੁਰ-ਇਤਿਹਾਸ ਅੰਕਿਤ ਕਰ ਕੇ ਗੁਰਮਤਿ ਨੂੰ ਜੋਗ-ਮੱਤ ਨਾਲ ਰਲ-ਗੱਡ ਕਰਨ ਦੀ ਸ਼ਰਾਰਤ ਤਾਂ ਨਹੀਂ ਕੀਤੀ ਗਈ?

ਭਾਈ ਬਾਲਾ ਸੰਧੂ (ਜੱਟ) ਗੁਰੂ ਨਾਨਕ ਸਾਹਿਬ ਦਾ ਨਿਕਟਵਰਤੀ ਸਿੱਖ ?

ਇੰਜ ਲਗਦਾ ਹੈ ਕਿ ਹਿੰਦਾਲੀਆਂ ਨੇ ਗੁਰੂ ਅੰਗਦ ਸਾਹਿਬ ਵੱਲੋਂ ਲਿਖਵਾਈ ਗਈ ਅਸਲੀ ਜਨਮਸਾਖੀ (ਗੁਰੂ ਨਾਨਕ ਸਾਹਿਬ ਦਾ ਜੀਵਨ-ਬਿਰਤਾਂਤ) ਖ਼ੁਰਦ-ਬੁਰਦ ਕਰ ਕੇ, ਇੱਕ ਮਨੋਕਲਪਿਤ ਪਾਤਰ 'ਬਾਲਾ ਸੰਧੂ' ਖੜ੍ਹਾ ਕਰ ਕੇ, ਨਕਲੀ ਜਨਮਸਾਖੀ ਲਿਖਵਾਈ ਸੀ ਤਾਕਿ ਬਾਬਾ ਹਿੰਦਾਲ (ਜੋ ਕਿ ਗੁਰੂ ਨਾਨਕ ਸਾਹਿਬ ਦਾ ਨਿਕਟਵਰਤੀ ਸਿੱਖ ਸੀ) ਨੂੰ ਗੁਰੂ ਨਾਨਕ ਸਾਹਿਬ ਨਾਲੋਂ ਵੀ ਵੱਡੇ ਪ੍ਰਤਾਪ ਵਾਲਾ ਸਾਬਤ ਕੀਤਾ ਜਾ ਸਕੇ।

ਗੁਰਬਾਣੀ ਦੀ ਦੁਰ-ਵਿਆਖਿਆ

ਉੱਪਰ ਅੰਕਿਤ ਕੀਤੇ ਜਾ ਚੁੱਕੇ (ਗੁਰੂ ਅੰਗਦ ਸਾਹਿਬ ਦੇ ਉਚਾਰਨ ਕੀਤੇ) ਸ਼ਲੋਕ ਦਾ ਭਾਵ ਵੀ ਤੋੜ-ਮੋੜ ਕੇ ਗ਼ਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਸ਼ਲੋਕ ਦਾ ਭਾਵ ਹੇਠ ਲਿਖੇ ਅਨੁਸਾਰ ਹੀ ਠੀਕ ਲਗਦਾ ਹੈ -

ਪਦ-ਅਰਥ :

ਆਗੈ-ਸਾਹਮਣੇ, ਦਰ 'ਤੇ। ਮਰਿ ਚਲੀਐ-ਆਪਾ-ਭਾਵ ਮਿਟਾ ਦੇਈਏ। ਤਾਕੈ ਪਾਛੈ-ਉਸ ਵੱਲੋਂ ਮੂੰਹ ਮੋੜ ਕੇ (ਬੇ-ਮੁੱਖ ਹੋ ਕੇ)।

ਭਾਵ: ਜਿਸ ਪਿਆਰੇ ਨਾਲ ਅਤਿ ਦਾ ਪ੍ਰੇਮ ਹੋਵੇ, ਉਸ ਦਾ ਹੁਕਮ ਸਿਰ-ਮੱਥੇ 'ਤੇ (ਆਪਣੀ ਮੱਤ ਤਿਆਗ ਕੇ) ਮੰਨਣਾ ਚਾਹੀਦਾ ਹੈ। ਉਸ ਪਿਆਰੇ ਦੇ ਹੁਕਮ ਵੱਲੋਂ ਬੇ-ਮੁੱਖ ਹੋ ਕੇ ਜੀਵਣਾ ਫ਼ਿਟਕਾਰਯੋਗ ਹੈ।

ਨੋਟ: ਇਥੇ (ਕਵੀ ਵੱਲੋਂ) ਇਸ ਸ਼ਲੋਕ ਦਾ ਭਾਵ ਇਹ ਦਰਸਾਇਆ ਜਾ ਰਿਹਾ ਹੈ ਕਿ ਜਿਸ ਪਿਆਰੇ (ਗੁਰੂ ਨਾਨਕ ਸਾਹਿਬ) ਨਾਲ ਅਤਿ ਦਾ ਪ੍ਰੇਮ ਹੈ ਉਸ ਦੇ ਜੋਤੀ-ਜੋਤਿ ਸਮਾਉਂਣ ਤੋਂ ਪਹਿਲਾਂ ਹੀ ਸਾਨੂੰ (ਗੁਰੂ ਅੰਗਦ ਸਾਹਿਬ ਨੂੰ) ਸਰੀਰ ਤਿਆਗ ਦੇਣਾ ਚਾਹੀਦਾ ਸੀ। ਇੰਜ, ਇਸ ਗੁਰਮਤਿ ਸਿਧਾਂਤ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਹੈ। ਸੰਭਵ ਹੈ ਕਿ ਅਜਿਹੀ ਸ਼ਰਾਰਤ ਕਵੀ ਸੰਤੋਖ ਸਿੰਘ ਜੀ ਨਾਲ ਮਦਦ ਲਈ ਲਗਾਏ ਹੋਏ ਪੰਡਿਤਾਂ ਨੇ (ਕਵੀ ਜੀ ਦੇ ਅਕਾਲ ਚਲਾਣੇ ਤੋਂ ਬਾਅਦ) ਉਨ੍ਹਾਂ ਦੀ ਇਸ ਕਾਵਿ-ਰਚਨਾ ਵਿੱਚ ਵਾਧੇ-ਘਾਟੇ ਕਰ ਕੇ ਕੀਤੀ ਹੋਵੇ।

ਸਾਖੀ ਦਾ ਸਾਰ

ਗੁਰੂ ਅੰਗਦ ਸਾਹਿਬ ਗੁਰਗੱਦੀ ਪ੍ਰਾਪਤ ਕਰਨ ਪਿੱਛੋਂ, ਗੁਰੂ ਨਾਨਕ ਸਾਹਿਬ ਜੀ ਦੀ ਆਗਿਆ ਅਨੁਸਾਰ, ਕਰਤਾਰਪੁਰ ਤੋਂ ਖਡੂਰ ਚਲੇ ਗਏ। ਵਿਛੋੜੇ ਦੇ ਦੁੱਖ ਨੇ ਉਨ੍ਹਾਂ ਨੂੰ ਵਿਆਕੁਲ ਕਰ ਦਿੱਤਾ। ਉਨ੍ਹਾਂ ਘਰ ਜਾ ਕੇ ਮੌਨ ਧਾਰ ਲਿਆ। ਮਾਈ ਭਿਰਾਈ ਨੇ ਉਨ੍ਹਾਂ ਨੂੰ ਪੁੱਛਿਆ, "ਕੀ ਗੁਰੂ ਨਾਨਕ ਜੀ ਪਰਲੋਕ ਸਿਧਾਰ ਗਏ ਹਨ ?" ਤਾਂ ਉਨ੍ਹਾਂ ਕਿਹਾ ਕਿ ਇਸ ਵਕਤ ਉਨ੍ਹਾਂ ਨੂੰ ਕੁੱਝ ਵੀ ਚੰਗਾ ਨਹੀਂ ਲਗਦਾ। ਤੁਸੀਂ ਇਸ ਕੋਠੜੀ ਦਾ ਦਰਵਾਜ਼ਾ ਬੰਦ ਕਰ ਦੇਵੋ, ਮੈਂ ਕੋਠੜੀ ਅੰਦਰ ਬੈਠਾ ਰਹਾਂਗਾ ਤਾ ਕਿ ਕਿਸੇ ਨੂੰ ਪਤਾ ਨਾ ਲੱਗੇ। ਤਾਂ ਮਾਈ

ਭਿਰਾਈ ਨੇ ਦਰਵਾਜ਼ਾ ਬੰਦ ਕਰ ਦਿੱਤਾ ਸੀ ਅਤੇ ਚਿਣਾਈ ਕਰ ਕੇ ਗਾਰੇ ਨਾਲ ਲਿਪਾਈ ਕਰ ਦਿੱਤੀ।

ਇਸ ਤਰ੍ਹਾਂ ਅਲੋਪ ਹੋਇਆਂ ਨੂੰ ਜਦ ਛੇ ਮਹੀਨੇ ਹੋ ਗਏ ਤਾਂ ਬਾਬਾ ਬੁੱਢਾ ਜੀ ਤੇ ਹੋਰ ਸਿੱਖ ਇਕੱਠੇ ਹੋਏ, ਜਿਨ੍ਹਾਂ ਦੇ, ਗੁਰੂ ਜੀ ਨੂੰ ਢੂੰਡਦਿਆਂ, ਚਿਹਰੇ ਮੁਰਝਾਅ ਗਏ ਸਨ। ਸਾਰੇ ਉੱਥੇ ਚਲੇ ਗਏ। ਮਾਈ ਭਿਰਾਈ ਨੂੰ ਪੁੱਛਿਆ ਤਾਂ ਉਹ ਬੋਲਣ ਦੀ ਬਜਾਏ ਮੌਨ ਧਾਰਨ ਕਰ ਕੇ ਬੈਠੀ ਰਹੀ। ਬਾਬਾ ਬੁੱਢਾ ਜੀ ਜਾਣ ਗਏ ਕਿ ਗੁਰੂ ਅੰਗਦ ਸਾਹਿਬ ਜੀ ਇੱਥੇ ਹੀ ਹਨ। ਉਨ੍ਹਾਂ ਕਿਹਾ ਮੇਰਾ ਨਾਮ ਬੁੱਢਾ ਹੈ, ਆਪ ਨੂੰ ਲੱਭਦੇ ਹੋਏ ਬਹੁਤ ਚਿੰਤਾ ਵਿੱਚ ਹਾਂ। ਆਪਣਾ ਰੂਪ ਵਿਖਾਵੋ ਤਾ ਕਿ ਸਿੱਖ ਸੇਵਕ ਆਪ ਦੇ ਦਰਸ਼ਨ ਕਰ ਕੇ ਸੇਵਾ ਕਰ ਸਕਣ, ਤੇ ਬਾਬਾ ਬੁੱਢਾ ਜੀ ਨੇ ਬੰਦ ਕੀਤਾ ਦਰਵਾਜ਼ਾ ਉਖੇੜ ਦਿੱਤਾ। ਅੰਦਰ ਗੁਰੂ ਜੀ ਬਿਰਾਜਮਾਨ ਸਨ। ਫਿਰ ਸੰਗਤ ਦੀ ਬੇਨਤੀ ਸੁਣ ਕੇ ਗੁਰੂ ਜੀ ਸਮਾਧੀ ਤੋਂ ਬਾਹਰ ਆ ਗਏ ਸਨ। ਉਨ੍ਹਾਂ ਸੰਗਤ ਨੂੰ ਦਰਸ਼ਨ ਦਿੱਤੇ। ਉਪਦੇਸ਼ ਦਿੱਤਾ ਕਿ ਸਤਿਨਾਮ ਦਾ ਜਾਪ ਕਰੋ। ਸੰਗਤ ਉੱਥੇ ਟਿਕ ਗਈ ਸੀ, ਜਿਵੇਂ-ਜਿਵੇਂ ਪਤਾ ਚਲਦਾ ਗਿਆ, ਸੇਵਕ ਉੱਥੇ ਪਹੁੰਚਣ ਲੱਗੇ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁੱਟਨੋਟ

1. ਮਹਿਮਾ-ਪ੍ਰਕਾਸ਼ ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਨਾ 413 ਉੱਪਰ ਗੁਰੂ ਅੰਗਦ ਸਾਹਿਬ ਦੇ ਖਡੂਰ ਸਾਹਿਬ ਚਲੇ ਜਾਣ ਬਾਰੇ ਇਸ ਤਰ੍ਹਾਂ ਲਿਖਿਆ ਹੈ :-

   ਗੁਰੂ ਅੰਗਦ ਜੀ ਕੋ ਬਾਬਾ ਜੀ ਕਹਾ। ਗ੍ਰਹ ਲੋਕ ਬੁਲਾਇ ਬਸੋ ਸਭ ਈਹਾ।
   ਖਡੂਰ ਬਸੇ ਤੁਮਰੇ ਸਸੁਰਾਰ। ਤਹਾਂ ਬਸੋ ਨਿਕਟਿ ਹੋਵੈ ਸੁਖਸਾਰ।

2. ਮਾਈ ਭਿਰਾਈ ਦਾ ਪਿਛਲਾ ਪਿੰਡ ਮੱਤੇ ਦੀ ਸਰਾਂ ਸੀ ਤੇ ਉਹ ਖਡੂਰ ਵਿਆਹੀ ਹੋਈ ਸੀ। ਗੁਰੂ ਅੰਗਦ ਸਾਹਿਬ ਦੀ ਭੂਆ ਲਗਦੀ ਸੀ। ਬਹੁਤ ਧਰਮਾਤਮਾ ਸੀ ਜੋ ਗੁਰੂ ਜੀ ਦੀ ਸੇਵਾ ਬੜੇ ਪ੍ਰੇਮ-ਭਾਵ ਨਾਲ ਕਰਦੀ। ਰੋਜ਼ਾਨਾ ਗੁਰੂ ਜੀ ਦੇ ਹੁਕਮ ਅਨੁਸਾਰ ਉਨ੍ਹਾਂ ਨੂੰ ਪਾਉ-ਭਰ ਦੀ ਅਲੂਣੀ ਤੇ ਰੁੱਖੀ ਰੋਟੀ ਪੱਕਾ ਕੇ ਭੇਂਟ ਕਰਦੀ ਸੀ। ਜਿੱਥੇ ਮਾਈ ਭਿਰਾਈ ਦਾ ਘਰ ਸੀ, ਉੱਥੇ ਅੱਜ-ਕਲ 'ਗੁਰਦਵਾਰਾ ਮਾਈ ਭਿਰਾਈ' ਸੁਭਾਇਮਾਨ ਹੈ। (ਮਹਾਨ ਕੋਸ਼, ਪੰਨਾ 1104)

3. ਦਰਵਾਜ਼ੇ ਨੂੰ ਚਿਣ ਦੇਣ ਬਾਰੇ ਮਹਿਮਾ-ਪ੍ਰਕਾਸ਼, ਭਾਗ-ਦੂਜਾ, ਸਾਖੀ ਪਹਿਲੀ ਵਿੱਚ ਇਸ ਤਰ੍ਹਾਂ ਅੰਕਿਤ ਕੀਤਾ ਹੈ :

   ਭਿਰਾਈ ਦੁਆਰ ਬੰਦ ਤਬ ਕੀਨਾ। ਲੇਪਨ ਅਰੁ ਪੋਚਨ ਕਰ ਦੀਨਾ।
   ਸਤਿਗੁਰ ਮਨ ਜੈਸੀ ਹੈ ਭਾਈ। ਭਿਰਾਈ ਤੁਰਤੇ ਦੀਨ ਬਨਾਈ ॥੬॥
   (ਮਹਿਮਾ-ਪ੍ਰਕਾਸ਼, ਪੰਨਾ 74)

4. ....

5. ਬਾਲਾ ਸੰਧੂ ਤਲਵੰਡੀ ਨਨਕਾਣੇ ਦੇ ਵਸਨੀਕ ਚੰਦਰਭਾਨ ਸੰਧੂ ਜੱਟ ਦਾ ਪੁੱਤਰ ਸੀ। ਜੋ ਜਨਮਸਾਖੀ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦੇ ਨਾਲ ਸਾਰੇ ਸਫ਼ਰਾਂ ਵਿੱਚ ਰਿਹਾ ਦੱਸਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੀ ਜੀਵਨ-ਕਥਾ, ਗੁਰੂ ਅੰਗਦ ਜੀ ਨੂੰ ਇਸ ਨੇ ਹੀ ਅੰਕਿਤ ਕਰਾਈ ਜੋ 'ਭਾਈ ਬਾਲੇ ਵਾਲੀ ਜਨਮਸਾਖੀ' ਵਜੋਂ ਪ੍ਰਸਿੱਧ ਹੋਈ। ਬਾਲੇ ਦਾ ਦੇਹਾਂਤ ਖਡੂਰ ਸਾਹਿਬ ਵਿਖੇ ਹੋਇਆ ਅਤੇ ਇਸ ਦਾ ਦਾਹ-ਸੰਸਕਾਰ ਗੁਰੂ ਅੰਗਦ ਸਾਹਿਬ ਨੇ ਆਪਣੇ ਹੱਥੀਂ ਕੀਤਾ। ਖਡੂਰ ਸਾਹਿਬ ਗੁਰਦਵਾਰਾ ਤਪਿਆਨਾ ਸਾਹਿਬ ਦੇ ਪਾਸ ਭਾਈ ਬਾਲੇ ਦੀ ਸਮਾਧ ਬਣੀ ਹੈ।

✡✡✡

7. ਗੁਰੂ ਜੀ ਦਾ ਨਿੱਤ ਦਾ ਕਰਮ, ਸਿੱਧਾਂ ਦਾ ਮੇਲ ਅਤੇ ਬਾਦਸ਼ਾਹ ਹਮਾਯੂੰ ਦਾ ਆਉਣਾ

ਅਧਿਆਇ ਦਸਵਾਂ

ਮੂਲ ਪਾਠ

ਸ੍ਰੀ ਨਾਨਕ ਖੇ ਜ਼ਾਤਿ ਖ਼ੁਦਾਇ। ਤਿਨ ਕੀ ਬਖਸ਼ਸ਼ਿ ਹੋਤਿ ਬਿਲਾਇ।
ਇਹ ਕਯਾ ਕਾਰਨ? ਬੂਝਨ ਆਵਾ। ਤੁਮ ਸੌਂ ਉਨ ਕੌ ਭੇਦ ਨ ਪਾਵਾ ॥੫੯॥

ਸ੍ਰੀ ਅੰਗਦ ਸੁਨਿ ਕੈ ਕਹਿ ਬਾਨੀ। 'ਕਛੂ ਬਿਅਦਲੀ[3] ਕੀਨ ਮਹਾਨੀ॥
ਯਾਂਤੇ ਭਯੋ ਤੋਹਿ ਤ੍ਰਿਸਕਾਰਾ[4]। ਅਬਿ ਜੇ ਧਰਤਿ ਨ ਕਰ ਤਰਵਾਰਾ ॥੬੦॥

ਤੌ ਪਤਿਸਾਹਿਤਿ ਅਬਿਹੀ ਪਾਵਤਿ। **ਦਰਸਨ ਕੌ ਫਲ ਅਨੰਦ ਬਧਾਵਤਿ।**
ਜਾਇ ਵਿਲਾਇਤ[5] ਅਬਿ ਫਿਰ ਆਵੋ। ਛੱਤ੍ਰ ਤਖਤ ਦਿੱਲੀ ਪੁਨ ਪਾਵੋ ॥੬੧॥

ਭਾਵ : ਸ੍ਰੀ ਨਾਨਕ ਜੀ ਖ਼ੁਦਾ ਦੇ ਹੀ ਰੂਪ ਸਨ। ਉਨ੍ਹਾਂ ਦੀ ਬਖਸ਼ਿਸ਼ ਹੁਣ ਕਿਉਂ ਸੱਚੀ ਨਹੀਂ ਹੋ ਰਹੀ, ਇਹ ਕੀ ਕਾਰਨ ਹੋਇਆ ਹੈ? ਮੈਂ ਇਹ ਹੀ ਪੁੱਛਣ ਲਈ ਆਇਆ ਹਾਂ। ਉਹ ਜੋ ਆਪ ਜੀ ਦੇ ਵਿੱਚ ਹੀ ਹਨ, ਮੈਂ ਉਨ੍ਹਾਂ ਦੇ ਇਸ ਭੇਦ ਨੂੰ ਜਾਣ ਨਹੀਂ ਸਕਿਆ ॥੫੯॥

ਗੁਰੂ ਅੰਗਦ ਸਾਹਿਬ ਜੀ ਨੇ ਸੁਣ ਕੇ ਬਚਨ ਕੀਤਾ, "ਤੂੰ ਕੋਈ ਵੱਡੀ ਬੇ-ਇਨਸਾਫ਼ੀ[3] ਕੀਤੀ ਹੈ, ਇਸ ਕਰ ਕੇ ਤੁਹਾਡੀ ਨਿਰਾਦਰੀ[4] ਹੋਈ ਹੈ। ਜੇਕਰ ਹੁਣ ਤੂੰ ਤਲਵਾਰ 'ਤੇ ਹੱਥ ਨਾ ਧਰਦਾ ॥੬੦॥

ਤਾਂ ਤੂੰ ਹੁਣੇ ਹੀ ਬਾਦਸ਼ਾਹੀ ਪ੍ਰਾਪਤ ਕਰ ਲੈਣੀ ਸੀ। ਪਰ, ਫੇਰ ਵੀ (ਗੁਰੂ-ਘਰ) ਦੇ ਦਰਸ਼ਨਾਂ ਦਾ ਫ਼ਲ ਤੁਹਾਡੇ ਅਨੰਦ ਵਿੱਚ ਵਾਧਾ ਕਰੇਗਾ। ਹੁਣ ਤੁਸੀਂ ਆਪਣੇ ਦੇਸ਼[5] ਜਾਵੋ, ਉੱਥੋਂ ਦੁਬਾਰਾ ਫਿਰ ਆਇਓ। ਤੁਸੀਂ ਦਿੱਲੀ ਦੇ ਤਖ਼ਤ ਦਾ ਛਤਰ ਫਿਰ ਪ੍ਰਾਪਤ ਕਰੋਗੇ ॥੬੧॥

ਟਿੱਪਣੀਆਂ

ਸਾਖੀ ਦਾ ਇਹ ਭਾਗ (ਬੰਦ ਨੰਬਰ ੫੯, ੬੦, ੬੧) ਕਵੀ ਸੰਤੋਖ ਸਿੰਘ ਜੀ ਦੀ ਕਲਪਿਤ (ਕਾਵਿ-ਉਡਾਰੀ) ਰਚਨਾ ਹੀ ਜਾਪਦੀ ਹੈ ਕਿਉਂਕਿ **ਨਿਰੰਕਾਰ-ਸਰੂਪ ਸਤਿਗੁਰੂ ਜੀ ਕਿਸੇ ਨੂੰ (ਕਿਸੇ ਹੋਰ ਦੇ ਵਿਰੁੱਧ) ਅਜਿਹਾ ਵਰ ਨਹੀਂ ਦੇ ਸਕਦੇ (ਸਤਿਗੁਰੂ**

ਜੀ ਲਈ ਕੋਈ ਵੈਰੀ ਜਾਂ ਬੇਗਾਨਾ ਨਹੀਂ ਹੈ ਅਤੇ ਨਾ ਹੀ ਗੁਰਮਤਿ ਫ਼ਲਸਫ਼ੇ ਅੰਦਰ ਵਰ ਜਾਂ ਸਰਾਪ ਦੇਣ ਦਾ ਕੋਈ ਵਿਧਾਨ ਹੈ) ਅਤੇ ਨਾ ਹੀ ਸਤਿਗੁਰੂ ਜੀ ਦੇ ਪੰਜ-ਭੂਤਕ ਸਰੀਰ ਦੇ ਸਿਰਫ਼ ਦਰਸ਼ਨ ਕਰਨ ਮਾਤਰ ਨਾਲ ਕੁੱਝ ਪ੍ਰਾਪਤ ਹੋ ਸਕਦਾ ਹੈ -

ਸਤਿਗੁਰ ਨੋ ਸਭ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ (ਮ: ੩, ੫੯੪)

ਭਾਵ : ਵਿਕਾਰਾਂ ਅਤੇ ਆਵਾ-ਗਵਨ (ਜਨਮ-ਮਰਨ) ਤੋਂ ਖਲਾਸੀ ਕੇਵਲ ਅਤੇ ਕੇਵਲ ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਅਮਲੀ ਤੌਰ 'ਤੇ ਪਾਲਣਾ ਕਰਨ ਨਾਲ ਹੀ ਪ੍ਰਾਪਤ ਹੋ ਸਕਦੀ ਹੈ (ਗੁਰੂ ਦੇ ਸਰੀਰ ਜਾਂ ਸ਼ਬਦ-ਗੁਰੂ ਦੇ ਭੌਤਿਕ ਸਰੂਪ ਦੇ ਦਰਸ਼ਨਾਂ ਮਾਤਰ ਨਾਲ ਹੀ ਨਹੀਂ)।

ਅਸਲ ਵਿੱਚ ਗੁਰੂ ਦੇ ਦਰਸ਼ਨ, ਗੁਰੂ ਦੇ ਉਪਦੇਸ਼ਾਂ ਨੂੰ ਸੁਣ ਕੇ, ਸਮਝ ਕੇ, ਮਨੋਂ ਸਵੀਕਾਰ ਕਰ ਕੇ ਅਮਲੀ ਜੀਵਨ ਵਿੱਚ ਧਾਰਨ ਕੀਤਿਆਂ ਹੀ ਕੀਤੇ ਜਾ ਸਕਦੇ ਹਨ ਕਿਉਂਕਿ **ਗੁਰੂ ਦੀ ਮੂਰਤਿ ਗੁਰੂ ਦਾ ਸ਼ਬਦ (ਉਪਦੇਸ਼) ਹੀ ਹੈ।**

ਸਾਖੀ ਦਾ ਸਾਰ

ਗੁਰੂ ਅੰਗਦ ਜੀ ਰੋਜ਼ਾਨਾ ਪਹਿਰ ਰਾਤ ਰਹਿੰਦੇ ਉਠਦੇ, ਇਸ਼ਨਾਨ ਕਰਦੇ ਤੇ ਅਡੋਲ ਸਮਾਧੀ ਵਿੱਚ ਟਿਕ ਜਾਂਦੇ। ਸਵੇਰ ਹੁੰਦੀ ਤਾਂ ਲੋਕ ਆਪ ਦੇ ਦਰਸ਼ਨ ਕਰਦੇ ਤੇ ਨਿਹਾਲ ਹੁੰਦੇ। ਕੀਰਤਨ ਹੁੰਦਾ, ਸਾਰੇ ਰਲ ਕੇ ਸੁਣਦੇ। ਫਿਰ ਸੰਗਤ ਵਾਸਤੇ ਲੰਗਰ ਤਿਆਰ ਹੁੰਦਾ ਤੇ ਗੁਰੂ ਜੀ ਸਭ ਲੋਕਾਂ ਵਿੱਚ ਪੰਗਤ ਵਿੱਚ ਬੈਠ ਕੇ ਭੋਜਨ ਛਕਦੇ। ਤੀਸਰੇ ਪਹਿਰ ਬੱਚਿਆਂ ਨਾਲ ਖੇਡਾਂ ਖੇਡਦੇ। ਪਹਿਲਵਾਨਾਂ ਨੂੰ ਬੁਲਾ ਕੇ ਕੁਸ਼ਤੀਆਂ ਦੇਖਦੇ। ਫਿਰ ਸ਼ਾਮੀਂ ਕੀਰਤਨ ਹੁੰਦਾ ਤੇ ਸੰਗਤਾਂ ਨਿਹਾਲ ਹੁੰਦੀਆਂ। ਇਸ ਤਰ੍ਹਾਂ ਸਿੱਖਾਂ ਨੂੰ ਸਤਿਨਾਮ ਦਾ ਉਪਦੇਸ਼ ਦਿੰਦਿਆਂ ਦਿਨ ਬੀਤ ਜਾਂਦਾ।

ਇੱਕ ਦਿਨ ਗੋਰਖਨਾਥ ਦੇ ਚੇਲੇ ਤੇ ਹੋਰ ਸਿੱਧ ਗੁਰੂ ਜੀ ਪਾਸ ਆਏ ਤੇ ਆਪਸੀ ਵਿਚਾਰਾਂ ਹੋਈਆਂ। ਗੁਰੂ ਜੀ ਨੇ ਦੱਸਿਆ ਕਿ ਸਾਡਾ ਮੱਤ, ਭਗਤੀ ਜੋਗ ਹੈ। ਇਸ ਨਾਲ ਹੀ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ ਤੇ ਆਤਮ-ਗਿਆਨ ਪ੍ਰਾਪਤ ਹੁੰਦਾ ਹੈ।

ਉਸ ਵੇਲੇ ਦਿੱਲੀ ਦਾ ਬਾਦਸ਼ਾਹ ਹੁਮਾਯੂੰ ਸੀ। ਦੋ ਮੁਸਲਮਾਨ ਪਠਾਣ ਜੋ ਬਹੁਤ ਵੱਡੇ ਯੋਧੇ ਸਨ, ਉਨ੍ਹਾਂ ਦੀ ਬਾਦਸ਼ਾਹ ਨਾਲ ਵਿਗੜ ਗਈ। ਹੁਮਾਯੂੰ ਹਾਰ ਗਿਆ। ਸੰਤੋਖ ਸਿੰਘ ਅਨੁਸਾਰ, ਉਸ ਨੇ ਸੋਚਿਆ ਕਿ ਉਨ੍ਹਾਂ ਦੇ ਪਿਤਾ ਨੂੰ ਬਾਦਸ਼ਾਹੀ, ਗੁਰੂ ਨਾਨਕ ਸਾਹਿਬ ਦੇ ਬਚਨ ਨਾਲ ਪ੍ਰਾਪਤ ਹੋਈ ਸੀ। ਹੁਣ ਗੁਰੂ ਨਾਨਕ ਜੀ ਦੀ ਗੱਦੀ ਦੇ ਵਾਰਸ ਨੂੰ ਮਿਲਿਆ ਜਾਵੇ। ਉਹ ਗੁਰੂ ਅੰਗਦ ਸਾਹਿਬ ਕੋਲ ਆਣ ਪਹੁੰਚਿਆ। ਗੁਰੂ ਜੀ ਬੱਚਿਆਂ ਨਾਲ ਖੇਡਾਂ ਵਿੱਚ ਮਸਤ ਸਨ, ਉਨ੍ਹਾਂ ਨੇ ਬਾਦਸ਼ਾਹ ਵੱਲ ਤੱਕਿਆ ਹੀ ਨਾ, ਤਾਂ ਹੁਮਾਯੂੰ ਨੂੰ ਗੁੱਸਾ

ਆਇਆ। ਉਸ ਨੇ ਮਨ ਵਿੱਚ ਸੋਚਿਆ ਕਿ ਇਸ ਨੇ ਮੈਨੂੰ ਬਾਦਸ਼ਾਹ ਨੂੰ ਪਛਾਣਿਆ ਹੀ ਨਹੀਂ। ਗੁੱਸੇ ਵਿੱਚ ਜਿਉਂ ਹੀ ਉਹ ਤਲਵਾਰ ਖਿੱਚਣ ਲੱਗਾ ਤਾਂ ਗੁਰੂ ਜੀ ਨੇ ਕਿਹਾ ਕਿ ਸ਼ੇਰਸ਼ਾਹ ਤੋਂ ਹਾਰ ਖਾ ਕੇ ਕਾਇਰਾਂ ਵਾਂਗੂੰ ਭੱਜ ਆਇਆ ਹੈਂ ਤੇ ਹੁਣ ਸਾਨੂੰ ਬਹਾਦਰੀ ਵਿਖਾਉਂਦਾ ਹੈਂ। ਹੁਮਾਯੂੰ ਨੇ ਸ਼ਰਮਸਾਰ ਹੋ ਕੇ ਮੁਆਫ਼ੀ ਮੰਗੀ ਅਤੇ ਆਪਣੇ ਦੇਸ਼ ਵਾਪਸ ਚਲਾ ਗਿਆ। ਬਾਅਦ ਵਿੱਚ ਉਸ ਨੇ ਫ਼ੌਜ ਇਕੱਠੀ ਕਰ ਕੇ ਦਿੱਲੀ ਦੇ ਤਖ਼ਤ ਨੂੰ ਫ਼ਤਹਿ ਕੀਤਾ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. **ਤਿੰਨ ਵੱਡੇ ਰੋਗ** ਜੋ ਮਨੁੱਖ ਜਾਤੀ ਨੂੰ ਚੰਬੜਦੇ ਹਨ, **ਉਹ ਹਨ ਆਧਿ, ਬਿਆਧ ਤੇ ਉਪਾਧਿ। 'ਆਧਿ'** ਮਨ ਦੇ ਦੁੱਖ ਹੁੰਦੇ ਹਨ, **'ਬਿਆਧਿ'** ਸਰੀਰ ਦੇ ਦੁੱਖ ਤੇ **'ਉਪਾਧਿ'** ਭੁਲੇਖੇ ਦੇ ਦੁੱਖ ਹਨ। ਗੁਰਬਾਣੀ ਨੇ ਤਿੰਨਾਂ ਦੁੱਖਾਂ ਨੂੰ ਦੂਰ ਕਰਨ ਦਾ ਇਲਾਜ ਪਰਮਾਤਮਾ ਦਾ ਸਿਮਰਨ ਦੱਸਿਆ ਹੈ :-

   ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੈ ਤਾਪ॥...
   ਗੁਣ ਗਾਵਤ ਅਚੁਤ ਅਬਿਨਾਸੀ ਮਨ ਤਨ ਆਤਮ ਧ੍ਰਾਪ॥
   (ਗੁਰੂ ਗ੍ਰੰਥ ਸਾਹਿਬ, ਪੰਨਾ ੧੨੨੩)

2. ਗੁਰੂ ਜੀ ਤੀਜੇ ਪਹਿਰ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਉਂਦੇ, ਉਨ੍ਹਾਂ ਵਿੱਚ ਖਿਡਾਰੀਆਂ ਵਾਲੀ ਰੁਚੀ ਭਰਦੇ। ਮਹਿਮਾ-ਪ੍ਰਕਾਸ਼ ਭਾਗ ਦੂਜਾ, ਸਾਖੀ ਤੀਸਰੀ ਵਿੱਚ ਇਸ ਤਰ੍ਹਾਂ ਵਰਣਨ ਕੀਤਾ ਹੈ-

   ਪੁਨ ਗੁਰ ਜਬ-ਕਬ ਆਗਿਆ ਕਰੇ। ਪਹਲਵਾਨ ਬੁਲਾਇ ਅਖਾਰ ਪਰੇ॥੧੩॥

   ਖਡੂਰ ਸਾਹਿਬ ਵਿਖੇ ਜਿੱਥੇ ਗੁਰੂ ਜੀ ਘੋਲ ਕਰਵਾਇਆ ਕਰਦੇ ਸਨ, ਉੱਥੇ ਗੁਰਦਵਾਰਾ 'ਮੱਲ ਅਖਾੜਾ' ਬਣਿਆ ਹੈ। (ਮਹਾਨ ਕੋਸ਼, ਪੰਨਾ ੩੬੬)

3. ਗੁਰੂਆਂ ਨੇ ਗੁਰਸਿੱਖਾਂ ਲਈ ਸਹਜ-ਜੋਗ ਧਾਰਨ ਕਰਨ ਦਾ ਉਪਦੇਸ਼ ਦਿੱਤਾ। ਕਸ਼ਟ ਸਾਧਨ ਜਾਂ ਹਠ ਜੋਗ ਦੀ ਉੱਤਮਤਾ ਨਹੀਂ ਮੰਨੀ। ਸਹਜ-ਜੋਗ ਬਾਰੇ ਬਾਣੀ ਵਿੱਚ ਅੰਕਿਤ ਹੈ:

   ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ॥
   (ਗੁਰੂ ਗ੍ਰੰਥ ਸਾਹਿਬ, ਪੰਨਾ 68)

4. ਸਲੇਮ ਸ਼ਾਹ, ਸ਼ੇਰਸ਼ਾਹ ਸੂਰੀ ਦਾ ਭਰਾ ਨਹੀਂ ਸੀ, ਬਲਕਿ ਉਸ ਦਾ ਪੁੱਤਰ ਸੀ। ਇਸ ਦਾ ਪਹਿਲਾ ਨਾਮ ਜਲਾਲ ਖ਼ਾਂ ਸੀ। ਸ਼ੇਰਸ਼ਾਹ ਤੋਂ ਬਾਅਦ ਜਦ ਜਲਾਲ ਖ਼ਾਂ ਤਖ਼ਤ 'ਤੇ ਬੈਠਾ ਤਾਂ ਸਲੇਮ ਸ਼ਾਹ ਨਾਂ ਦੇ ਨਾਲ ਖ਼ੁਤਬਾ ਪੜ੍ਹਿਆ ਗਿਆ। ਇਸ ਤਰ੍ਹਾਂ ਤਖ਼ਤ 'ਤੇ ਬੈਠਣ ਤੋਂ ਉਪਰੰਤ ਜਲਾਲ ਖ਼ਾਂ ਦਾ ਨਾਮ ਸਲੇਮ ਸ਼ਾਹ ਪ੍ਰਚਲਤ ਹੋ ਗਿਆ।

5. ਭਾਈ ਸੰਤੋਖ ਸਿੰਘ ਵੱਲੋਂ ਅਲਾਹਾਬਾਦ (ਪ੍ਰਯਾਗ) ਦੀ ਲੜਾਈ ਦਾ ਵਰਣਨ ਠੀਕ ਨਹੀਂ ਜਾਪਦਾ। ਸ਼ੇਰ ਸ਼ਾਹ ਸੂਰੀ ਤੇ ਹੁਮਾਯੂੰ ਦੀ ਵੱਡੀ ਲੜਾਈ ਕਨੌਜ ਵਿਖੇ ਹੋਈ ਸੀ। ਇਸ ਵਿੱਚ ਸ਼ੇਰਸ਼ਾਹ ਜਿੱਤ ਗਿਆ ਅਤੇ ਮੁਗ਼ਲ ਹਾਰ ਗਏ। ਕਨੌਜ ਤੋਂ ਪਹਿਲਾਂ ਚੌਸਾ ਦੇ ਸਥਾਨ 'ਤੇ ਵੀ ਸ਼ੇਰ ਸ਼ਾਹ ਅਤੇ ਹੁਮਾਯੂੰ ਵਿਚਕਾਰ ਲੜਾਈ ਹੋਈ ਸੀ। ਪਰ, ਫੈਸਲਾਕੁਨ ਲੜਾਈ ਕਨੌਜ ਵਿਖੇ ਹੀ ਹੋਈ ਜਿਸ ਵਿੱਚ ਹਾਰ ਖਾ ਕੇ ਹੁਮਾਯੂੰ ਪੰਜਾਬ ਵੱਲ ਨੱਸ ਉੱਠਿਆ।

6. ਪਠਾਣਾਂ ਨੇ ਦਿੱਲੀ ਜਿੱਤੀ ਜ਼ਰੂਰ ਸੀ, ਪਰ ਮੁਗ਼ਲਾਂ ਦੀ ਰਾਜਧਾਨੀ ਆਗਰਾ ਸੀ। ਰਾਜਧਾਨੀ ਬਾਰੇ ਕਵੀ ਸੰਤੋਖ ਸਿੰਘ ਅਕਸਰ ਟਪਲਾ ਖਾ ਜਾਂਦਾ ਹੈ।

7. ਮਹਿਮਾ-ਪ੍ਰਕਾਸ਼, ਭਾਗ ਦੂਜਾ, ਸਾਖੀ 5 ਵਿੱਚ ਹੁਮਾਯੂੰ ਦੇ ਆਉਂਣ ਬਾਰੇ ਇੰਜ ਅੰਕਿਤ ਹੈ :

ਦਿਵਸ ਏਕ ਪ੍ਰਭ ਦੀਨ ਦਿਆਲ। ਲੜਕਨ ਸੌਂ ਖੇਲਤ ਘਨ ਚਾਲ।
ਤਬ ਸਾਹ ਹੁਮਾਯੋਂ ਆਵਤ ਭਏ। ਆਇ ਸਨਮੁਖ ਗੁਰ ਠਾਢੇ ਰਹੇ॥੨॥

ਹੁਮਾਯੂੰ, ਹਿੰਦੁਸਤਾਨ ਦੇ ਪਹਿਲੇ ਵੱਡੇ ਬਾਦਸ਼ਾਹ ਬਾਬਰ ਦਾ ਪੁੱਤਰ ਸੀ, ਜਿਸ ਦਾ ਦਿਹਾਂਤ 1530 ਈਸਵੀ ਵਿੱਚ ਹੋਇਆ। ਉਸ ਨੇ ਥੋੜ੍ਹਾ ਚਿਰ ਹੀ ਰਾਜ ਕੀਤਾ।

8. ਭਾਈ ਵੀਰ ਸਿੰਘ ਜੀ ਅਨੁਸਾਰ, ਵਿਲਾਇਤ ਤੋਂ ਭਾਵ ਅਫ਼ਗਾਨਸਤਾਨ, ਤੁਰਕਸਤਾਨ, ਇਰਾਕ ਆਦਿ ਦੇਸ਼ਾਂ ਤੋਂ ਹੈ।

✲✲✲

8. ਮੱਲ੍ਹ ਸ਼ਾਹੀ, ਕਿਦਾਰੀ, ਦੀਪਾ, ਨਰਾਇਣਦਾਸ ਅਤੇ ਬੂਲਾ ਪ੍ਰਤੀ ਗੁਰੂ ਜੀ ਦਾ ਉਪਦੇਸ਼

ਅਧਿਆਇ ਬਾਰ੍ਹਵਾਂ

ਅਧਿਆਇ ਨੰਬਰ ਗਿਆਰਾਂ ਵਿੱਚ ਭਾਈ ਜੀਵਾ, ਗੁੱਜਰ ਲੁਹਾਰ, ਨਾਈ ਧਿੰਙਾ ਤੇ ਪਾਰੋ ਜੁਲਕਾ ਸਿੱਖਾਂ ਦਾ ਗੁਰੂ ਅੰਗਦ ਸਾਹਿਬ ਨਾਲ ਮਿਲਾਪ ਦਾ ਵਰਣਨ ਹੈ। ਇਸ ਅਧਿਆਇ ਵਿੱਚ ਕੋਈ ਗੁਰਮਤਿ ਵਿਰੋਧੀ ਕਥਨ ਨਹੀਂ ਹੈ। ਇਸ ਕਰ ਕੇ ਇਸ ਅਧਿਆਇ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ।

ਮੂਲ ਪਾਠ

ਕਾਲ ਬਿਨਾਸ਼ਕ ਸਭਿਨਿ ਬਿਸਾਲਾ। ਆਤਮ ਅਹੈ ਕਾਲ ਕੋ ਕਾਲਾ।
ਜਗ ਕੋ ਲਖਿਕੈ ਸੁਪਨ ਸਮਾਨੈ। ਵਰਣ ਆਸ਼੍ਰਮਨਿ8 ਕ੍ਰਿਯਾ ਸੁ ਠਾਨੈ ॥੭॥

ਭਾਵ: ਕਾਲ ਸਭ ਨੂੰ ਨਾਸ਼ ਕਰ ਦਿੰਦਾ ਹੈ ਪਰ ਆਤਮਾ, ਕਾਲ ਦਾ ਕਾਲ ਹੈ, ਭਾਵ ਆਤਮਾ ਅਕਾਲ ਹੈ। ਜਗਤ ਨੂੰ ਸੁਪਨੇ ਸਮਾਨ ਜਾਣ ਕੇ (ਮਨੁੱਖ) ਵਰਨ-ਆਸ਼ਰਮ[8] ਅਨੁਸਾਰ ਕੰਮ ਕਰਨਾ ਧਾਰਨ ਕਰੇ।

ਗੁਰਮਤਿ

ਸਮਾਜ ਵਿੱਚ ਜਾਤ ਦੇ ਆਧਾਰ 'ਤੇ ਵੰਡੀਆਂ ਪਾਉਂਣ ਵਾਲੇ ਮਾਨਵ-ਵਿਰੋਧੀ ਤੇ ਗ਼ੈਰ-ਕੁਦਰਤੀ ਮਨੂੰਵਾਦੀ ਵਰਨ-ਆਸ਼ਰਮ ਫ਼ਲਸਫ਼ੇ ਨੂੰ ਗੁਰਮਤਿ ਫ਼ਲਸਫ਼ਾ ਮੁਕੰਮਲ ਤੌਰ 'ਤੇ ਰੱਦ ਕਰਦਾ ਹੈ -

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ (ਮ:੩, ੧੧੨੭)

ਮੂਲ ਪਾਠ

ਚਉਥੀ ਭਗਤਿ ਰੂਪ ਸੁਨਿ ਲੇਹੁ। ਕਲੀ ਕਾਲ ਇਹੁ ਮੁੱਖ ਲਖੇਹੁ। ੩੬।

ਭਾਵ : ਚੌਥਾ ਮੁਕਤੀ ਸਾਧਨ ਸੁਣ ਲਵੋ ਜੋ ਭਗਤੀ ਰੂਪ ਹੈ। ਕਲਜੁਗ ਵਿੱਚ ਇਸ ਨੂੰ ਮੁੱਖ ਜਾਣੋ।

ਗੁਰਮਤਿ

ਗੁਰਮਤਿ ਫ਼ਲਸਫ਼ਾ ਬ੍ਰਾਹਮਣਵਾਦੀ ਜੁੱਗਾਂ ਦੀ ਵੰਡ ਨੂੰ ਕੋਈ ਮਾਨਤਾ ਨਹੀਂ ਦੇਂਦਾ,

ਬਲਕਿ ਇਹ ਦਸਦਾ ਹੈ ਕਿ ਇਹ ਮਨ ਦੀਆਂ ਅਲੱਗ-ਅਲੱਗ ਬਿਰਤੀਆਂ (ਅਵੱਸਥਾਵਾਂ) ਦਾ ਹੀ ਨਾਮ ਹੈ। ਜਦੋਂ ਮਨੁੱਖ ਦਾ ਮਨ ਸਬਰ, ਸੰਤੋਖ ਤੇ ਸੱਚ ਦਾ ਧਾਰਨੀ ਹੁੰਦਾ ਹੈ, ਉਦੋਂ (ਮਾਨੋਂ) ਉਹ ਸਤਜੁਗ ਵਿੱਚ ਵਸਦਾ ਹੁੰਦਾ ਹੈ, ਜਦੋਂ ਮਨ ਆਪਣੇ ਹੁਕਮ ਅਨੁਸਾਰ ਸਮਾਜ ਨੂੰ ਚਲਾਉਂਣਾ ਲੋਚਦਾ ਹੈ, ਤਾਂ ਉਦੋਂ ਉਹ ਦੁਬਿਧਾ ਦਾ ਸ਼ਿਕਾਰ ਹੋ ਕੇ (ਮਾਨੋਂ) ਤ੍ਰੇਤੇ ਜੁੱਗ ਵਿੱਚ ਵਸ ਰਿਹਾ ਹੁੰਦਾ ਹੈ। ਜਦੋਂ ਮਨੁੱਖ ਕਰਮ-ਕਾਂਡਾਂ ਨੂੰ ਹੀ ਧਰਮ ਸਮਝ ਕੇ ਕਰਦਾ ਰਹਿੰਦਾ ਹੈ ਤਾਂ ਉਹ (ਮਾਨੋਂ) ਦੁਆਪਰ ਜੁੱਗ ਵਿੱਚ ਵਸ ਰਿਹਾ ਹੁੰਦਾ ਹੈ। ਪਰ, ਜਦੋਂ ਮਨੁੱਖ ਇਂਸਾਨੀਅਤ ਦੇ ਸਾਰੇ ਗੁਣ ਗਵਾ ਕੇ ਪਸ਼ੂ-ਬਿਰਤੀ ਵਾਲੇ ਕੰਮ (ਜਬਰ-ਜਨਾਂਹ, ਕਤਲੋ-ਗਾਰਤ, ਧੱਕੇਸ਼ਾਹੀ, ਬੇ-ਇਨਸਾਫ਼ੀ, ਨਫ਼ਰਤ, ਈਰਖਾ ਆਦਿ) ਕਰਦਾ ਹੈ ਤਾਂ ਉਹ (ਮਾਨੋਂ) ਕਲਜੁਗ ਵਿੱਚ ਵਸ ਰਿਹਾ ਹੁੰਦਾ ਹੈ।

ਸਤਜੁਗਿ ਸਤੁ ਸੰਤੋਖੁ ਸਰੀਰਾ ॥ *ਸਤਿ ਸਤਿ ਵਰਤੈ ਗਹਿਰ ਗੰਭੀਰਾ ॥*

ਤ੍ਰੇਤੈ *ਧਰਮ ਕਲਾ ਇਕ ਚੂਕੀ ॥ ਤੀਨਿ ਚਰਣ ਇਕ* ***ਦੁਬਿਧਾ*** *ਸੂਕੀ ॥*

ਦਇਆ ਦੁਆਪੁਰਿ ਅਧੀ ਹੋਈ ॥ *ਗੁਰਮੁਖਿ ਵਿਰਲਾ* ***ਚੀਨੈ*** *ਕੋਈ ॥*

ਕਰਮ ਧਰਮ ਕਰਿ ਮੁਕਤਿ ਮੰਗਾਹੀ ॥ *ਮੁਕਤਿ ਪਦਾਰਥੁ ਸਬਦਿ ਸਲਾਹੀ ॥*

ਕਲੀ ਕਾਲ ਮਹਿ ਇਕ ਕਲ ਰਾਖੀ ॥ ਬਿਨੁ ਗੁਰ ਪੂਰੇ ਕਿਨੈ ਨ ਭਾਖੀ ॥

(ਮ:੧, ੧੦੨੩-੨੪)

ਸਾਖੀ ਦਾ ਸਾਰ - ਅਧਿਆਇ 12

ਮੱਲੂ ਸ਼ਾਹੀ ਸਿੱਖ ਗੁਰੂ ਜੀ ਕੋਲ ਆਇਆ ਅਤੇ ਉਸ ਨੇ ਨਮਸਕਾਰ ਕਰ ਕੇ ਬੇਨਤੀ ਕੀਤੀ, ਮੇਰਾ ਕਲਿਆਣ ਕਰਨ ਹਿਤ ਮੈਨੂੰ ਅਜਿਹਾ ਉਪਦੇਸ਼ ਦੇਵੋ। ਮੈਂ ਮੁਗ਼ਲਾਂ ਕੋਲ ਨੌਕਰੀ ਕਰਦਾ ਹੋਇਆ ਚੰਗੀ ਰੋਜ਼ੀ ਕਮਾ ਲੈਂਦਾ ਹਾਂ, ਪਰ, ਮੇਰਾ ਇਸ ਤਰ੍ਹਾਂ ਦੀ ਕਮਾਈ ਕਰਨ ਨੂੰ ਜੀਅ ਚਾਹੁੰਦਾ ਹੈ, ਜਿਸ ਨਾਲ ਦੋਨਾਂ ਲੋਕਾਂ ਵਿੱਚ ਮੇਰਾ ਮੁੱਖ ਉੱਜਲ ਰਹੇ। ਤਾਂ ਗੁਰੂ ਜੀ ਨੇ ਉਸ ਨੂੰ ਆਤਮਾ ਤੇ ਦੇਹੀ ਬਾਰੇ ਵਿਸਥਾਰ ਸਹਿਤ ਦੱਸਿਆ ਕਿ ਆਤਮਾ ਕਦੇ ਵੀ ਮਰਨ ਵਾਲੀ ਨਹੀਂ ਹੈ ਤੇ ਦੇਹੀ ਨਾਸ਼ਵੰਤ ਹੈ। ਦੇਹ ਦੇ ਹੰਕਾਰ ਨੂੰ ਝੂਠਾ ਸਮਝ ਕੇ, ਇਸ ਦਾ ਤਿਆਗ ਕਰੋ, ਬ੍ਰਹਮ-ਗਿਆਨ ਦਾ ਅਭਿਆਸ ਕਰੋ। ਮਨੁੱਖ ਨੂੰ ਸਤਸੰਗਤਿ ਕਰਨੀ ਚਾਹੀਦੀ ਹੈ। ਮੱਲੂ ਸ਼ਾਹੀ ਨੇ ਗੁਰੂ ਜੀ ਦਾ ਉਪਦੇਸ਼ ਗ੍ਰਿਹਣ ਕਰ ਕੇ, ਕਮਾਈ ਨੂੰ ਵੰਡ ਕੇ ਖਾਣ ਦਾ ਨੇਮ ਧਰ ਲਿਆ ਸੀ।

ਫਿਰ ਇੱਕ ਦਿਨ ਕਿਦਾਰੀ ਨਾਮੀ ਸਿੱਖ ਆਇਆ। ਉਸ ਨੇ ਗੁਰੂ ਜੀ ਨੂੰ ਪੁੱਛਿਆ ਕਿ ਸੰਸਾਰ ਕਾਮ-ਕ੍ਰੋਧ ਦੀ ਅੱਗ ਵਿੱਚ ਜਲ ਰਿਹਾ ਹੈ, ਮੈਨੂੰ ਆਪਣਾ ਸਿੱਖ ਬਣਾ ਕੇ ਇਸ ਤੋਂ ਬਚਾ ਲਵੋ। ਤਾਂ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਜਗਤ ਦੇ ਵਿਕਾਰਾਂ ਤੇ ਵਾਸ਼ਨਾਵਾਂ

ਦਾ ਤਿਆਗ ਕਰੋ, ਸਤਿਸੰਗਤ ਵਿੱਚ ਲੱਗੋ। ਵਿਕਾਰਾਂ ਦੀ ਸਾਰੀ ਅਗਨੀ ਦੂਰ ਹੋ ਜਾਵੇਗੀ ਤੇ ਗੁਰੂ ਦੇ ਉਪਦੇਸ਼ਾਂ ਉੱਪਰ ਚੱਲ ਕੇ ਉਹ ਮੁਕਤੀ ਨੂੰ ਪ੍ਰਾਪਤ ਹੋਇਆ ਸੀ।

ਫਿਰ ਇੱਕ ਦਿਨ ਤਿੰਨ ਸਿੱਖ ਦੀਪਾ, ਨਰਾਇਣਦਾਸ ਤੇ ਬੂਲਾ ਗੁਰੂ ਜੀ ਕੋਲ ਆਏ ਸਨ। ਉਨ੍ਹਾਂ ਨੇ ਕਿਹਾ ਸਾਡਾ ਜਨਮ-ਮਰਨ ਦਾ ਦੁੱਖ ਕੱਟ ਦੇਵੋ ਤੇ ਸਾਨੂੰ ਭਗਤੀ ਕਰਨ ਬਾਰੇ ਦੱਸੋ। ਗੁਰੂ ਜੀ ਨੇ ਦੱਸਿਆ ਕਿ ਮੁਕਤੀ ਪ੍ਰਾਪਤ ਕਰਨ ਦੇ ਚਾਰ ਸਾਧਨ ਹਨ, ਪਰ ਪ੍ਰਭੂ-ਮਿਲਾਪ ਦਾ ਸ੍ਰੇਸ਼ਟ ਸਾਧਨ ਭਗਤੀ ਹੈ। ਭਗਤੀ ਨੂੰ ਬਲਵਾਨ ਮਾਇਆ ਭਰਮਾ ਨਹੀਂ ਸਕਦੀ। ਜੋ ਭਗਤੀ ਦਾ ਆਸਰਾ ਲੈਂਦੇ ਹਨ, ਉਹ ਪ੍ਰਭੂ ਨੂੰ ਪਾ ਲੈਂਦੇ ਹਨ। ਗੁਰੂ ਜੀ ਦਾ ਉਪਦੇਸ਼ ਸੁਣ ਕੇ ਉਹ ਪ੍ਰਭੂ-ਭਗਤੀ ਵਿੱਚ ਲੱਗ ਗਏ ਤੇ ਗੁਰੂ ਜੀ ਪਾਸ ਹੀ ਟਿਕੇ ਰਹੇ। ਉਨ੍ਹਾਂ ਆਪਣਾ ਜਨਮ-ਮਰਨ ਦਾ ਦੁੱਖ ਦੂਰ ਕਰ ਲਿਆ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਮੱਲੂ ਸ਼ਾਹੀ ਤੇ ਕਿਦਾਰੀ ਬਾਰੇ ਭਾਈ ਗੁਰਦਾਸ ਜੀ ਵਾਰ 11, ਪਉੜੀ 15 ਵਿੱਚ ਇਸ ਤਰ੍ਹਾਂ ਲਿਖਦੇ ਹਨ :

   ਮਲੂਸਾਹੀ ਸੂਰਮਾ ਵਡਾ ਭਗਤੁ ਭਾਈ ਕੇਦਾਰੀ।

2. ਕਾਲ ਜਾਂ ਮੌਤ ਬਾਰੇ ਗੁਰਬਾਣੀ ਵਿੱਚ ਇਸ ਤਰ੍ਹਾਂ ਵਰਣਨ ਹੈ :

   ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥
   (ਗੁਰੂ ਗ੍ਰੰਥ ਸਾਹਿਬ, ਪੰਨਾ ੨੨੭)

   ......

3. ਦੌ ਤੋਂ ਭਾਵ ਹੈ ਦਾਵਾ-ਅਗਨੀ, ਜੋ ਜੰਗਲ ਦੀ ਅੱਗ ਹੁੰਦੀ ਹੈ, ਜੋ ਬਿਰਛਾਂ ਦੇ ਆਪਸ ਵਿੱਚ ਖਹਿਣ 'ਤੇ ਪੈਦਾ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ, ਪੰਨਾ 384 'ਤੇ ਦਾਵਾ-ਅਗਨੀ ਦਾ ਇਸ ਤਰ੍ਹਾਂ ਵਰਣਨ ਹੈ :

   ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥

4. ਬਾਕੀ ਦੇ ਤਿੰਨ ਸਿੱਖਾਂ ਦਾ ਭਾਈ ਗੁਰਦਾਸ ਜੀ, ਵਾਰ 11, ਪਉੜੀ 15 ਵਿੱਚ, ਇਸ ਤਰ੍ਹਾਂ ਜ਼ਿਕਰ ਕਰਦੇ ਹਨ :

   ਦੀਪਾ ਦੇਊ ਨਰਾਇਣ ਦਾਸ, ਬੂਲੇ ਦੇ ਜਾਈਐ ਬਲਿਹਾਰੀ ॥

   ਮਹਾਨ ਕੋਸ਼ ਅਨੁਸਾਰ, ਭਾਈ ਕੇਦਾਰੀ ਵਟਾਲਾ ਦਾ ਰਹਿਣ ਵਾਲਾ ਲੂੰਬਾ ਖੱਤਰੀ ਸੀ, ਜੋ ਗੁਰੂ ਅੰਗਦ ਸਾਹਿਬ ਦਾ ਪਰਉਪਕਾਰੀ ਸਿੱਖ ਹੋਇਆ। ਤੀਜੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਨੇ ਇਨ੍ਹਾਂ ਨੂੰ ਮੰਜੀ ਬਖਸ਼ੀ ਸੀ।

5. ਬ੍ਰਹਮਲੋਕ ਤੋਂ ਭਾਵ ਹੈ ਬ੍ਰਹਮਾ ਦੇਵਤਾ ਦਾ ਲੋਕ/ਬ੍ਰਹਮਪੁਰੀ ਵੀ ਕਹਿੰਦੇ ਹਨ ਜੋ ਸੁਮੇਰ ਪਰਬਤ 'ਤੇ ਦੱਸੀ ਜਾਂਦੀ ਹੈ ?

   ਬ੍ਰਹਮਪੁਰੀ ਨਿਹਚਲੁ ਨਹੀਂ ਰਹਣਾ ॥ (ਗੁਰੂ ਗ੍ਰੰਥ ਸਾਹਿਬ, ਪੰਨਾ ੨੩੭)

✲✲✲

9. ਸ੍ਰੀ ਅਮਰਦਾਸ ਜੀ ਦਾ ਗੁਰੂ ਅੰਗਦ ਜੀ ਨਾਲ ਮਿਲਾਪ

ਅਧਿਆਇ ਪੰਦਰ੍ਹਵਾਂ

ਮੂਲ ਪਾਠ - ਅਧਿਆਇ 15

ਪਹਿਤ ਭਾਤ ਬਰਤਯੋ ਪ੍ਰਥਮ, ਪੁਨ ਆਮਿਖ[4] ਆਵਾ।
ਇਕ ਦਿਸ ਪੰਕਤਿ ਮਹਿਂ ਦਯੋ, ਤਬ ਇਨ ਦਰਸਾਵਾ।
ਬਹੁ ਗਿਲਾਨ5 ਠਾਨੀ ਰਿਦੈ, ਇਮਿ ਕਰਤਿ ਬਿਚਾਰਾ।
ਮੈਂ ਆਮਿਖ ਖਾਯੋ ਨ ਕਬਿ, ਕਰਿ ਅੰਨ ਅਹਾਰਾ ॥੨੮॥

ਭਾਵ : ਪਹਿਲਾਂ ਦਾਲ-ਚਾਵਲ ਵਰਤੇ ਫੇਰ ਮਹਾਂ-ਪਰਸ਼ਾਦ (ਮਾਸ)[4] ਆਇਆ। ਜਦੋਂ ਇਹ (ਮਾਸ) ਪੰਗਤ ਦੇ ਇੱਕ ਪਾਸੇ ਦਿੱਤਾ ਤਾਂ ਇਨ੍ਹਾਂ (ਅਮਰਦਾਸ ਜੀ) ਨੇ ਵੇਖ ਲਿਆ। ਉਨ੍ਹਾਂ ਨੂੰ ਮਨ ਵਿੱਚ ਬਹੁਤ ਘਿਰਨਾ[5] ਹੋਈ ਤੇ ਸੋਚਣ ਲੱਗੇ, ਮੈਂ ਤਾਂ ਅੰਨ ਦਾ ਹੀ ਭੋਜਨ ਕਰਦਾ ਹਾਂ ਤੇ ਮਾਸ[4] ਕਦੇ ਖਾਧਾ ਨਹੀਂ।

ਇਮਿ ਕੀਨੋ ਸੰਕਲਪ ਕੋ, ਸ੍ਰੀ ਗੁਰ ਨੈ ਜਾਨਾ।
ਸੂਪਕਾਰ9 ਕੋ ਬਰਜਿਓ, ਮੁਖ ਬਾਕ ਬਖਾਨਾ।
ਪੰਕਤਿ ਮਹਿਂ ਜੋ ਨਵ ਨਰ ਤਿਸ ਦੇਹੁ ਅਹਾਰਾ
ਆਮਿਖ ਨਹਿਂ ਪਰੋਸੀਏ ਤਿਨ ਧਰਮ ਬਿਚਾਰਾ ॥੩੧॥

ਭਾਵ : ਸਤਿਗੁਰੂ ਜੀ ਨੇ ਜਾਣ (ਬੁੱਝ) ਲਿਆ ਕਿ ਸ੍ਰੀ ਅਮਰਦਾਸ ਜੀ ਨੇ ਇਉਂ ਸੰਕਲਪ ਕੀਤਾ ਹੈ। ਉਨ੍ਹਾਂ ਰਸੋਈਏ ਨੂੰ ਵਰਜਦਿਆਂ ਫ਼ੁਰਮਾਇਆ, "ਪੰਗਤ ਵਿੱਚ ਜੋ ਨਵਾਂ ਸੱਜਣ ਬੈਠਾ ਹੈ, ਉਸ ਨੂੰ ਭੋਜਨ ਤਾਂ ਦੇ ਦਿਓ ਪਰੰਤੂ ਮਾਸ ਨਾ ਪਰੋਸਣਾ, ਉਸ ਦੇ ਧਰਮ ਦਾ ਵਿਚਾਰ ਹੈ।"

ਟਿੱਪਣੀਆਂ

1. ਗੁਰੂ ਨਾਨਕ ਸਾਹਿਬ ਨੇ ਆਪਣੀ ਸਰੀਰਕ ਆਯੂ ਦੇ ਆਖਰੀ 15 ਕੁ ਸਾਲ ਰਾਵੀ ਨਦੀ ਦੇ ਨਜ਼ਦੀਕ ਕਰਤਾਰਪੁਰ ਵਿਖੇ ਗੁਰਮਤਿ ਸਿਧਾਂਤਾਂ ਦਾ ਅਮਲੀ ਤੌਰ 'ਤੇ (ਧਰਮ ਦੀ ਕਿਰਤ ਕਰਨੀ, ਵੰਡ ਕੇ ਛਕਣਾ ਤੇ ਨਾਮ ਜਪਣਾ) ਪ੍ਰਚਾਰ ਕਰਦਿਆਂ ਬਿਤਾਏ ਸਨ। ਇਹ ਸਥਾਨ ਬਾਸਰਕੇ ਤੋਂ ਬਹੁਤਾ ਦੂਰ ਨਹੀਂ ਹੈ ਅਤੇ (ਗੁਰੂ)

ਅਮਰਦਾਸ ਜੀ, ਗੁਰੂ ਨਾਨਕ ਸਾਹਿਬ ਦੇ ਤਕਰੀਬਨ 60 ਸਾਲ ਤੱਕ ਸਮਕਾਲੀ ਵੀ ਰਹੇ। ਫਿਰ, ਗੁਰੂ ਅੰਗਦ ਸਾਹਿਬ ਦੀ ਪੁੱਤਰੀ ਬੀਬੀ ਅਮਰੋ (ਗੁਰੂ) ਅਮਰਦਾਸ ਜੀ ਦੇ ਭਤੀਜੇ ਨੂੰ ਵਿਆਹੀ ਹੋਈ ਸੀ ਅਤੇ ਗੁਰੂ ਅੰਗਦ ਸਾਹਿਬ ਬਾਸਰਕੇ ਦੇ ਨਜ਼ਦੀਕ ਹੀ ਖਡੂਰ ਵਿੱਚ ਬ੍ਰਹਮਗਿਆਨ ਦੀ ਜੋਤਿ ਜਗਾ ਰਹੇ ਸਨ। ਅਜਿਹੇ ਵਿੱਚ ਸੁਭਾਵਕ ਹੈ ਕਿ (ਗੁਰੂ) ਅਮਰਦਾਸ ਜੀ ਗੁਰੂ ਨਾਨਕ ਸਾਹਿਬ ਵੱਲੋਂ ਸਰਬੱਤ ਦੇ ਭਲੇ ਲਈ ਅਰੰਭ ਕੀਤੀ ਗੁਰਮਤਿ ਲਹਿਰ ਬਾਰੇ ਕੁੱਝ ਕੁ ਜਾਣਕਾਰੀ ਜ਼ਰੂਰ ਰਖਦੇ ਹੋਣਗੇ ਅਤੇ ਗੁਰੂ ਅੰਗਦ ਸਾਹਿਬ ਨੂੰ ਵੀ ਨਿੱਜੀ ਤੌਰ 'ਤੇ ਜਾਣਦੇ ਹੋਣਗੇ। ਪਰ, ਕਿਉਂਕਿ (ਗੁਰੂ) ਅਮਰਦਾਸ ਜੀ ਦਾ ਰੁਝਾਨ ਬਿੱਪਰਵਾਦੀ ਕਰਮ-ਕਾਂਡਾਂ ਵੱਲ ਹੋਣਾ ਦੱਸਿਆ ਗਿਆ ਹੈ, ਇਸ ਕਰ ਕੇ, ਗੁਰਬਾਣੀ ਬਾਰੇ, ਸ਼ਾਇਦ, ਉਨ੍ਹਾਂ ਨੂੰ ਖ਼ਾਸ ਜਾਣਕਾਰੀ ਨਹੀਂ ਸੀ।

2. 'ਮਾਸ' ਦਾ ਲੰਗਰ ਵਿੱਚ ਪਕਾਇਆ ਜਾਣਾ ਠੀਕ ਨਹੀਂ ਜਾਪਦਾ (ਜਿਵੇਂ ਕਿ ਬਜ਼ੁਰਗ ਵਿਦਵਾਨ ਤੇ ਪ੍ਰਸਿੱਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ ਨੇ ਵੀ ਫ਼ੁਟਨੋਟ ਵਿੱਚ ਜ਼ਿਕਰ ਕੀਤਾ ਹੈ) ਕਿਉਂਕਿ ਗੁਰੂ ਕਾ ਲੰਗਰ ਸਭ ਲਈ ਸਾਂਝਾ ਹੈ ਅਤੇ ਸਾਰੇ ਮਨੁੱਖ ਮਾਸਾਹਾਰੀ ਨਹੀਂ ਹੁੰਦੇ। ਉਂਜ ਵੀ 'ਮਾਸ' ਨੂੰ ਗੁਰਮਤਿ ਫ਼ਲਸਫ਼ਾ ਰਸਾਂ-ਕਸਾਂ ਦੀ ਗਿਣਤੀ ਵਿੱਚ ਹੀ ਸ਼ਾਮਲ ਕਰਦਾ ਹੈ, ਮਨੁੱਖ ਦੀ ਕੁਦਰਤੀ ਖ਼ੁਰਾਕ ਵਿੱਚ ਨਹੀਂ -

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ (ਮ: ੧, ੧੫)

ਭਾਵ : ਸੋਨਾ-ਚਾਂਦੀ (ਇਕੱਠਾ ਕਰਨ) ਦਾ ਚਸਕਾ, ਇਸਤਰੀ (ਭਾਵ ਕਾਮ) ਦਾ ਚਸਕਾ, ਸੁਗੰਧੀਆਂ ਦੀ ਲਗਨ, ਘੋੜਿਆਂ (ਦੀ ਸਵਾਰੀ) ਦਾ ਸ਼ੌਕ, (ਨਰਮ-ਨਰਮ) ਸੇਜਾਂ ਤੇ (ਸੋਹਣੇ) ਮਹਲ-ਮਾੜੀਆਂ ਦੀ ਲਾਲਸਾ, (ਸੁਆਦਲੇ) ਮਿੱਠੇ ਪਦਾਰਥ, ਤੇ ਮਾਸ (ਖਾਣ) ਦਾ ਚਸਕਾ - ਜੇ ਮਨੁੱਖਾ ਸਰੀਰ ਨੂੰ ਇਤਨੇ ਚਸਕੇ ਲੱਗੇ ਹੋਏ ਹੋਣ, ਤਾਂ ਪਰਮਾਤਮਾ ਦੇ ਨਾਮ ਦਾ ਟਿਕਾਣਾ ਕਿਸ ਹਿਰਦੇ ਵਿੱਚ ਹੋ ਸਕਦਾ ਹੈ? ਯਾਨੀ ਕਿ, ਰੱਸਾਂ-ਕਸਾਂ ਵਿੱਚ ਖੱਚਤ ਹੋਇਆ ਮਨੁੱਖ ਹੁਕਮਿ ਰਜ਼ਾਈ ਨਹੀਂ ਚੱਲ ਸਕਦਾ।

ਅਧਿਆਇ ਤੇਰਾਂ ਵਿੱਚ ਹਰੀਕੇ ਤੇ ਖਡੂਰ ਦੇ ਚੌਧਰੀਆਂ ਦਾ ਗੁਰੂ ਅੰਗਦ ਸਾਹਿਬ ਨਾਲ ਮਿਲਾਪ ਦਾ ਪ੍ਰਸੰਗ ਹੈ। ਪ੍ਰਿੰ: ਸਤਿਬੀਰ ਸਿੰਘ ਜੀ ਮੁਤਾਬਕ ਹਰੀਕੇ ਦੇ ਚੌਧਰੀ ਦਾ ਨਾਮ ਬਖਤਾਵਰ ਸੀ ਜੋ ਗੁਰੂ ਜੀ ਦਾ ਬਚਪਨ ਦਾ ਸਾਥੀ ਸੀ। ਇਸ ਨੇ ਗੁਰੂ ਜੀ ਦੇ ਹਰੀਕੇ ਪਿੰਡ ਆਉਂਣ ਦੀ ਯਾਦ ਵਿੱਚ ਯਾਦਗਾਰ ਬਣਾਈ, ਜਿਥੇ ਅੱਜਕਲ ਗੁਰਦਵਾਰਾ ਸਾਹਿਬ ਸੁਸ਼ੋਭਤ ਹੈ। ਪਰ, ਇਹ ਹੰਕਾਰੀ ਹੋਣ ਕਰ ਕੇ ਗੁਰੂ ਸਾਹਿਬ ਦੀ ਪ੍ਰਸੰਨਤਾ ਨਾ ਹਾਸਿਲ ਕਰ ਸਕਿਆ। ਪ੍ਰਿੰ: ਸਤਿਬੀਰ ਸਿੰਘ ਜੀ ਅਨੁਸਾਰ ਖਡੂਰ ਦੇ ਚੌਧਰੀ ਦਾ ਨਾਮ ਮਲੂਕਾ ਸੀ, ਪਰ, ਉਸ ਦਾ ਅਸਲ ਨਾਮ ਜਵਾਹਰ ਸੀ ਜਿਸ ਨੂੰ ਮਿਰਗੀ ਦਾ ਰੋਗ ਲੱਗਿਆ ਹੋਇਆ ਸੀ। ਉਹ ਬਹੁਤ ਸ਼ਰਾਬ ਪੀਂਦਾ ਸੀ। ਉਸ ਨੇ ਗੁਰੂ ਜੀ ਦਾ ਕਹਿਣਾ ਮੰਨ ਕੇ ਸ਼ਰਾਬ ਛੱਡ ਦਿੱਤੀ ਤਾਂ

ਉਹ ਬਿਲਕੁਲ ਅਰੋਗ ਹੋ ਗਿਆ। ਪਰ, ਕਈ ਸਾਲਾਂ ਬਾਅਦ, ਦੁਬਾਰਾ ਸ਼ਰਾਬ ਪੀ ਲਈ ਤਾਂ ਚੁਬਾਰੇ ਤੋਂ ਥੱਲੇ ਡਿੱਗ ਕੇ ਮਰ ਗਿਆ।

ਸਾਖੀ ਦਾ ਸਾਰ - ਅਧਿਆਇ 14

ਸ੍ਰੀ ਗੁਰੂ ਅਮਰਦਾਸ ਜੀ, ਬਾਸਰਕੇ ਪਿੰਡ ਦੇ ਤੇਜੋ ਖੱਤਰੀ ਦੇ ਚੌਹਾਂ ਪੁੱਤਰਾਂ ਵਿੱਚੋਂ ਸਭ ਤੋਂ ਵੱਡੇ ਪੁੱਤਰ ਸਨ। ਉਨ੍ਹਾਂ ਬਹੁਤਾ ਸਮਾਂ ਫੇਰੀ ਲਾ ਕੇ ਸੌਦਾ ਵੇਚਦੇ ਹੋਏ ਬਿਤਾਇਆ। ਪਿਛਲੀ ਉਮਰ ਵਿੱਚ ਉਹ ਆਪਣਾ ਜੀਵਨ ਸਫ਼ਲ ਕਰਨ ਲਈ ਛੇ ਮਹੀਨੇ ਬਾਅਦ ਪੈਦਲ ਚੱਲ ਕੇ ਗੰਗਾ ਦਾ ਇਸ਼ਨਾਨ ਕਰਨ ਜਾਂਦੇ ਸਨ। ਉਹ ਵਰਤ ਰਖਦੇ, ਪੁੰਨ ਕਰਦੇ, ਗੰਗਾ ਦੀ ਅਰਾਧਨਾ ਕਰਦੇ। ਗੁਰੂ ਜੀ ਵੀਹਵੀਂ ਵਾਰ ਗੰਗਾ ਦੇ ਦਰਸ਼ਨਾਂ ਲਈ ਗਏ ਤਾਂ ਜਦ ਉਹ ਮਿਹੜਾ ਨਾਮੀ ਪਿੰਡ ਦੇ ਰਾਹ ਉੱਤੇ ਚੱਲ ਰਹੇ ਸਨ ਤਾਂ ਗੁਰੂ ਜੀ ਉਸ ਪਿੰਡ ਵਿੱਚ ਦੁਰਗਾ ਨਾਮੀ ਪੰਡਿਤ ਦੇ ਘਰ ਠਹਿਰੇ, ਜਿੱਥੇ ਹੋਰ ਵੀ ਯਾਤਰੂ ਰੁਕਿਆ ਕਰਦੇ ਸਨ। ਗੁਰੂ ਜੀ ਜਦ ਆਰਾਮ ਕਰ ਰਹੇ ਸਨ ਤਾਂ ਉਸ ਪੰਡਿਤ ਨੇ ਗੁਰੂ ਜੀ ਦੇ ਪੈਰਾਂ ਵਿੱਚ ਪਦਮ-ਚਿੰਨ੍ਹ ਬਣਿਆ ਵੇਖਿਆ। ਉਸ ਨੇ ਸੋਚਿਆ ਕਿ ਇਹ ਮਨੁੱਖ ਵਿਸ਼ਨੂੰ ਦਾ ਅਵਤਾਰ ਹੋਵੇਗਾ ਜਾਂ ਕੋਈ ਚੱਕਰਵਰਤੀ ਰਾਜਾ ਹੋਵੇਗਾ।

ਜਦ ਗੁਰੂ ਜੀ ਨੇ ਉਸ ਸਥਾਨ ਤੋਂ ਜਾਣ ਸਮੇਂ ਪੰਡਿਤ ਨੂੰ ਦੱਛਣਾ ਦੇਣੀ ਚਾਹੀ ਤਾਂ ਪੰਡਿਤ ਨੇ ਦੱਛਣਾ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ ਕਿ ਜਦ ਆਪ ਬਹੁਤ ਸਮਰੱਥਾਵਾਨ ਬਣ ਜਾਵੋਗੇ ਤਾਂ ਮੈਂ ਤੁਹਾਡੇ ਕੋਲੋਂ ਮੰਗਾਂਗਾ। ਮੈਨੂੰ ਬਚਨ ਦੇਵੋ ਕਿ ਉਸ ਵਕਤ ਮੂੰਹ-ਮੰਗੀ ਦੱਛਣਾ ਦੇਵੋਗੇ'।

ਗੁਰੂ ਜੀ ਅੱਗੇ ਰਸਤੇ ਉੱਤੇ ਚੱਲੇ ਤਾਂ ਇੱਕ ਬ੍ਰਹਮਚਾਰੀ ਸਾਧੂ ਉਨ੍ਹਾਂ ਨੂੰ ਮਿਲ ਗਿਆ। ਦੋਵੇਂ ਇਕੱਠੇ ਹੀ ਬਚਨ-ਬਿਲਾਸ ਕਰਦੇ ਹੋਏ, ਬਾਸਰਕੇ ਪਿੰਡ ਆ ਗਏ ਤੇ ਜਦ ਬ੍ਰਹਮਚਾਰੀ ਨੇ ਗੁਰੂ ਜੀ ਨੂੰ ਪੁੱਛਿਆ, ਤੁਸੀਂ ਕਿਹੜਾ ਗੁਰੂ ਧਾਰਨ ਕੀਤਾ ਹੈ ਤੇ ਕੀ ਗੁਰ-ਮੰਤਰ ਲਿਆ ਹੈ? ਤਾਂ ਗੁਰੂ ਜੀ ਨੇ ਕਿਹਾ ਕਿ ਮੈਂ ਤਾਂ ਅਜੇ ਤੱਕ ਕੋਈ ਗੁਰੂ ਨਹੀਂ ਧਾਰਨ ਕੀਤਾ। ਇਹ ਸੁਣ ਕੇ ਬ੍ਰਹਮਚਾਰੀ ਮਨ ਹੀ ਮਨ ਬਹੁਤ ਦੁਖੀ ਹੋਇਆ ਕਿ ਮੈਂ ਨਿਗੁਰੇ ਦੇ ਨਾਲ ਹੀ ਸੰਗਤ ਕਰ ਕੇ, ਉਸ ਨਾਲ ਖਾਣਾ-ਪੀਣਾ ਕੀਤਾ ਹੈ। ਮੇਰੇ ਤਾਂ ਸਾਰੇ ਤਪ, ਵਰਤ, ਸਾਧਨ ਆਦਿ ਵਿਅਰਥ ਹੋ ਗਏ ਹਨ। ਸ੍ਰੀ ਅਮਰਦਾਸ ਜੀ ਨੂੰ ਇਹ ਗੱਲ ਸੁਣ ਕੇ ਬਹੁਤ ਦੁੱਖ ਹੁਇਆ ਤੇ ਉਨ੍ਹਾਂ ਦੀ ਪ੍ਰਭੂ ਨਾਲ ਲਿਵ ਲੱਗ ਗਈ। ਉਨ੍ਹਾਂ ਪ੍ਰਭੂ ਅੱਗੇ ਅਰਦਾਸ ਕੀਤੀ ਕਿ ਹੇ ਪ੍ਰਭੂ! ਮੈਨੂੰ ਛੇਤੀ ਤੋਂ ਛੇਤੀ ਪੂਰਨ ਸਤਿਗੁਰੂ ਮਿਲ ਪਵੇ। ਮੇਰੀ ਇੱਛਾ ਪੂਰੀ ਕਰੋ। ਉਨ੍ਹਾਂ ਪ੍ਰਭੂ ਦੀ, ਗੰਗਾ ਦੀ ਦਿਨ-ਰਾਤ ਅਰਾਧਨਾ ਕਰਨੀ ਸ਼ੁਰੂ ਕਰ ਦਿੱਤੀ ਤਾਂ ਜੋ ਪੂਰਨ ਗੁਰੂ ਦੀ ਪ੍ਰਾਪਤੀ ਹੋ ਜਾਵੇ।

ਸਾਖੀ ਦਾ ਸਾਰ - ਅਧਿਆਇ 15

ਸ੍ਰੀ ਗੁਰੂ ਅੰਗਦ ਸਾਹਿਬ ਜੀ ਦੀ ਪੁੱਤਰੀ ਬੀਬੀ ਅਮਰੋ, ਬਾਸਰਕੇ ਪਿੰਡ ਵਿੱਚ, ਸ੍ਰੀ ਅਮਰਦਾਸ ਜੀ ਦੇ ਭਤੀਜੇ ਨੂੰ ਵਿਆਹੀ ਹੋਈ ਸੀ। ਉਹ ਅੰਮ੍ਰਿਤ-ਵੇਲੇ ਗੁਰਬਾਣੀ ਦਾ ਪਾਠ

ਕਰਿਆ ਕਰਦੀ ਸੀ। ਇੱਕ ਦਿਨ, ਸਵੇਰੇ, ਦੁੱਧ ਰਿੜਕਦੀ ਹੋਈ ਬੀਬੀ ਦੇ ਮੁੱਖ ਤੋਂ ਮਨੋਹਰ ਸ਼ਬਦ ਸੁਣ ਕੇ ਅਮਰਦਾਸ ਜੀ ਇੱਕਦਮ ਬੇਹੱਦ ਪ੍ਰਭਾਵਤ ਹੋ ਗਏ।

ਦਿਨ ਚੜ੍ਹੇ, ਬੀਬੀ ਤੋਂ ਉਸ ਸ਼ਬਦ ਦੇ ਰਚਨਹਾਰੇ ਸੰਬੰਧੀ ਪੁੱਛਿਆ ਅਤੇ ਦਰਸ਼ਨਾਂ ਦੀ ਇੱਛਾ ਤੇ ਉਤਸੁਕਤਾ ਪ੍ਰਗਟਾਈ। ਬੀਬੀ ਅਮਰੋ ਨੇ ਦੱਸਿਆ ਕਿ ਇਹ ਗੁਰੂ ਨਾਨਕ ਸਾਹਿਬ ਜੀ ਦੀ ਮਨੋਹਰ ਬਾਣੀ ਦਾ ਸ਼ਬਦ ਹੈ, ਜਿਨ੍ਹਾਂ ਦੀ ਗੱਦੀ ਉੱਤੇ ਮੇਰੇ ਪਿਤਾ ਜੀ ਬਿਰਾਜਮਾਨ ਹਨ। ਸ੍ਰੀ ਅਮਰਦਾਸ ਜੀ ਦੀ ਬੇਨਤੀ ਕਰਨ 'ਤੇ ਬੀਬੀ ਅਮਰੋ, ਉਨ੍ਹਾਂ ਨੂੰ ਖਡੂਰ ਸਾਹਿਬ ਲੈ ਗਈ। ਅਮਰਦਾਸ ਜੀ ਨੂੰ ਪਿੰਡੋਂ ਬਾਹਰ ਬਿਠਾ ਕੇ ਜਦ ਬੀਬੀ, ਪਿਤਾ ਜੀ ਦੇ ਹਜ਼ੂਰ ਪੁੱਜੀ ਤਾਂ ਜਾਣੀ-ਜਾਣ ਗੁਰੂ ਜੀ ਨੇ ਪੁੱਛਿਆ, ਜਿਸ ਨੂੰ ਨਾਲ ਲੈ ਕੇ ਆਈ ਸੈਂ, ਉਸ ਨੂੰ ਇਥੇ ਕਿਉਂ ਨਹੀਂ ਲੈ ਕੇ ਆਈ? ਅੰਤ, ਉਨ੍ਹਾਂ ਨੂੰ ਸੱਦ ਲਿਆਂਦਾ। ਉਥੇ ਗੁਰੂ ਜੀ ਦੀ ਸਿਆਣਪ ਅਤੇ ਪ੍ਰਬੀਨਤਾ ਵੇਖ ਕੇ, ਅਮਰਦਾਸ ਜੀ ਬਹੁਤ ਪ੍ਰਭਾਵਤ ਹੋ ਗਏ ਤੇ ਉਨ੍ਹਾਂ ਦਾ ਨਿਸਚਾ ਬੱਝ ਗਿਆ। ਬੱਸ, ਫੇਰ ਕੀ ਸੀ, ਅਮਰਦਾਸ ਜੀ ਗੁਰੂ-ਘਰ ਜੋਗੇ ਹੀ ਹੋ ਕੇ ਰਹਿ ਗਏ। ਲੰਗਰ ਛਕਣਾ ਤੇ ਸਤਿਗੁਰੂ ਜੀ ਦੀ ਅਤੇ ਸੰਗਤ ਦੀ ਅਥਾਹ ਸੇਵਾ ਵਿੱਚ ਜੁਟੇ ਰਹਿਣਾ, ਉਨ੍ਹਾਂ ਦਾ ਨਿੱਤ ਦਾ ਕਰਮ ਬਣ ਕੇ ਰਹਿ ਗਿਆ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਬੀਬੀ ਅਮਰੋ, ਗੁਰੂ ਅੰਗਦ ਸਾਹਿਬ ਜੀ ਦੀ ਸਪੁੱਤਰੀ ਸੀ। ਗੁਰੂ ਅੰਗਦ ਸਾਹਿਬ ਜੀ ਦੇ ਦੋ ਪੁੱਤਰ ਦਾਸੂ ਤੇ ਦਾਤੂ ਸਨ ਅਤੇ ਦੋ ਪੁੱਤਰੀਆਂ ਬੀਬੀ ਅਮਰੋ ਅਤੇ ਬੀਬੀ ਅਨੋਖੀ ਹੋਈਆਂ ਸਨ। ਬੀਬੀ ਅਮਰੋ ਦੀ ਸ਼ਾਦੀ ਗੁਰੂ ਅਮਰਦਾਸ ਜੀ ਦੇ ਭਤੀਜੇ ਨਾਲ ਪਿੰਡ ਬਾਸਰਕੇ ਹੋਈ ਸੀ। ਇਸ ਦੇ ਮੁੱਖ ਤੋਂ ***'ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ'*** (ਮਾਰੂ ਮਃ ੧) ਪਾਠ ਸੁਣ ਕੇ ਸ੍ਰੀ ਅਮਰਦਾਸ ਜੀ ਨੂੰ ਗੁਰੂ ਅੰਗਦ ਸਾਹਿਬ ਨੂੰ ਮਿਲਣ ਦਾ ਪ੍ਰੇਮ ਜਾਗਿਆ ਸੀ।
2. 'ਮਨੂਰ' ਲੋਹੇ ਦੀ ਮੈਲ ਹੁੰਦੀ ਹੈ। ਜਦੋਂ ਕੱਚਾ ਲੋਹਾ ਢਾਲਿਆ ਜਾਂਦਾ ਹੈ ਤਾਂ ਇਹ ਮੈਲ ਸ਼ੁੱਧ ਲੋਹੇ ਤੋਂ ਵੱਖ ਹੋ ਜਾਂਦੀ ਹੈ ਤੇ ਖੰਘਰ ਜਿਹਾ ਬਣ ਜਾਂਦਾ ਹੈ। ਇਸੇ ਨੂੰ ਮਨੂਰ ਆਖਦੇ ਹਨ।
3. ਪਿਛਲੇ ਸਮਿਆਂ ਵਿੱਚ ਧੀਆਂ ਇਤਨੀਆਂ ਨਿਮਰ ਤੇ ਆਗਿਆਕਾਰ ਹੁੰਦੀਆਂ ਸਨ ਕਿ ਮਾਪਿਆਂ ਦੇ ਸੱਦੇ ਤੋਂ ਬਿਨਾਂ ਅਤੇ ਜਾਂ ਕਿਸੇ ਵਿਸ਼ੇਸ਼ ਕਾਰਨ ਦੇ, ਪਤੀ ਨੂੰ ਨਾਲ ਲਏ ਬਗੈਰ, ਆਪਣੇ ਪੇਕੀਂ ਨਹੀਂ ਸਨ ਆਇਆ ਕਰਦੀਆਂ। ਜੇਕਰ ਕੋਈ ਅਜਿਹਾ ਕਰਦੀ ਤਾਂ ਇਹ ਧੀ ਮਾਪਿਆਂ ਦੀ ਨਿਰਾਦਰੀ ਅਥਵਾ ਮਾਪਿਆਂ ਦੀ ਨਰਾਜ਼ਗੀ ਦਾ ਕਾਰਨ ਸਮਝੀ ਜਾਂਦੀ ਸੀ।
4. ਭਾਈ ਸੰਤੋਖ ਸਿੰਘ ਵੱਲੋਂ ਲੰਗਰ ਵਿੱਚ ਮਾਸ ਵਰਤਣਾ ਲੰਗਰ ਪਰੰਪਰਾ ਦੇ ਅਨੁਕੂਲ ਨਹੀਂ ਜਾਪਦਾ ਅਤੇ ਇਸ ਦੀ ਕਿਧਰੋਂ ਪੁਸ਼ਟੀ ਨਹੀਂ ਹੁੰਦੀ।

✡✡✡

10. ਸ੍ਰੀ ਅਮਰਦਾਸ ਜੀ ਦੇ ਸੇਵਾ ਕਰਨ ਦਾ ਪ੍ਰਸੰਗ

ਅਧਿਆਇ ਸੋਲ੍ਹਵਾਂ

ਮੂਲ ਪਾਠ

ਚਰਣ ਅੰਗੂਠੇ ਮਹਿ ਬ੍ਰਿਣ3 ਪਾਕੋ ਨਿਜ ਆਨਨ ਮਹਿਂ ਰਾਖਹਿਂ ਤੌਨ4।
ਮੁਖ ਕੇ ਗਰਮ ਸ੍ਵਾਸ ਤੇ ਦੁਖ ਨਹਿਂ ਯਾਂਤੇ ਧਰਹਿਂ ਬੈਠ ਰਹਿਂ ਭੌਨ ॥ 19 ॥

ਭਾਵ: ਉਨ੍ਹਾਂ (ਗੁਰੂ ਅੰਗਦ ਜੀ) ਦੇ ਪੈਰ ਦੇ ਅੰਗੂਠੇ ਵਿੱਚ ਫੋੜਾ3 ਪੱਕ ਗਿਆ ਸੀ ਤਾਂ ਉਸ4 ਨੂੰ ਆਪ, (ਸ੍ਰੀ ਅਮਰਦਾਸ ਜੀ) ਆਪਣੇ ਮੂੰਹ ਵਿੱਚ ਪਾ ਕੇ ਰਖਦੇ। ਮੂੰਹ ਦੇ ਗਰਮ ਸੁਆਸਾਂ ਨਾਲ ਉਹ (ਅੰਗੂਠਾ) ਦੁਖਦਾ ਨਹੀਂ ਸੀ, ਇਸ ਲਈ ਇਹ ਘਰ ਵਿੱਚ ਹੀ ਸਥਿਤ ਰਹਿੰਦੇ ਸਨ।

ਜਬ ਮੁਖ ਰੁਧਰ5 ਰਾਧਿ ਕਿਛੁ ਆਵਹਿ, ਤਿਸ ਕੋ ਥੂਕ ਦੇਹਿਂ ਧਰ ਡਾਰ।
ਸੁਖ ਸੌਂ ਸੈਨ ਕਰਹਿਂ ਗੁਰ ਪੂਰੇ, ਨਹਿਂ ਦੁਖ ਹੋਇ-ਇਮਿ ਰਿਦੇ ਬਿਚਾਰਿ।
ਇੱਤਯਾਦਕ ਜਬ ਸੇਵ ਉਠਾਈ, ਸੰਮਤ ਬੀਤ ਗਏ ਤਬ ਚਾਰ।
ਚੌਥੋ ਦਿਯੋ ਰੁਮਾਲ ਬਹੁਰ ਤਬ, ਸੋ ਭੀ ਲੀਨਹੁੰ ਸਿਰ ਪਰ ਧਾਰਿ ॥20 ॥

ਭਾਵ: ਜਦ ਮੂੰਹ ਵਿੱਚ ਕੁੱਝ ਲਹੂ5-ਪਾਕ ਆ ਜਾਂਦੀ ਤਾਂ ਉਸ ਨੂੰ ਧਰਤੀ ਉਤੇ ਸੁੱਟ ਦਿੰਦੇ, ਮਨ ਵਿੱਚ ਇਹ ਸੋਚ ਕੇ, ਕਿ ਪੂਰੇ ਸਤਿਗੁਰੂ ਜੀ ਨੂੰ ਤਕਲੀਫ਼ ਨਾ ਹੋਵੇ ਤੇ ਉਹ ਆਰਾਮ ਨਾਲ ਸੌਂ ਸਕਣ। ਜਦ ਇਸ ਪ੍ਰਕਾਰ ਸੇਵਾ ਕਰਦਿਆਂ ਚਾਰ ਸਾਲ ਬੀਤ ਗਏ। ਤਦੋਂ ਸਤਿਗੁਰੂ ਜੀ ਨੇ ਚੌਥਾ ਰੁਮਾਲ ਦਿੱਤਾ, ਤਾਂ ਉਹ ਵੀ ਇਨ੍ਹਾਂ ਨੇ ਸਿਰ ਉੱਤੇ ਬੰਨ੍ਹ ਲਿਆ।

ਬਰਖ ਇਕਾਦਸ਼9 ਸੇਵਾ ਕੀਨਸਿ, ਦਿਏ ਰੁਮਾਲ ਇਕਾਦਸ਼ ਪਾਨਿ।
ਸੋ ਸਗਰੇ ਸਿਰ ਪਰ ਕਰਿ ਬਾਂਧਨਿ ਰਸਰੀ10 ਸੰਗ ਸੁ ਦ੍ਰਿੜਤਾ ਠਾਨਿ।
ਬਡੋ ਮੁਕਟ ਤਿਨ ਕੋ ਤਬ ਹੋਯਹੁ, ਦਿਨ ਪ੍ਰਤਿ ਭੀਗਹਿ11 ਨੀਰ ਮਹਾਂਨ।
ਬਹੁ ਪਪੀਲਕਾ12 ਬਾਸਾ ਕੀਨਸਿ, ਅਪਰ ਜੀਵ ਉਪਜੇ ਤਿਸ ਥਾਨ ॥ 29 ॥

ਭਾਵ: ਅਮਰਦਾਸ ਜੀ ਨੇ ਗਿਆਰਾਂ9 ਵਰ੍ਹੇ ਗੁਰੂ ਜੀ ਦੀ ਸੇਵਾ ਕੀਤੀ ਤੇ ਸਤਿਗੁਰਾਂ ਆਪਣੇ ਕਰ-ਕਮਲਾਂ ਨਾਲ ਇਨ੍ਹਾਂ ਨੂੰ ਗਿਆਰਾਂ ਰੁਮਾਲ (ਪਟਕੇ) ਪਹਿਨਣ ਲਈ ਬਖਸ਼ੇ ਸਨ। ਉਹ ਸਾਰੇ ਹੀ ਆਪ ਨੇ ਰੱਸੀ10 ਨਾਲ ਪੱਕੇ ਕਰ ਕੇ ਆਪਣੇ ਸਿਰ ਉੱਤੇ ਬੰਨ੍ਹੇ ਹੋਏ

ਸਨ। ਉਨ੍ਹਾਂ ਦਾ, ਸਿਰ ਉੱਤੇ ਬੜਾ ਵੱਡਾ ਮੁਕਟ ਬਣ ਗਿਆ ਸੀ, ਜੋ ਰੋਜ਼-ਰੋਜ਼ ਪਾਣੀ ਨਾਲ ਬਹੁਤ ਭਿੱਜ11 ਜਾਂਦਾ ਸੀ। ਸੋ ਉਹਦੇ ਅੰਦਰ ਬਹੁਤ ਕੀੜੀਆਂ ਨੇ ਵਾਸਾ ਕਰ ਲਿਆ ਸੀ ਅਤੇ ਹੋਰ ਜੀਵ-ਜੰਤੂ ਵੀ ਪੈਦਾ ਹੋ ਗਏ ਸਨ।

ਜਬ ਕੇ ਦਏ ਸੀਸ ਪਰ ਬਾਂਧੇ, ਬਹੁਰ ਨ ਤਰੇ ਉਤਾਰਨਿ ਕੀਨਿ।
ਕਰਤਿ ਰਹਤਿ ਦਿਨ ਪ੍ਰਤਿ ਦ੍ਰਿੜ ਤਿਨ ਕੋ, ਰੈਨ ਦਿਵਸ ਮਨ ਪ੍ਰੇਮ ਪ੍ਰਬੀਨਿ।
.. ॥30॥

ਭਾਵ : ਉਦੋਂ ਦੇ ਦਿੱਤੇ ਹੋਏ (ਪਰਨੇ) ਸਾਰੇ ਸਿਰ ਉੱਤੇ ਬੰਨ੍ਹੇ ਹੋਏ ਸਨ, ਮੁੜ ਕੇ ਥੱਲੇ ਨਹੀ ਸਨ ਲਾਹੇ। ਦਿਨ-ਪਰ-ਦਿਨ ਉਨ੍ਹਾਂ ਨੂੰ ਹੋਰ ਕਸੀ ਜਾਂਦੇ ਸਨ ਕਿਉਂਕਿ ਦਿਨ-ਰਾਤ ਮਨ ਦੇ ਅੰਦਰ ਗੁਰੂ ਜੀ ਦਾ ਸੰਪੂਰਨ ਪ੍ਰੇਮ ਸੀ।

ਬਰਖ ਦੁਆਦਸੋ ਸੇਵਤਿ ਆਯਹੁ ਜੀਰਣ2 ਚੀਰ ਸਰੀਰ ਸੁ ਛਾਦਿ3।
ਪਗ ਮਹਿ ਭਈ ਬਿਵਾਈ ਫਟ ਕਰਿ, ਖਾਨ ਪਾਨ ਕੋ ਚਹੈਂ ਨ ਸਾਦਿ॥
.. ॥31॥।

ਭਾਵ: ਗੁਰੂ ਜੀ ਦੀ ਸੇਵਾ ਕਰਦਿਆਂ-ਕਰਦਿਆਂ ਬਾਰ੍ਹਵਾਂ ਸਾਲ ਆ ਗਿਆ। ਇਨ੍ਹਾਂ ਦਾ ਸਰੀਰ ਪੁਰਾਣੇ[2] ਬਸਤਰਾਂ ਨਾਲ ਢਕਿਆ[3] ਹੋਇਆ ਸੀ। ਪੈਰ ਫਟ-ਫਟ ਕੇ ਬਿਆਈਆਂ ਹੋ ਗਈਆਂ ਸਨ। ਖਾਣ-ਪੀਣ ਦਾ ਆਪ ਨੂੰ ਨਾ ਹੀ ਕੋਈ ਸੁਆਦ ਸੀ ਤੇ ਨਾ ਹੀ ਇੱਛਾ ਬਾਕੀ ਰਹਿ ਗਈ ਸੀ।

ਚਰਨ ਅੰਗੂਠਾ ਨਿਸ ਮੁਖ ਰਾਖਤਿ, ਨਹਿੰ ਸੋਵਤਿ ਕਬਹੂੰ ਚਿਤ ਚਾਹਿ।
.. ॥੩੨॥

ਭਾਵ : ਗੁਰੂ ਜੀ ਦੇ ਚਰਨ ਦਾ ਅੰਗੂਠਾ ਆਪਣੇ ਮੂੰਹ ਵਿੱਚ ਰਖਦੇ ਹਨ। ਇਹ ਕਦੇ ਵੀ ਰੀਝ ਨਾਲ ਨਹੀਂ ਸੌਂਦੇ।

ਗੁਰਮਤਿ

ਇਹ ਪਰਸੰਗ ਗੁਰਮਤਿ-ਵਿਰੋਧੀ ਗੱਲਾਂ ਨਾਲ ਭਰਿਆ ਪਿਆ ਹੈ ਜਿਵੇਂ ਕਿ -

(ੳ) ਜਦੋਂ ਗੁਰੂ ਨਾਨਕ ਸਾਹਿਬ ਨੇ, ਗੁਰਗੱਦੀ ਦੇਣ ਵੇਲੇ, ਗੁਰੂ ਅੰਗਦ ਸਾਹਿਬ ਦੇ ਚਰਨਾਂ 'ਤੇ ਮੱਥਾ ਟੇਕ ਦਿੱਤਾ, ਤਾਂ ਗੁਰੂ ਅੰਗਦ ਸਾਹਿਬ ਨੇ (ਦੱਸਿਆ ਜਾਂਦਾ ਹੈ) ਕਿਹਾ ਕਿ ਜਿਨ੍ਹਾਂ ਪੈਰਾਂ 'ਤੇ ਗੁਰੂ ਨਾਨਕ ਸਾਹਿਬ ਨੇ ਮੱਥਾ ਟੇਕਿਆ ਹੈ, ਉਨ੍ਹਾਂ ਪੈਰਾਂ ਨੂੰ ਕੋਹੜ ਹੋ ਜਾਵੇ। ਕਹਿੰਦੇ ਹਨ ਕਿ ਉਸੇ ਵਕਤ ਹੀ ਗੁਰੂ ਅੰਗਦ ਸਾਹਿਬ ਦੇ ਚਰਨਾਂ ਨੂੰ ਕੋਹੜ ਹੋ ਗਿਆ। ਪੈਰਾਂ ਦੇ ਬਾਕੀ ਹਿੱਸੇ ਦਾ ਕੋਹੜ ਤਾਂ (ਗੁਰੂ ਜੀ ਦੇ ਬਚਨਾਂ ਦੀ ਸ਼ਕਤੀ ਨਾਲ) ਦੂਰ ਹੋ ਗਿਆ, ਪਰ, ਪੈਰ ਦੇ ਇੱਕ ਅੰਗੂਠੇ ਦਾ ਕੋਹੜ (ਨਿਸ਼ਾਨੀ ਵਜੋਂ) ਜਿਉਂ ਦਾ ਤਿਉਂ ਹੀ ਰੱਖ ਲਿਆ ਗਿਆ।

(ਅ) (ਗੁਰੂ) ਅਮਰਦਾਸ ਜੀ ਨੂੰ ਗੁਰੂ ਅੰਗਦ ਸਾਹਿਬ ਹਰ ਸਾਲ (ਸੇਵਾ ਦੇ ਸਨਮਾਨ ਵਜੋਂ) ਇੱਕ ਡੇਢ-ਗਜ਼ ਕੱਪੜੇ ਦਾ ਸਿਰੋਪਾਉ ਦਿੰਦੇ ਹੁੰਦੇ ਸਨ ਜਿਸ ਨੂੰ (ਗੁਰੂ) ਅਮਰਦਾਸ ਜੀ ਆਪਣੇ ਸਿਰ 'ਤੇ ਰੱਸੀ ਨਾਲ ਘੁੱਟ ਕੇ ਬੰਨ੍ਹ ਲਿਆ ਕਰਦੇ ਸਨ। ਇਸ ਤਰ੍ਹਾਂ ਕਰਦਿਆਂ-ਕਰਦਿਆਂ ਉਨ੍ਹਾਂ ਦੇ ਸਿਰ 'ਤੇ 12 ਸਿਰੋਪਾਉ ਬੱਝ ਗਏ ਜਿਨ੍ਹਾਂ ਦਾ ਇੱਕ ਵੱਡਾ-ਸਾਰਾ ਪੱਗੜ (ਮੁਕਟ) ਜਿਹਾ ਉਨ੍ਹਾਂ ਦੇ ਸਿਰ 'ਤੇ ਬੱਝ ਗਿਆ।

(ੲ) (ਗੁਰੂ) ਅਮਰਦਾਸ ਜੀ ਸਤਿਗੁਰਾਂ ਵੱਲੋਂ ਪ੍ਰਾਪਤ ਹੋਏ ਸਿਰੋਪਾਉ ਕਦੇ ਵੀ ਸਿਰ ਤੋਂ ਨਹੀਂ ਉਤਾਰਿਆ ਕਰਦੇ ਸਨ। ਇਸ ਲਈ ਉਹ ਰੁਮਾਲੇ ਹਰ ਰੋਜ਼ (ਪਾਣੀ ਢੋਣ ਦੀ ਸੇਵਾ ਦੌਰਾਨ) ਪਾਣੀ ਨਾਲ ਭਿੱਜ ਜਾਇਆ ਕਰਦੇ ਸਨ। ਜਿਸ ਦੇ ਫਲਸਰੂਪ ਉਨ੍ਹਾਂ ਦੇ ਸਿਰ ਦੇ ਵਾਲਾਂ ਵਿੱਚ ਕਈ ਕਿਸਮ ਦੇ ਜੀਵ-ਜੰਤੂ ਪੈਦਾ ਹੋ ਗਏ ਸਨ।

(ਸ) (ਗੁਰੂ) ਅਮਰਦਾਸ ਜੀ ਜਿਹੜੇ ਬਸਤਰ 12 ਸਾਲ ਪਹਿਲਾਂ ਪਹਿਨ ਕੇ ਬਾਸਰਕੇ ਤੋਂ ਆਏ ਸਨ, ਉਹ ਬਸਤਰ ਉਨ੍ਹਾਂ ਨਾ ਕਦੇ ਉਤਾਰੇ ਅਤੇ ਨਾ ਹੀ ਸਾਫ਼ ਕੀਤੇ।

ਇਥੇ ਕਈ ਸਵਾਲ ਸੁਭਾਵਕ ਹੀ ਉੱਠ ਖੜ੍ਹੇ ਹੁੰਦੇ ਹਨ। **ਕੀ ਇਸ ਪ੍ਰਸੰਗ ਰਾਹੀਂ ਗੁਰਮਤਿ ਦੇ ਸਰਲ, ਸਾਫ਼-ਸੁੱਥਰੇ, ਸਰਬ-ਸ੍ਰੇਸ਼ਟ ਤੇ ਵਿਗਿਆਨਕ ਸਿਧਾਂਤਾਂ ਦੀ ਖਿੱਲ੍ਹੀ ਨਹੀਂ ਉਡਾਈ ਗਈ ? ਕੀ ਗੁਰਮਤਿ ਸਿਧਾਂਤ ਮਨੁੱਖਤਾ ਨੂੰ ਇਹ ਸੁਨੇਹਾ ਦਿੰਦੇ ਹਨ ਕਿ ਮਨੁੱਖ ਕਦੇ ਆਪਣੇ ਬਸਤਰ ਸਾਫ਼ ਨਾ ਕਰੇ, ਆਪਣੇ ਕੇਸ਼ਾਂ ਦਾ ਇਸ਼ਨਾਨ ਨਾ ਕਰੇ, ਤੇ ਨਾ ਹੀ ਕੇਸ਼ਾਂ ਨੂੰ ਕੰਘਾ ਕਰ ਕੇ ਸਾਫ਼ ਤੇ ਅਰੋਗ ਰੱਖੇ ? ਕੀ ਕੋਈ ਸੂਤੀ ਕਪੜੇ ਦੀ ਪੁਸ਼ਾਕ (ਦਿਨ-ਰਾਤ ਪਹਿਨਣ ਤੋਂ ਬਾਅਦ ਵੀ) 12 ਸਾਲ ਤੱਕ ਸਾਬਤ ਰਹਿ ਸਕਦੀ ਹੈ ? ਕੀ ਪੈਰ ਦੇ ਕੋਹੜ ਵਾਲੇ ਅੰਗੂਠੇ ਦਾ ਲਹੂ-ਪਾਕ ਮੂੰਹ ਵਿੱਚ ਰੱਖ ਕੇ ਹੀ ਗੁਰੂ ਸਾਹਿਬ ਦੀ ਸ੍ਰੇਸ਼ਟ ਸੇਵਾ ਕੀਤੀ ਜਾ ਸਕਦੀ ਸੀ ?** ਇਹ ਸਾਰੀਆਂ ਬੇਹੂਦਾ ਗੱਲਾਂ ਗੁਰਮਤਿ ਫ਼ਲਸਫ਼ੇ ਦੀ ਨਿੰਦਿਆ ਕਰਨ ਲਈ ਹੀ ਦਰਜ਼ ਕੀਤੀਆਂ ਗਈਆਂ ਜਾਪਦੀਆਂ ਹਨ।

ਇਸ ਨੂੰ ਸਿੱਖ ਕੌਮ ਦਾ ਵੱਡਾ ਦੁਖਾਂਤ ਹੀ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਸਿਧਾਂਤਾਂ ਦੀ ਸਪੱਸ਼ਟਤਾ ਤੋਂ ਕੋਰੇ, ਅੱਧ-ਪੜ੍ਹ ਕਿਸਮ ਦੇ ਬਹੁਤ ਸਾਰੇ ਪ੍ਰਾਣੀ ਗੁਰਮਤਿ ਦੇ ਪ੍ਰਚਾਰਕ ਬਣ ਕੇ ਅਜਿਹੀਆਂ ਬੋਦੀਆਂ ਤੇ ਗੁਰਮਤਿ-ਵਿਰੋਧੀ ਗੱਲਾਂ ਦਾ ਹੀ (ਗੁਰਮਤਿ ਦੇ ਲੇਬਲ ਹੇਠ) ਡੱਟ ਕੇ ਪ੍ਰਚਾਰ ਕਰੀ ਜਾ ਰਹੇ ਹਨ ਅਤੇ ਕਈ ਚੰਗੇ-ਭਲੇ ਪੜ੍ਹੇ-ਲਿਖੇ ਮਨੁੱਖ ਵੀ ਅਜਿਹੀਆਂ ਗੱਲਾਂ ਨੂੰ (ਅੰਨ੍ਹੀ-ਸ਼ਰਧਾ ਵੱਸ) ਗੁਰਮਤਿ ਵਜੋਂ ਪਰਵਾਨ ਕਰਦੇ ਆ ਰਹੇ ਹਨ। ਕੀ ਇਹ ਹਕੀਕਤ ਇਸ ਗੱਲ ਦਾ ਸਬੂਤ ਨਹੀਂ ਕਿ ਸਿੱਖ ਕੌਮ ਦਾ ਵੱਡਾ ਹਿੱਸਾ ਗੁਰੂ ਗ੍ਰੰਥ ਸਾਹਿਬ ਦੇ ਸਰਬ-ਕਲਿਆਣਕਾਰੀ ਤੇ ਸਰਬ-ਸਾਂਝੇ ਰੱਬੀ ਸਿਧਾਂਤਾਂ ਨਾਲੋਂ ਟੁੱਟ ਚੁੱਕਾ ਹੈ ? ਪਰਮੇਸ਼ਰ ਮਿਹਰ ਕਰੇ ! ਸੁੱਤੀ ਹੋਈ ਸਿੱਖ ਕੌਮ ਅਗਿਆਨਤਾ ਅਤੇ ਅੰਧ-ਵਿਸ਼ਵਾਸ ਦੀ ਨੀਂਦ 'ਚੋਂ ਜਾਗ ਜਾਵੇ !!

ਗੁਰਮਤਿ ਫ਼ਲਸਫ਼ੇ ਅਨੁਸਾਰ, **ਅਗਿਆਨਤਾ ਅਤੇ ਅੰਧ-ਵਿਸ਼ਵਾਸ ਦੀ ਨੀਂਦ 'ਚੋਂ ਮਨੁੱਖ ਨੂੰ ਗੁਰਬਾਣੀ ਦਾ ਗਿਆਨ** (ਗੁਰੂ-ਬਾਣੀ ਦੇ ਆਲਮਗੀਰੀ ਉਪਦੇਸ਼ਾਂ ਨੂੰ ਸੁਣਨਾ, ਸਮਝਣਾ, ਮਨੋ ਸਵੀਕਾਰ ਕਰ ਕੇ ਨਿਤਾ-ਪ੍ਰਤਿ ਦੇ ਅਮਲੀ ਜੀਵਨ ਅੰਦਰ ਧਾਰਨ ਕਰਨਾ) **ਹੀ ਜਗਾ ਕੇ ਸਹੀ ਜੀਵਨ-ਮਾਰਗ 'ਤੇ ਤੋਰਨ ਲਈ ਸਮਰੱਥ ਹੈ**, ਹੋਰ ਕੋਈ ਦੂਸਰਾ ਤਰੀਕਾ ਬਿਲਕੁਲ ਹੀ ਨਹੀਂ ਹੈ। ਸ਼ਬਦ-ਗੁਰੂ ਦਾ ਫ਼ੁਰਮਾਣੁ ਹੈ -

ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥
ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ (ਮ:੧, ੮੪੪)

ਭਾਵ : ਹੇ ਸੋਹਣੇ ਨੇਤ੍ਰਾਂ ਵਾਲੀ ਜੀਵ-ਇਸਤ੍ਰੀਏ! (ਮਾਇਆ ਦੇ ਹੱਲਿਆਂ ਵੱਲੋਂ) ਸਾਵਧਾਨ ਰਹੁ, (ਤੈਨੂੰ) ਗੁਰੂ ਦੀ ਬਾਣੀ ਜਗਾ ਰਹੀ ਹੈ। ਜਿਸ (ਜੀਵ-ਇਸਤ੍ਰੀ) ਨੇ (ਗੁਰੂ ਦੀ ਬਾਣੀ) ਸੁਣ ਕੇ (ਉਸ ਵਿੱਚ) ਸ਼ਰਧਾ ਬਣਾਈ ਹੈ (ਭਾਵ, ਗੁਰੂ-ਬਾਣੀ ਦੇ ਉਪਦੇਸ਼ਾਂ ਨੂੰ ਅਮਲੀ ਜੀਵਨ-ਜਾਚ ਵਿੱਚ ਸ਼ਾਮਿਲ ਕੀਤਾ ਹੈ), ਉਹ ਅਕੱਥ ਪ੍ਰਭੂ ਦੀ ਸਿਫਤਿ-ਸਾਲਾਹ ਕਰਨ ਲੱਗ ਪੈਂਦੀ ਹੈ।

ਇਹ ਕਾਰਜ ਤਾਂ ਹੀ ਸਿਰੇ ਚੜ੍ਹ ਸਕੇਗਾ ਜੇਕਰ ਮਨੁੱਖਤਾ ਵਿੱਚ ਗੁਰੂ-ਬਾਣੀ ਦੇ ਉਪਦੇਸ਼ਾਂ ਦਾ ਸ਼ੁੱਧ ਰੂਪ ਵਿੱਚ, ਵੱਡੀ ਪੱਧਰ 'ਤੇ, ਪ੍ਰਚਾਰ ਤੇ ਪਸਾਰ ਕੀਤਾ ਜਾਵੇਗਾ। ਅਜੋਕੇ ਆਧੁਨਿਕ ਮਲਟੀ-ਮੀਡੀਆ ਦੀ ਸੁਚੱਜੀ ਵਰਤੋਂ ਕਰਕੇ ਗੁਰਮਤਿ ਫ਼ਲਸਫ਼ੇ ਦਾ, ਗੁਰਦਵਾਰਾ ਸੰਸਥਾ ਰਾਹੀਂ, ਬਹੁਤ ਵਧੀਆ ਪ੍ਰਚਾਰ ਕੀਤਾ ਜਾ ਸਕਦਾ ਹੈ। ਪਰ, ਸਿੱਖ ਕੌਮ ਦਾ ਇਹ ਵੱਡਾ ਦੁਖਾਂਤ ਹੈ ਕਿ ਗੁਰਦਵਾਰਾ ਸੰਸਥਾ 'ਤੇ, ਗੁਰਮਤਿ ਵਿਰੋਧੀ ਵੋਟ-ਵਿਧਾਨ ਦੀ ਦੁਰਵਰਤੋਂ ਕਰ ਕੇ, ਅਜਿਹੇ (ਚੌਧਰ ਦੇ ਭੁੱਖੇ) ਪ੍ਰਬੰਧਕ ਕਾਬਜ਼ ਹੋਏ ਬੈਠੇ ਹਨ ਜਿਨ੍ਹਾਂ ਨੂੰ ਗੁਰਮਤਿ ਫ਼ਲਸਫ਼ੇ ਦੇ ਬੁਨਿਆਦੀ ਸਿਧਾਂਤਾਂ ਬਾਰੇ ਵੀ ਕੋਈ ਸੋਝੀ ਨਹੀਂ ਹੈ। ਇਥੇ ਹੀ ਬੱਸ ਨਹੀਂ, ਹਰੇਕ ਜਗ੍ਹਾ 'ਤੇ ਸਥਾਨਕ ਸੰਗਤਿ ਵਿੱਚ ਕੁੱਝ ਕੁ ਗੁਰਮਤਿ-ਵਿਹੂਣੇ 'ਤੀਸਮਾਰ ਖ਼ਾਂ' ਵੀ ਹੁੰਦੇ ਹਨ, ਜੋ ਇਨ੍ਹਾਂ ਪ੍ਰਬੰਧਕਾਂ ਨੂੰ ਆਪਣੀਆਂ ਮਨੌਤਾਂ ਅਨੁਸਾਰ ਹੀ ਚਲਾਉਣਾ ਚਾਹੁੰਦੇ ਹਨ ਅਤੇ ਗੁਰਮਤਿ ਫ਼ਲਸਫ਼ੇ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਕਰਨ ਵਾਲੇ ਪ੍ਰਚਾਰਕਾਂ ਨੂੰ ਗੁਰਦਵਾਰਾ ਸੰਸਥਾ ਰਾਹੀਂ ਪ੍ਰਚਾਰ ਕਰਨ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਦੇ ਰਹਿੰਦੇ ਹਨ ਕਿਉਂਕਿ ਇਨ੍ਹਾਂ ਨੇ ਏਧਰੋਂ-ਉਧਰੋਂ ਗੁਰਮਤਿ-ਵਿਰੋਧੀ ਕਥਾ-ਕਹਾਣੀਆਂ ਸੁਣ ਕੇ ਹੀ 'ਗੁਰਮਤਿ' ਦਾ ਇੱਕ ਖਾਕਾ ਆਪੋ-ਆਪਣੇ ਮਨਾਂ ਵਿੱਚ (ਮਨੌਤਾਂ ਦੇ ਰੂਪ ਵਿੱਚ) ਧਾਰਨ ਕੀਤਾ ਹੁੰਦਾ ਹੈ। ਜਦੋਂ ਕੋਈ ਪ੍ਰਚਾਰਕ ਇਨ੍ਹਾਂ ਦੀਆਂ ਮਨੌਤਾਂ ਦੇ ਵਿਰੁੱਧ ਸੱਚ ਦਾ ਪ੍ਰਚਾਰ ਕਰਦਾ ਹੈ ਤਾਂ ਇਨ੍ਹਾਂ ਦੀ ਹਉਮੈਂ ਨੂੰ ਤਕੜੀ ਸੱਟ ਵਜਦੀ ਹੈ ਅਤੇ ਇਹ ਉਸ ਸੱਚ ਦਾ ਪ੍ਰਚਾਰ ਕਰਨ ਵਾਲੇ ਪ੍ਰਚਾਰਕ ਦੇ ਗਲ ਪੈਣ ਤੱਕ ਵੀ ਚਲੇ ਜਾਂਦੇ ਹਨ। ਗੁਰਬਾਣੀ ਦਾ ਅਜਿਹੇ ਮਨੁੱਖਾਂ ਬਾਰੇ ਫ਼ੁਰਮਾਣ ਹੈ -

ਜਿਨ੍ਹਾਂ ਅੰਦਰਿ ਕੂੜ ਵਰਤੈ ਸਚੁ ਨ ਭਾਵਈ ॥ ***ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥***

ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ॥ ਜਿਸੁ ਹਰਿ ਹੋਇ ਕ੍ਰਿਪਾਲੁ ਸੁ ਨਾਮੁ ਧਿਆਵਈ॥

ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ॥੧੦॥ (ਮ:੪, ੬੪੬)

ਭਾਵ : ਜਿਨ੍ਹਾਂ ਦੇ ਹਿਰਦੇ ਵਿੱਚ ਕੂੜ (ਗੁਰਮਤਿ ਵਿਰੋਧੀ ਵਿਚਾਰ) ਵਰਤਦਾ ਹੈ, ਉਨ੍ਹਾਂ ਨੂੰ ਸੱਚ (ਸ਼ੁੱਧ ਰੂਪ ਵਿੱਚ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ) ਚੰਗਾ ਨਹੀਂ ਲਗਦਾ; ਜੇ ਕੋਈ ਮਨੁੱਖ ਸੱਚ ਬੋਲੇ (ਯਾਨੀ ਕਿ, ਸੱਚ ਦਾ ਪ੍ਰਚਾਰ ਕਰੇ) ਤਾਂ ਝੂਠਾ (ਸੁਣ ਕੇ) ਸੜ-ਬਲ ਜਾਦਾ ਹੈ; ਝੂਠ ਦਾ ਵਪਾਰੀ (ਮਨਮੁੱਖ) ਝੂਠ ਵਿੱਚ ਹੀ ਪ੍ਰਸੰਨ ਹੁੰਦਾ ਹੈ (ਗੁਰਮਤਿ-ਵਿਰੋਧੀ ਕਥਾ ਕਹਾਣੀਆਂ ਸੁਣਨਾ ਹੀ ਪਸੰਦ ਕਰਦਾ ਹੈ), ਜਿਵੇ ਕਾਂ ਵਿਸ਼ਟਾ ਖਾਂਦਾ ਹੈ (ਤੇ ਪ੍ਰਸੰਨ ਹੁੰਦਾ ਹੈ)।

ਜਿਸ ਮਨੁੱਖ 'ਤੇ ਹਰੀ ਦਇਆਲ ਹੋਵੇ, ਉਹ ਨਾਮ ਜਪਦਾ ਹੈ (ਹੁਕਮਿ ਰਜਾਈ ਚਲਦਾ ਹੈ); ਜੇ ਸ਼ਬਦ-ਗੁਰੂ ਦੇ ਸਨਮੁੱਖ ਹੋ ਕੇ ਹਰੀ ਦਾ ਨਾਮ ਅਰਾਧੀਏ (ਹੁਕਮਿ ਰਜ਼ਾਈ ਚੱਲੀਏ), ਤਾਂ ਕੂੜ ਤੇ ਪਾਪ ਲਹਿ ਜਾਂਦਾ ਹੈ (ਤੇ ਮਨੁੱਖ ਸਚਿਆਰ ਬਣ ਜਾਂਦਾ ਹੈ)।

ਕੁਲ ਮਿਲਾ ਕੇ, **ਇੱਕ** ਤਾਂ ਗੁਰਦਵਾਰੇ ਦੇ ਬਹੁਤੇ ਪ੍ਰਬੰਧਕ ਗੁਰਮਤਿ ਦੀ ਸੋਝੀ ਤੋਂ ਸੱਖਣੇ ਹਨ (ਸਿਰਫ ਚੌਧਰਾਂ ਦੇ ਹੀ ਭੁੱਖੇ ਹਨ) ਤੇ **ਦੂਜਾ** ਸੰਗਤਿ ਵਿਚਲੇ 'ਤੀਸਮਾਰ ਖ਼ਾਂ' ਇਨ੍ਹਾਂ ਦੀ ਪੇਸ਼ ਨਹੀਂ ਜਾਣ ਦਿੰਦੇ। ਇਸ ਮਾਹੌਲ ਨੂੰ ਹੇਠ ਲਿਖਿਆ ਮੁਹਾਵਰਾ ਬਾ-ਖੂਬੀ ਬਿਆਨ ਕਰਦਾ ਹੈ -

ਇਕ ਕਮਲੀ, ਤੇ ਦੂਜਾ ਪੈ ਗਈ ਸਿਵਿਆਂ (ਮਸਾਣਾਂ) ਦੇ ਰਾਹ!

ਗੁਰਮਤਿ ਫ਼ਲਸਫ਼ਾ ਗੁਣਵੱਤਾ ਨੂੰ ਪਰਵਾਨ ਕਰਦਾ ਹੈ, ਗਿਣਤੀ ਨੂੰ ਨਹੀਂ

ਇਹ ਇੱਕ ਇਤਿਹਾਸਕ ਸੱਚਾਈ ਹੈ ਕਿ ਗੁਰੂ ਨਾਨਕ ਸਾਹਿਬ ਜਿੱਥੇ ਕਿੱਧਰੇ ਵੀ ਕੁੱਝ ਕੁ ਦਿਨ ਠਹਿਰ ਕੇ ਗੁਰਮਤਿ ਫ਼ਲਸਫ਼ੇ ਦਾ, ਕਥਾ-ਕੀਰਤਨ ਦੁਆਰਾ, ਪ੍ਰਚਾਰ ਕਰਿਆ ਕਰਦੇ ਸਨ, ਉੱਥੋਂ ਅੱਗੇ ਚਾਲੇ ਪਾਉਣ ਤੋਂ ਪਹਿਲਾਂ ਹੇਠ ਲਿਖੀਆਂ ਯੋਗਤਾਵਾਂ ਰੱਖਣ ਵਾਲੇ ਵਿਅਕਤੀਆਂ ਨੂੰ ਸਥਾਨਕ 'ਸੰਗਤਿ' ਦੀ ਸੰਸਥਾ (ਮੌਜੂਦਾ ਗੁਰਦਵਾਰਾ) ਦੇ ਪ੍ਰਬੰਧਕ ਨਾਮਜ਼ਦ ਕਰ ਦਿਆ ਕਰਦੇ ਸਨ :-

(ੳ) ਗੁਰਮਤਿ ਫ਼ਲਸਫ਼ੇ ਦੀ ਸੋਝੀ ਪ੍ਰਾਪਤ ਕਰ ਚੁੱਕੇ (ਗਿਆਨਵਾਨ) ਪ੍ਰਾਣੀ।

(ਅ) ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਕਰਨ ਦੀ ਤਾਂਘ ਅਤੇ ਯੋਗਤਾ ਰੱਖਣ ਵਾਲੇ।

(ੲ) ਦੁਨਿਆਵੀ ਧੜਿਆਂ ਤੋਂ ਨਿਰਲੇਪ।

(ਸ) ਹੁਕਮਿ ਰਜਾਈ ਚੱਲਣ ਵਾਲੇ ਪ੍ਰਾਣੀ।

ਹੁਣ ਵੀ ਉਪਰੋਕਤ ਯੋਗਤਾਵਾਂ ਵਾਲੇ ਪ੍ਰਾਣੀਆਂ ਨੂੰ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਵਿੱਚ ਸ਼ਾਮਿਲ ਕਰ ਕੇ ਹੀ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਕੀਤਾ ਜਾ ਸਕੇਗਾ।

ਸੱਚ ਦਾ ਪ੍ਰਚਾਰ ਕੀਤੇ ਵਗੈਰ ਮਨੁੱਖੀ ਸਮਾਜ ਦਾ ਸੁਧਾਰ ਨਹੀਂ ਕੀਤਾ ਜਾ

ਸਕਦਾ। ਜੇਕਰ ਸੱਚ ਦਾ ਪ੍ਰਚਾਰ ਕੀਤੇ ਬਿਨਾਂ ਹੀ ਚੰਗੇ ਸਮਾਜ ਦੀ ਸਿਰਜਨਾ ਕੀਤੀ ਜਾ ਸਕਦੀ ਹੁੰਦੀ ਤਾਂ ਗੁਰੂ ਨਾਨਕ ਸਾਹਿਬ ਨੂੰ ਆਪਣਾ ਘਰ-ਬਾਰ ਛੱਡ ਕੇ, 15-16 ਸਾਲ ਦੇਸ਼ਾਂ-ਵਿਦੇਸ਼ਾਂ ਵਿੱਚ ਜਾ ਕੇ, ਮੁਸੀਬਤਾਂ ਦਾ ਸਾਹਮਣਾ ਕਰ ਕੇ, ਸੱਚ ਦਾ ਪ੍ਰਚਾਰ ਕਰਨ ਦੀ ਕੀ ਲੋੜ ਸੀ? ਅਸਲ ਵਿੱਚ ਸਦੀਵਕਾਲ ਲਈ ਸੱਚ ਦਾ ਪ੍ਰਚਾਰ ਕਰਨ ਲਈ ਹੀ ਗੁਰੂ ਨਾਨਕ ਸਾਹਿਬ ਨੇ ਆਪਣੀਆਂ ਵਿਸ਼ਵ-ਪੱਧਰੀ ਪ੍ਰਚਾਰ ਫੇਰੀਆਂ ਦੌਰਾਨ, ਥਾਂ-ਪੁਰ-ਥਾਂ, 'ਸੰਗਤਿ' (ਮੌਜੂਦਾ ਗੁਰਦਵਾਰਾ) ਦੀਆਂ ਸਥਾਨਕ ਸੰਸਥਾਵਾਂ ਕਾਇਮ ਕੀਤੀਆਂ ਸਨ। ਪਰ, ਅੱਜ ਇਹ ਬੁਨਿਆਦੀ ਗੁਰਮਤਿ ਸੰਸਥਾ, ਉੱਪਰ ਵਰਣਨ ਕੀਤੇ ਕਾਰਨਾਂ ਕਰ ਕੇ, ਸਰਬੱਤ ਦੇ ਭਲੇ ਦਾ ਰੋਲ ਅਦਾ ਕਰਨ ਦੀ ਬਜਾਏ, ਸਰਬੱਤ ਦੇ ਭਲੇ ਦੇ ਮਿਸ਼ਨ ਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਬਣੀ ਪਈ ਹੈ। ਜੇਕਰ ਗੁਰਦਵਾਰਾ ਸੰਸਥਾ ਨੂੰ ਗੁਰਮਤਿ ਜੁਗਤਿ ਅਨੁਸਾਰ ਕਾਰਜਸ਼ੀਲ ਕੀਤਾ ਜਾ ਸਕੇ ਤਾਂ ਗੁਰੂ ਨਾਨਕ ਸਾਹਿਬ ਵੱਲੋਂ 1478 ਵਿੱਚ ਸਰਬੱਤ ਦੇ ਭਲੇ ਲਈ ਅਰੰਭ ਕੀਤੀ ਗੁਰਮਤਿ ਇਨਕਲਾਬੀ ਲਹਿਰ ਨੂੰ ਸਹਿਜੇ ਹੀ ਪੁਨਰ-ਸੁਰਜੀਤ ਕਰ ਕੇ ਵਿਸ਼ਵ-ਪੱਧਰ 'ਤੇ ਸੱਚ ਦਾ ਪ੍ਰਚਾਰ ਕੀਤਾ ਜਾ ਸਕਦਾ ਹੈ।

ਇਹ ਕਾਰਜ ਤਦ ਹੀ ਸਿਰੇ ਚਾੜ੍ਹਿਆ ਜਾ ਸਕੇਗਾ ਜੇਕਰ ਗੁਰਦਵਾਰਾ ਸੰਸਥਾ ਦੇ ਪ੍ਰਬੰਧਕ ਸਥਾਨਕ ਸੰਗਤਿ ਦੁਆਰਾ, ਨਿਰੋਲ ਯੋਗਤਾ ਦੇ ਅਧਾਰ 'ਤੇ, ਸਰਬ-ਸੰਮਤੀ ਜਾਂ ਆਮ-ਸਹਿਮਤੀ ਦੁਆਰਾ ਨਾਮਜ਼ਦ ਕੀਤੇ ਜਾਣਗੇ ਅਤੇ ਸਥਾਨਕ ਸੰਗਤਿ ਇਨ੍ਹਾਂ ਦੇ ਕੰਮ-ਕਾਜ 'ਤੇ ਨਿਤਾ-ਪ੍ਰਤੀ ਨਿਗਰਾਨੀ ਰੱਖ ਸਕੇਗੀ। ਯਾਨੀ ਕਿ, ਪ੍ਰਬੰਧਕ ਸੰਗਤ ਪ੍ਰਤੀ ਜਵਾਬਦੇਹ ਬਣਾਏ ਜਾਣਗੇ ਅਤੇ **ਸੰਗਤਿ ਨੂੰ ਅਧਿਕਾਰ ਹੋਵੇਗਾ ਕਿ ਅਯੋਗ ਪ੍ਰਬੰਧਕਾਂ ਨੂੰ, ਜਦੋਂ ਵੀ ਚਾਹੇ, ਪ੍ਰਬੰਧਕੀ, ਅਹੁਦਿਆਂ ਤੋਂ ਸੇਵਾ-ਮੁਕਤ ਕਰ ਕੇ ਯੋਗ ਪ੍ਰਬੰਧਕ ਨਾਮਜ਼ਦ ਕਰ ਸਕੇ। ਗੁਰਦਵਾਰਿਆਂ ਵਿੱਚ ਗੁਰਮਤਿ ਦੇ ਲੇਬਲ ਹੇਠ ਕੀਤੇ ਜਾ ਰਹੇ ਸਾਰੇ ਕਰਮ-ਕਾਂਡ (ਰਵਾਇਤੀ ਅਖੰਡ-ਪਾਠ ਸਮੇਤ) ਬੰਦ ਕਰਨੇ ਪੈਣਗੇ।**

ਪ੍ਰਚਾਰਕਾਂ ਨੂੰ ਵੀ ਸਿਰਫ ਇੱਕੋ ਗੱਲ ਦੱਸਣ ਦੀ ਲੋੜ ਹੈ ਕਿ ਉਹ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਦਾ ਹੀ ਪ੍ਰਚਾਰ ਕਰਨ। ਹਾਂ, ਗੁਰਮਤਿ ਫ਼ਲਸਫ਼ੇ ਦੀ ਪ੍ਰੋੜਤਾ ਲਈ ਬਾਹਰੋਂ (ਖ਼ਾਸ ਕਰ ਕੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਭਾਈ ਨੰਦ ਨਾਲ ਜੀ ਦੀਆਂ ਲਿਖਤਾਂ 'ਚੋਂ) ਹਵਾਲੇ ਦਿੱਤੇ ਜਾ ਸਕਦੇ ਹਨ। ਪਰ, ਹੋਰ ਵਿਵਾਦਤ ਜਾਂ ਮਿਥਿਹਾਸਕ ਰਚਨਾਵਾਂ 'ਚੋਂ ਹਵਾਲੇ ਦੇਣੇ ਉਚਿਤ ਨਹੀਂ ਹਨ। ਜੇਕਰ ਕੋਈ ਪ੍ਰਚਾਰਕ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਤੋਂ ਉਲਟ ਪ੍ਰਚਾਰ ਕਰਦਾ ਨਜ਼ਰ ਆਵੇ ਤਾਂ ਉਸ ਨਾਲ ਬੈਠ ਕੇ ਸਲੀਕੇ ਨਾਲ ਵਿਚਾਰ ਕੀਤੀ ਜਾਵੇ। ਗ਼ਲਤੀ ਕਰਨ ਵਾਲੀ ਧਿਰ ਤੁਰੰਤ ਸੰਗਤੀ ਰੂਪ ਵਿੱਚ ਆਪਣੀ ਗ਼ਲਤੀ ਲਈ ਖਿਮਾ ਜਾਚਨਾ ਕਰੇ। **'ਮੈਂ ਨਾ ਮਾਨੂੰ' ਵਾਲੀ, ਹੂੜ-ਮੱਤ ਦਾ ਤਿਆਗ ਕੀਤਾ ਜਾਵੇ।** ਅਜਿਹਾ ਕਰਨ ਨਾਲ ਜਿੱਥੇ ਮਾਹੌਲ ਸੁਖਾਵਾਂ ਬਣਿਆ ਰਹੇਗਾ, ਉੱਥੇ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਵੀ ਸਹੀ ਢੰਗ ਨਾਲ ਹੁੰਦਾ ਰਹੇਗਾ।

ਸਾਖੀ ਦਾ ਸਾਰ

ਸ੍ਰੀ (ਗੁਰੂ) ਅਮਰਦਾਸ ਜੀ ਨੇ ਆਪਣੀ ਉਮਰ ਦੇ 72ਵੇਂ ਵਰ੍ਹੇ ਵਿੱਚ, ਮਨ ਦੀ ਮੁਰਾਦ ਪੂਰੀ ਕਰਨ ਹਿਤ ਹੋਰ ਤਪੱਸਿਆ ਸਾਧਨ ਦੀ ਥਾਵੇਂ ਗੁਰੂ-ਘਰ ਦੀ ਸੇਵਾ ਅਰੰਭ ਕਰ

ਦਿੱਤੀ। ਸਤਿਗੁਰੂ ਜੀ ਦੇ ਇਸ਼ਨਾਨ ਅਤੇ ਲੰਗਰ ਲਈ, ਬਿਆਸ ਤੋਂ ਜਲ ਢੋਣਾ ਸ਼ੁਰੂ ਕਰ ਦਿੱਤਾ। ਗੁਰੂ ਜੀ ਦੇ ਚਰਨ ਅਤੇ ਬਸਤਰ ਧੋਣ ਦੀ ਸੇਵਾ ਵੀ ਕਰਨ ਲੱਗੇ। ਉਨ੍ਹਾਂ ਨੇ 84 ਸਾਲ ਦੀ ਉਮਰ ਤੱਕ ਗੁਰੂ-ਘਰ ਦੀ ਅਥਾਹ ਸੇਵਾ ਕੀਤੀ।

ਮਨ ਮਾਰ ਕੇ ਸੇਵਾ ਕਰਦਿਆਂ ਨੂੰ ਵੇਖ ਕੇ ਲੋਕਾਂ ਆਖਣਾ ਸ਼ੁਰੂ ਕਰ ਦਿੱਤਾ ਕਿ ਇਹ ਤਾਂ ਕੋਈ ਘਰੋਂ-ਬਾਰੋਂ ਕੱਢਿਆ ਹੋਇਆ ਲਗਦਾ ਹੈ। ਇਹ ਤਾਹੀਓਂ ਗੁਰੂ-ਘਰ ਨੂੰ ਨਿਆਸਰਿਆਂ ਦਾ ਆਸਰਾ ਸਮਝ ਕੇ, ਗੁਰੂ-ਘਰ ਦੇ ਟੁਕੜਿਆਂ 'ਤੇ ਵਕਤ ਕੱਟ ਰਿਹਾ ਹੈ। ਇਹ ਨਿਮਾਣਾ, ਨਿਥਾਂਵਾਂ ਤੇ ਬੇ-ਸਹਾਰਾ ਹੋ ਕੇ ਭਟਕਦਾ ਫਿਰਦਾ ਹੈ। ਆਪ ਦੀ ਦਰਿਆ-ਦਿਲੀ ਸੀ ਕਿ ਆਪ ਅਡੋਲ, ਅਹਿਲ ਤੇ ਨਿਰੁੱਤਰ ਹੋ ਕੇ ਘਾਲਣਾ ਵਿੱਚ ਹੀ ਮਸਤ ਰਹਿੰਦੇ। ਗਵਾਰ ਨਿੰਦਕ ਕੀ ਜਾਣਨ ਕਿ ਇਹ ਤਾਂ ਦੀਨ-ਦੁਨੀ ਦਾ ਪਾਤਿਸ਼ਾਹ ਹੈ?

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਮਹਿਮਾ-ਪ੍ਰਕਾਸ਼ ਦੇ ਹਵਾਲੇ ਨਾਲ, ਭਾਈ ਵੀਰ ਸਿੰਘ ਜੀ ਨੇ 'ਨਾਨਕ ਪ੍ਰਕਾਸ਼' ਦੇ ਪੰਨਾ 1383 'ਤੇ ਫ਼ੁੱਟਨੋਟ ਵਿੱਚ ਲਿਖਿਆ ਹੈ ਕਿ ਗੁਰੂ ਅੰਗਦ ਸਾਹਿਬ ਜੀ, ਅਮਰਦਾਸ ਜੀ ਨੂੰ ਹਰ ਸਾਲ ਇੱਕ ਡੇਢ ਗਜ਼ ਦਾ ਰੁਮਾਲ ਦਿਆ ਕਰਦੇ ਸਨ। ਭੱਟਾਂ ਨੇ ਆਪਦੇ ਸਵੱਈਆਂ ਵਿੱਚ ਤੀਸਰੇ ਸਤਿਗੁਰਾਂ ਦੀ ਸੇਵਾ ਦਾ ਜ਼ਿਕਰ ਤਾਂ ਕੀਤਾ ਹੈ ਪਰ ਕੋਈ (ਰੁਮਾਲਾਂ ਵਾਲਾ) ਜ਼ਿਕਰ ਨਹੀਂ ਕੀਤਾ ਮਿਲਦਾ।
2. ਗੁਰੂ ਅਮਰਦਾਸ ਜੀ ਦਾ ਜਨਮ ਵੈਸਾਖ ਸੁਦੀ 14, ਸੰਮਤ 1536 (5 ਮਈ, ਸੰਨ 1479) ਨੂੰ ਹੋਇਆ ਸੀ। ਇਨ੍ਹਾਂ ਨੂੰ 3 ਵੈਸਾਖ, ਸੰਮਤ 1609 (ਸੰਨ 1652) ਵਿੱਚ ਗੁਰਗੱਦੀ ਪ੍ਰਾਪਤ ਹੋਈ ਸੀ। ਸੋ ਉਹ ਗੁਰੂ-ਘਰ ਦੀ ਸੇਵਾ-ਘਾਲਣਾ ਲਈ 1489-90 ਵਿੱਚ ਗੁਰੂ-ਘਰ ਨਾਲ ਜੁੜੇ ਹੋਣਗੇ।
3. ਭਾਈ ਵੀਰ ਸਿੰਘ ਜੀ ਨੇ ਆਪਣੇ ਫ਼ੁੱਟਨੋਟ ਵਿੱਚ ਇਹ ਵੀ ਦਰਜ਼ ਕੀਤਾ ਹੈ ਕਿ <u>ਮਹਿਮਾ-ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਅਮਰਦਾਸ ਜੀ ਬਾਰਾਂ ਬਰਸਾਂ ਵਿੱਚ ਓਹੀ ਬਸਤਰ ਪਹਿਨਦੇ ਰਹੇ, ਜੋ ਪਹਿਨ ਕੇ ਸੇਵਾ ਵਿੱਚ ਆਏ ਸੀ।</u> (ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1383)।
4. ਗੁਰੂ ਅਮਰਦਾਸ ਜੀ ਦੀ ਅਥਾਹ ਘਾਲਣਾ ਅਤੇ ਗੁਰੂ ਅੰਗਦ ਸਾਹਿਬ ਜੀ ਦੀ ਦਿਸ ਰਹੀ ਬੇਪਰਵਾਹੀ ਤੋਂ ਕਈ ਪ੍ਰਸ਼ਨ ਉੱਠ ਖੜੋਂਦੇ ਹਨ, ਜਿਵੇਂ ਕਿ ਉਹ ਏਨੇ ਬੇਪਰਵਾਹ ਕਿਉਂ ਸਨ? ਕੀ ਇਸ ਸੇਵਾ ਨੇ ਅਮਰਦਾਸ ਜੀ ਨੂੰ ਗੁਰੂ ਬਣਾਉਂਣਾ ਸੀ? ਕੀ ਗੁਰੂ ਅੰਗਦ ਸਾਹਿਬ ਦਾ, ਇਸ ਸੇਵਾ ਨਾਲ ਕੁੱਝ ਸੰਵਰਦਾ ਸੀ? ਉੱਤਰ ਇਹ ਹੈ ਕਿ ਗੁਰੂ ਅੰਗਦ ਸਾਹਿਬ ਜੀ ਬੇਪਰਵਾਹ ਨਹੀਂ ਸਨ। ਉਹ ਤਾਂ ਅਮਰਦਾਸ ਜੀ ਨੂੰ ਮਹਾਨ-ਉੱਚ ਪਦਵੀ ਲਈ ਤਿਆਰ ਕਰ ਰਹੇ ਸਨ। ਅਮਰਦਾਸ ਜੀ ਤਾਂ ਧੁਰੋਂ ਹੀ ਗੁਰੂ ਸਨ....। ਵਧੇਰੇ ਵਿਸਥਾਰ ਲਈ ਵੇਖੋ, ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1384 ਦਾ ਫ਼ੁੱਟਨੋਟ।

✡✡✡

11. ਸ੍ਰੀ ਅਮਰਦਾਸ ਜੀ ਨੂੰ ਗੁਰਿਆਈ ਦੇਣ ਦਾ ਪਰਸੰਗ ਤੇ ਗੋਇੰਦਵਾਲ ਵਸਾਉਣਾ

ਅਧਿਆਇ ਸਤਾਰ੍ਹਵਾਂ, ਅਠਾਰ੍ਹਵਾਂ ਤੇ ਉਨ੍ਹੀਵਾਂ

ਸਾਖੀ ਦਾ ਸਾਰ- ਅਧਿਆਇ 17

ਇੱਕ ਠੰਢੀ-ਹਨ੍ਹੇਰੀ ਰਾਤ ਨੂੰ ਕਿਣ-ਮਿਣ ਹੋਣ ਕਰ ਕੇ ਚਿੱਕੜ ਹੋ ਗਿਆ ਸੀ। ਆਪਣੇ ਨਿਯਮ ਅਨੁਸਾਰ ਸੇਵਾ ਕਰਦਿਆਂ, ਪਹਿਰ ਰਾਤ ਰਹਿੰਦੀ ਨੂੰ, ਪਾਣੀ ਦੀ ਗਾਗਰ ਚੁੱਕੀ ਆਉਂਦਿਆਂ ਅਮਰਦਾਸ ਜੀ ਦਾ ਪੈਰ ਜੁਲਾਹੇ ਦੀ ਖੱਡੀ ਦੇ ਕਿੱਲੇ ਨਾਲ ਵੱਜਿਆ ਅਤੇ ਆਪ ਡਿੱਗ ਪਏ। ਖੜਾਕ ਸੁਣ ਕੇ, ਘਰ ਅੰਦਰ ਪਏ ਜੁਲਾਹੇ ਅਤੇ ਜੁਲਾਹੀ ਨੇ ਆਪੋ-ਵਿੱਚ ਚਰਚਾ ਕੀਤੀ। ਜੁਲਾਹੇ ਨੇ ਆਵਾਜ਼ ਮਾਰੀ ਕਿ ਬਾਹਰ ਕੋਈ ਚੋਰ ਜਾਪਦਾ ਹੈ। ਜੁਲਾਹੀ ਬੋਲੀ ਕਿ ਉਹੋ ਅਮਰੂ-ਨਿਥਾਂਵਾ ਹੋਣਾ ਹੈ, ਹੋਰ ਕੌਣ ਹੋਵੇਗਾ? ਇਹ ਸੁਣ ਕੇ ਅਮਰਦਾਸ ਜੀ ਦੇ ਮੂੰਹੋਂ ਅਚਨਚੇਤ ਹੀ 'ਕਮਲੀ' ਸ਼ਬਦ ਨਿਕਲ ਗਿਆ, ਤੇ ਉਹ ਕਮਲੀ ਹੋ ਗਈ।

ਅਗਲੀ ਸਵੇਰ ਜਦੋਂ ਗੁਰੂ ਅੰਗਦ ਸਾਹਿਬ ਨੇ ਰਾਤ ਦਾ ਬਿਰਤਾਂਤ ਅਮਰਦਾਸ ਜੀ ਤੋਂ ਪੁੱਛਿਆ ਤਾਂ ਉਨ੍ਹਾਂ ਕੋਈ ਉੱਤਰ ਹੀ ਨਾ ਦਿੱਤਾ। ਤਾਂ ਸਤਿਗੁਰਾਂ ਨੇ ਜੁਲਾਹੇ ਨੂੰ ਬੁਲਾ ਕੇ ਪੜਤਾਲ ਕੀਤੀ। ਉਸ ਨੇ ਸੱਚੋ-ਸੱਚ ਦੱਸ ਦਿੱਤਾ। ਤਦ-ਉਪਰੰਤ ਸ੍ਰੀ ਅਮਰਦਾਸ ਜੀ ਨੇ ਦੱਸਿਆ ਕਿ ਮੈਂ ਤੁਹਾਡੀ ਅਤੇ ਗੁਰੂ-ਘਰ ਦੀ ਨਿਰਾਦਰੀ ਨਾ ਸਹਾਰ ਸਕਿਆ ਤੇ ਬੇ-ਵੱਸ ਹੋਏ ਸਹਿਜ-ਸੁਭਾਅ ਹੀ ਮੇਰੇ ਮੂੰਹੋਂ 'ਬੌਰੀ' (ਝੱਲੀ) ਨਿਕਲ ਗਿਆ। ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਅਮਰਦਾਸ ਜੀ ਨੂੰ ਗਲ ਨਾਲ ਲਾ ਲਿਆ। ਖ਼ੁਸ਼ ਹੋ ਕੇ ਸ੍ਰੀ ਅਮਰਦਾਸ ਜੀ ਨੂੰ ਬਾਰਾਂ ਸ੍ਰੇਸ਼ਟ ਵਰ ਦਿੱਤੇ। ਉਨ੍ਹਾਂ ਨੂੰ ਆਪਣੀ ਜੋਤਿ ਦੇ ਕੇ ਆਪਣਾ ਰੂਪ ਹੀ ਬਣਾ ਲਿਆ। ਫੇਰ ਗੁਰੂ ਜੀ ਨੇ ਇਸ਼ਨਾਨ-ਪਾਣੀ ਕਰਵਾਇਆ ਤੇ ਬਸਤਰ ਬਦਲਵਾ ਦਿੱਤੇ। ਉਨ੍ਹਾਂ ਦੇ ਪਿਛਲੇ ਪਰਵਾਰ ਦਾ ਵੇਰਵਾ ਪੁੱਛਿਆ ਤੇ ਉਨ੍ਹਾਂ ਨੂੰ ਸੁਝਾਅ ਦਿੱਤਾ ਕਿ ਅਸੀਂ ਗੁਰੂ ਨਾਨਕ ਦੀ ਬਖ਼ਸ਼ੀ ਹੋਈ ਗੁਰਗੱਦੀ ਆਪ ਜੀ ਨੂੰ ਦੇਣਾ ਚਾਹੁੰਦੇ ਹਾਂ, ਹੁਣ ਤੁਸੀਂ ਖਡੂਰ ਸਾਹਿਬ ਦੀ ਥਾਂ ਹੋਰ ਥਾਂ ਵਾਸਾ ਕਰ ਲਵੋ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. 'ਮਹਾਨ ਕੋਸ਼' ਅਨੁਸਾਰ ਸ੍ਰੀ ਅਮਰਦਾਸ ਜੀ ਦਾ ਵਿਆਹ ਸੰਮਤ 1559 ਨੂੰ ਸ੍ਰੀਮਤੀ ਮਨਸਾ ਦੇਵੀ ਨਾਲ ਹੋਇਆ। ਉਨ੍ਹਾਂ ਤੋਂ ਦੋ ਪੁੱਤਰ, ਬਾਬਾ 'ਮੋਹਨ' ਜੀ ਤੇ 'ਮੋਹਰੀ' ਜੀ ਹੋਏ। ਦੋ ਪੁੱਤਰੀਆਂ ਬੀਬੀ ਦਾਨੀ ਅਤੇ ਭਾਨੀ ਜੀ ਜਨਮੀਆਂ। ਇਹ ਸਾਰਾ

ਪਰਵਾਰ ਪਿੰਡ ਬਾਸਰਕੇ, ਨੇੜੇ ਤਰਨਤਾਰਨ, ਥਾਣਾ ਘਰਿੰਡਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਰਹਿੰਦਾ ਸੀ।

2. ਸਤਿਗੁਰੂ ਜੀ ਨੇ ਅਮਰਦਾਸ ਜੀ ਨੂੰ ਹੋਰ ਥਾਂ ਜਾ ਵਸਣ ਦਾ ਸੁਝਾਅ ਇਸ ਲਈ ਦਿੱਤਾ ਜਾਪਦਾ ਹੈ ਕਿਉਂਕਿ ਗੁਰੂ ਅੰਗਦ ਸਾਹਿਬ ਜੀ ਦੇ ਛੋਟੇ ਪੁੱਤਰ ਦਾਸੂ ਜੀ ਨੇ, ਈਰਖਾ ਵਿੱਚ ਸੜ ਕੇ ਅਮਰਦਾਸ ਜੀ ਦਾ ਅਨਾਦਰ ਕੀਤਾ ਸੀ ਤੇ ਆਖਿਆ ਸੀ ਕਿ ਆਪ ਖਡੂਰ ਤੋਂ ਚਲੇ ਜਾਉ। ਵਧੇਰੇ ਵਿਸਥਾਰ ਲਈ ਵੇਖੋ 'ਮਹਾਨ ਕੋਸ਼', ਪੰਨਾ 847.

ਸਾਖੀ ਦਾ ਸਾਰ-ਅਧਿਆਇ 18

ਇੱਕ ਦਿਨ ਗੁਰੂ ਜੀ ਦੇ ਦਰਬਾਰ ਵਿੱਚ ਗੋਂਦਾ ਨਾਂ ਦਾ ਇੱਕ ਖੱਤਰੀ ਚੱਲ ਕੇ ਆਇਆ। ਹੱਥ ਜੋੜ ਕੇ ਬੇਨਤੀ ਕਰਨ ਲੱਗਾ ਕਿ ਮੇਰਾ ਪਿੰਡ ਉੱਜੜ ਗਿਆ ਹੈ। ਭੂਤ-ਪ੍ਰੇਤ ਕਿਸੇ ਨੂੰ ਵੀ ਉੱਥੇ ਵਸਣ ਨਹੀਂ ਦਿੰਦੇ। ਲੋਕਾਂ ਦੀਆਂ ਬਣਾਈਆਂ ਕੰਧਾਂ-ਕੋਠੇ ਢਾਹ ਕੇ, ਉਨ੍ਹਾਂ ਨੂੰ ਉਥੋਂ ਭਜਾ ਦਿੰਦੇ ਹਨ। ਸੋ, ਤੁਸੀਂ ਕਿਰਪਾ ਕਰ ਕੇ ਆਣ ਕੇ ਉੱਥੇ ਪਿੰਡ ਵਸਾਵੋ। ਲੋਕੀ ਬਹੁਤ ਡਰੇ ਹੋਏ ਹਨ, ਕੋਈ ਉਧਰ ਮੂੰਹ ਨਹੀਂ ਕਰਦਾ।

ਸੋਚ ਵਿਚਾਰ ਕੇ, ਸਤਿਗੁਰੂ ਅੰਗਦ ਸਾਹਿਬ ਨੇ ਪਹਿਲਾਂ ਆਪਣੇ ਛੋਟੇ ਪੁੱਤਰ ਦਾਸੂ ਨੂੰ ਸੱਦਿਆ ਤੇ ਉਸ ਨੂੰ ਭਾਈ ਗੋਂਦੇ ਦੇ ਨਾਲ ਜਾ ਕੇ, ਭੂਤਾਂ-ਪ੍ਰੇਤਾਂ ਦਾ ਡਰ ਕੱਢਣ ਲਈ ਨਗਰ ਵਸਾਉਣ ਦਾ ਸੁਝਾਅ ਦਿੱਤਾ। ਪਰ, ਉਸ ਨੇ ਜਾਣ ਤੋਂ ਨਾਂਹ ਕਰ ਦਿੱਤੀ ਤੇ ਆਖਿਆ ਕਿ ਭੂਤਾਂ-ਪ੍ਰੇਤਾਂ ਨਾਲ ਮੱਥਾ ਕੌਣ ਲਾਵੇ? ਫੇਰ ਸਤਿਗੁਰਾਂ ਨੇ ਵੱਡੇ ਪੁੱਤਰ ਦਾਤੂ ਜੀ ਨੂੰ ਜਾਣ ਲਈ ਆਖਿਆ। ਉਸ ਨੇ ਵੀ ਇਹ ਆਖ ਕੇ ਨਾਂਹ ਕਰ ਦਿੱਤੀ ਕਿ ਕੋਈ ਵਸੇ, ਕੋਈ ਉੱਜੜੇ, ਆਪਾਂ ਨੂੰ ਕੀ? ਆਪਾਂ ਨੂੰ ਸਿਰਦਰਦੀ ਲੈਣ ਦੀ ਲੋੜ ਵੀ ਕੀ ਹੈ? ਤਾਂ ਗੁਰੂ ਜੀ ਨੇ ਆਪਣੇ ਸੇਵਕ ਸ੍ਰੀ ਅਮਰਦਾਸ ਨੂੰ ਜਾਣ ਲਈ ਕਿਹਾ। ਇਹ, ਗੁਰੂ ਜੀ ਦੇ ਅੱਧੇ-ਬੋਲ 'ਤੇ ਹੀ ਜਾਣ ਲਈ ਤਿਆਰ ਹੋ ਗਏ। ਲੰਮੇ ਸਮੇਂ ਮਗਰੋਂ ਪੈਣ-ਵਾਲੇ ਵਿਛੋੜੇ ਦਾ ਦੁੱਖ ਇਨ੍ਹਾਂ ਨੂੰ ਜ਼ਰੂਰ ਸਤਾ ਰਿਹਾ ਸੀ, ਪਰ ਹੰਕਾਰੀ ਪੁੱਤਰਾਂ ਵਾਂਗ, ਇਹ ਅਨਿਨ-ਸੇਵਕ ਹੁਕਮ-ਅਦੂਲੀ ਕਿਵੇਂ ਕਰ ਸਕਦਾ ਸੀ? ਸਾਰੀ ਸਿੱਖ ਸੰਗਤ ਇਸ ਘਟਨਾ 'ਤੇ ਹੈਰਾਨ ਹੋਈ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਗੋਂਦਾ ਇੱਕ ਧਨੀ ਖੱਤਰੀ ਹੋਇਆ, ਜਿਸ ਨੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਦੇ ਆਦੇਸ਼ ਉੱਤੇ, ਗੁਰੂ ਅਮਰਦਾਸ ਜੀ ਦੀ ਸਹਾਇਤਾ ਨਾਲ, ਮੌਜੂਦਾ 'ਗੋਇੰਦਵਾਲ' ਨਗਰ ਵਸਾਇਆ।

2. ਬਿਆਸ ਦਰਿਆ ਦੇ ਕੰਢੇ 'ਤੇ ਉਜਾੜ ਥਾਂ ਪਈ ਹੋਈ ਸੀ। ਇਥੇ ਲੋਕ ਭੂਤਾਂ-ਪ੍ਰੇਤਾਂ ਦਾ ਵੱਡਾ ਡਰ ਮੰਨਦੇ ਸਨ। ਧਨਾਢ ਖੱਤਰੀ, ਭਾਈ ਗੋਂਦੇ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਬੇਨਤੀ ਕਰ ਕੇ ਇੱਕ ਮਨ-ਇੱਛਤ ਸੁੰਦਰ ਨਗਰ, ਗੁਰੂ ਅਮਰਦਾਸ ਜੀ ਦੀ ਸਹਾਇਤਾ ਨਾਲ ਬਣਵਾਇਆ। ਗੁਰੂ ਅੰਗਦ ਸਾਹਿਬ ਨੇ ਹੀ ਆਦੇਸ਼ ਦਿੱਤਾ ਸੀ ਕਿ ਭਾਈ 'ਗੋਂਦੇ' ਦੀ ਫ਼ਰਮਾਇਸ਼ ਨਾਲ ਨਗਰ ਦੀ ਉਸਾਰੀ ਹੋਈ ਹੈ, ਇਸ ਲਈ ਇਸ ਨਗਰ ਦਾ ਨਾਂ 'ਗੋਇੰਦਵਾਲ' ਹੀ ਉਚਿਤ ਹੈ।

ਸਾਖੀ ਦਾ ਸਾਰ-ਅਧਿਆਇ 19

ਵਡੇਰੀ ਉਮਰ ਦੇ ਸ੍ਰੀ ਗੁਰੂ ਅਮਰਦਾਸ ਜੀ, ਭਾਈ ਗੋਂਦੇ ਦੇ ਨਾਲ, ਖਡੂਰ ਵੱਲ ਨੂੰ ਮੂੰਹ ਕਰ ਕੇ, ਤਿੰਨ ਕੋਹ ਪਿਛਲੇ-ਪੈਰੀਂ ਤੁਰਦੇ ਗਏ। ਇੱਥੇ ਅਸ਼ਟਾਂਗ ਪਰਨਾਮ ਕਰ ਕੇ, ਫੇਰ ਗੋਇੰਦਵਾਲ ਵੱਲ ਮੁੱਖ ਕਰ ਕੇ ਤੁਰਨ ਲੱਗੇ। ਸ੍ਰੀ ਅਮਰਦਾਸ ਜੀ ਨੇ, ਸਿਰੇ ਪੁੱਜ ਕੇ ਬਿਆਸ ਨਦੀ ਦੇ ਕੰਢੇ 'ਤੇ ਨਗਰ ਵਸਾਉਂਣ ਦਾ ਆਹਰ ਅਰੰਭ ਦਿੱਤਾ। ਸਤਿਗੁਰੂ ਜੀ ਦੀ ਆਗਿਆ ਅਨੁਸਾਰ, ਇੱਕ ਉੱਚਾ ਜਿਹਾ ਸਥਾਨ ਚੁਣ ਕੇ, ਸਤਿਨਾਮ ਆਖ, ਜਲ ਛਿੜਕ ਕੇ ਛੜੀ ਨਾਲ ਨਗਰ ਦੀ ਲਕੀਰ ਖਿੱਚ ਦਿੱਤੀ। ਅਰਦਾਸ ਕਰ ਕੇ ਮਿਠਿਆਈ ਵੰਡੀ ਤੇ ਨਗਰ ਦਾ ਨੀਂਹ-ਪੱਥਰ ਰੱਖ ਦਿੱਤਾ। ਬਹੁਤ ਸਾਰੇ ਕਾਰੀਗਰ ਲਾ ਕੇ ਉਸਾਰੀ ਤੇਜ ਕਰ ਦਿੱਤੀ ਗਈ। ਨਗਰ ਦਾ ਨਾਂ, ਗੁਰੂ ਜੀ ਦੇ ਆਦੇਸ਼ ਅਨੁਸਾਰ, ਭਾਈ ਗੋਂਦੇ ਦੇ ਨਾਂ 'ਤੇ ਗੋਇੰਦਵਾਲ ਧਰ ਦਿੱਤਾ।

ਬਹੁਤ ਸਾਰੇ ਘਰਾਂ ਦੀ ਉਸਾਰੀ ਮਗਰੋਂ ਸ੍ਰੀ ਅਮਰਦਾਸ ਜੀ, ਗੁਰਾਂ ਦੇ ਦਰਸ਼ਨਾਂ ਲਈ ਖਡੂਰ ਨੂੰ ਗਏ। ਉਨ੍ਹਾਂ ਨੂੰ ਜਾ ਦੱਸਿਆ ਕਿ ਆਪ ਜੀ ਦੀ ਆਗਿਆ ਅਨੁਸਾਰ ਇਹ ਕਾਰਜ ਸੰਪੂਰਨ ਹੋ ਗਿਆ ਹੈ। ਗੁਰੂ ਜੀ ਪ੍ਰਸੰਨ ਹੋਏ ਤੇ ਉਨ੍ਹਾਂ ਅਮਰਦਾਸ ਜੀ ਨੂੰ ਸੁਝਾ ਦਿੱਤਾ ਕਿ ਹੁਣ ਤੁਸੀਂ ਬਾਸਰਕੇ ਆਪਣਾ ਸਾਰਾ ਪਰਵਾਰ ਸੱਦ ਕੇ, ਉੱਥੇ ਵਸੇਬਾ ਸ਼ੁਰੂ ਕਰ ਦਿਉ। ਸੋ, ਅਮਰਦਾਸ ਜੀ ਨੇ ਉਵੇਂ ਹੀ ਕੀਤਾ। ਜਿੰਨੇ ਕੁ ਰਿਸ਼ਤੇਦਾਰ ਮੰਨੇ, ਉਤਨੇ ਕੁ ਲਿਆ ਇਥੇ ਵਸਾਏ। ਅਮਰਦਾਸ ਜੀ ਦੇ ਭਰਾ, ਜਵਾਈ, ਭਤੀਜੇ ਆਦਿ ਕਈ ਆ ਕੇ ਵਸ ਗਏ। ਕਦੇ-ਕਦੇ ਗੁਰੂ-ਦਰਸ਼ਨਾਂ ਲਈ ਆਪ ਖਡੂਰ ਜਾਂਦੇ ਤੇ ਮੁੜਦੀ ਵੇਰੀ, ਤਿੰਨ ਕੋਹ ਤੱਕ ਪੁੱਠੇ-ਪੈਰੀਂ ਤੁਰਨ ਦਾ ਨਿਯਮ ਜ਼ਰੂਰ ਨਿਭਾਉਂਦੇ। ਇਸ ਤਰ੍ਹਾਂ ਸ੍ਰੀ ਅਮਰਦਾਸ ਜੀ ਗੁਰੂ ਅਤੇ ਸਾਧਸੰਗਤ ਦੀ, ਗਿਆਰਾਂ ਵਰ੍ਹੇ ਸੇਵਾ ਕਰ ਕੇ ਹੀ ਪ੍ਰਭੂ ਰੂਪ ਬਣ ਗਏ

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁੱਟਨੋਟ

1. ਭੂਤਾਂ ਅਤੇ ਪ੍ਰੇਤਾਂ ਦੀਆਂ ਕਹਾਣੀਆਂ ਕਵੀ ਦੀ ਕਲਪਨਾ ਦਾ ਸਿੱਟਾ ਹਨ। ਗੋਇੰਦਵਾਲ ਦੀ ਦੈਂਤਣੀ ਦੇ ਬੱਚੇ ਪੈਦਾ ਹੋਣ, ਉਨ੍ਹਾਂ ਦਾ ਬਠਿੰਡੇ ਤੇ ਮਨਸੂਰਪੁਰ ਵਸਣ ਦਾ ਸਮੁੱਚਾ ਪਰਸੰਗ ਕਾਲਪਨਿਕ ਹੈ।
2. ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨਕੋਸ਼' ਵਿੱਚ ਦਰਜ ਕੀਤਾ ਹੈ ਕਿ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ (ਮੌਜੂਦਾ ਜ਼ਿਲ੍ਹਾ) ਤਰਨਤਾਰਨ, ਥਾਣਾ ਵੈਰੋਵਾਲ ਵਿੱਚ ਵਿਪਾਸਾ (ਬਿਆਸ) ਨਦੀ ਦੇ ਕੰਢੇ ਗੋਇੰਦਾ (ਅਥਵਾ ਗੋਂਦਾ) ਨਾਮੀ ਮਰਵਾਹੇ ਖੱਤਰੀ ਦਾ, ਸ੍ਰੀ ਗੁਰੂ ਅਮਰਦਾਸ ਜੀ ਦੀ ਸਹਾਇਤਾ ਨਾਲ ਵਸਾਇਆ ਹੋਇਆ ਨਗਰ ਹੈ।
3. ਬਾਸਰਕੇ ਪਿੰਡ, ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ ਅਸਥਾਨ ਹੈ ਜੋ ਇਸ ਵੇਲੇ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੈ ਤੇ ਛਿਹਰਟਾ ਰੇਲਵੇ ਸਟੇਸ਼ਨ ਤੋਂ ਤਿੰਨ ਮੀਲ ਦੀ ਦੂਰੀ 'ਤੇ ਹੈ।

✡✡✡

12. ਗੁਰੂ ਜੀ ਨੂੰ ਵਰੁਣ ਦਾ ਮਿਲਣਾ ਤੇ ਤਪੇ ਦਾ ਪਰਸੰਗ

ਅਧਿਆਇ ਵੀਹਵਾਂ, ਇੱਕੀਵਾਂ ਤੇ ਬਾਈਵਾਂ

ਮੂਲ ਪਾਠ - ਅਧਿਆਇ 20

ਅਪਰ ਦਾਸ ਨਹਿਂ ਪਾਸ ਤਿਥਾਈਂ। ਇਕ ਸ੍ਰੀ ਅਮਰ ਕਿ ਆਪ ਗੁਸਾਈਂ।
ਸਲਿਤਾ ਕੂਲ[5] ਸਥਿਤ ਕੋ ਜਾਨ। ਜਲਪਤਿ[6] ਪ੍ਰਾਪਤਿ ਭਾ ਤਿਸ ਥਾਨ ॥੧੧॥

ਭਾਵ : ਉਸ ਵੇਲੇ ਉਥੇ, ਹੋਰ ਕੋਈ ਸੇਵਕ ਕੋਲ ਨਹੀਂ ਸੀ। ਇੱਕ ਸ੍ਰੀ ਅਮਰਦਾਸ ਜੀ ਸਨ ਤੇ ਜਾਂ ਮਾਲਿਕ (ਸਤਿਗੁਰੂ) ਜੀ ਆਪ ਸਨ। ਨਦੀ ਕੰਢੇ[5] ਬੈਠੇ ਜਾਣ ਕੇ, ਉੱਥੇ ਵਰਨ6 (ਜਲ ਦੇਵਤਾ) ਆ ਪੁੱਜਾ।

ਰੁਚਿਰ ਜਾਤ ਕੀ ਸਫਰੀ[7] ਏਕਾ। ਆਗੇ ਧਰ ਕਰਿ ਮਸਤਕ ਟੇਕਾ।
ਸ੍ਰੀ ਪ੍ਰਭੁ ਕੀਨ ਪੁਨੀਤ ਸਥਾਨਾ। ਪਦ ਪੰਕਜ ਪਰਸੇ ਜਬਿ ਆਨਾ ॥੧੨॥

ਭਾਵ : ਉਸ ਨੇ ਇੱਕ ਚੰਗੀ ਕਿਸਮ ਦੀ ਮੱਛੀ[7] ਆਪ ਜੀ ਦੇ ਅੱਗੇ ਧਰ ਕੇ ਮੱਥਾ ਟੇਕਿਆ (ਅਤੇ ਬੋਲਿਆ) ਪ੍ਰਭੂ ਜੀਓ! ਤੁਸਾਂ ਜਦ ਤੋਂ ਇੱਥੇ ਚਰਨ ਪਾਏ ਹਨ, ਇਸ ਸਥਾਨ ਨੂੰ ਪਵਿੱਤਰ ਕਰ ਦਿੱਤਾ ਹੈ।

ਸਲਿਤਾ ਸਫਲ ਹੋਇ ਪਗ ਪਰਸੇ। ਮੈਂ ਭੀ ਰਾਵਰਿ10 ਕੇ ਪਗ ਦਰਸੇ।
ਸੁਨਿ ਸਤਿਗੁਰ ਬੋਲੇ ਮੁਸਕਾਈ। ਕਰਿ ਸ੍ਰੀ ਅਮਰ! ਬਰੁਨ6 ਸਫਲਾਈ ॥੧੪॥

ਭਾਵ : ਆਪ ਦੇ ਚਰਨ ਪਰਸਣ ਨਾਲ, ਨਦੀ ਵੀ ਸਫਲ (ਪਵਿੱਤਰ) ਹੋ ਗਈ ਹੈ। ਮੈਂ ਭੀ ਆਪ10 ਜੀ ਦੇ ਚਰਨਾਂ ਦੇ ਦਰਸ਼ਨ ਕਰ ਲਏ ਹਨ"। ਇਹ ਸੁਣ, ਸਤਿਗੁਰੂ ਜੀ ਮੁਸਕਰਾ ਕੇ ਬੋਲੇ, ਹੇ ਸ੍ਰੀ ਅਮਰਦਾਸ! ਵਰੁਨ6 ਨੂੰ ਸਫ਼ਲਤਾ ਦਿਉ।

ਸੰਗਤਿ ਮਹਿਂ ਪ੍ਰਸਾਦਿ ਬਰਤੈ ਹੈਂ। ਸਭਿ ਤੇ ਆਗੇ ਜਲ ਮਹਿਂ ਦੈਹੈਂ।
ਨਾਮ ਬਰਨ ਕੋ ਕਰਹਿਂ ਉਚਾਰਿ। ਇਮ ਸਿੱਖਨ ਮਹਿਂ ਗੀਤੀ ਡਾਰਿ ॥੧੫॥

ਭਾਵ : ਜਦੋਂ ਸੰਗਤ ਵਿੱਚ ਪ੍ਰਸ਼ਾਦ ਵਰਤੇ ਤਾਂ ਸਭ ਤੋਂ ਪਹਿਲਾਂ ਵਰੁਨ ਦਾ ਨਾਂ ਲੈ ਕੇ, ਜਲ ਦੇ ਅਰਪਨ ਕੀਤਾ ਕਰੋ। ਸਿੱਖਾਂ ਵਿੱਚ ਇਹ ਗੀਤ ਤੋਰੋ।

ਹਾਥ ਜੋਰ ਸ੍ਰੀ ਅਮਰ ਉਚਾਰੀ। 'ਤਿਮ ਹੁਇ ਜਥਾ ਰਜਾਇ ਤੁਮਾਰੀ'।
ਬਹੁਰ ਬਿਦਾ ਹੁਇ ਬਰੁਨ ਪਧਾਰਾ। ਸ੍ਰੀ ਅੰਗਦ ਤਬਿ ਬਾਕ ਉਚਾਰਾ ॥੧੬॥

ਭਾਵ: ਸ੍ਰੀ ਅਮਰਦਾਸ ਜੀ ਨੇ ਹੱਥ ਜੋੜ ਕੇ ਆਖਿਆ, “ਜਿਵੇਂ ਆਪ ਜੀ ਦੀ ਰਜ਼ਾ ਹੋਵੇ ਤਿਵੇਂ ਹੀ ਹੋਵੇਗਾ”। ਫੇਰ ਵਿਦਾਇਗੀ ਲੈ ਕੇ ਵਰੁਨ ਚਲਾ ਗਿਆ। ਤਦੋਂ ਗੁਰੂ ਅੰਗਦ ਜੀ ਨੇ ਫ਼ੁਰਮਾਇਆ।

‘ਇਹ ਸਫਰੀ ਕਰਿ ਤਯਾਰ ਮੰਗਾਵੋ। ਤੂਰਨ11 ਕਰਿ ਕੈ ਇਹਾਂ ਲਿਆਵੋ।’

ਹੁਤੋ ਦੂਰ ਇਕ ਸਿਖ ਬੁਲਾਯੋ। ਤਿਸ ਕੋ ਦੇ ਕਰਿ ਨਗਰ ਪਠਾਯੋ ॥੧੭॥

ਭਾਵ: “ਇਹ ਮੱਛੀ ਤਿਆਰ ਕਰਵਾ ਕੇ ਛੇਤੀ”[11] ਇੱਥੇ ਲਿਆਉ’। ਇੱਕ ਸਿੱਖ ਬੁਲਾਇਆ ਜੋ ਕਿ ਥੋੜ੍ਹੀ ਦੂਰ ਸੀ। ਉਸ ਨੂੰ ਇਹ ਮੱਛੀ ਦੇ ਕੇ ਨਗਰ ਵਿੱਚ ਘੱਲ ਦਿੱਤਾ।

ਲਯਾਯੋ ਤੁਰਤ ਤਯਾਰ ਕਰਿ ਸੋਈ। ਡਾਲ ਮਸਾਲੇ ਤਲਿ ਕੈ ਭੋਈ।[12]

ਲੇ ਸ੍ਰੀ ਅਮਰ ਅਗਾਰੀ ਧਰੀ। ਸੋ ਲੇ ਕਰਿ ਗੁਰ ਖਾਵਨ ਕਰੀ ॥੧੮॥

ਭਾਵ: ਉਹ, ਮੱਛੀ ਤਿਆਰ ਕਰਵਾ ਕੇ ਤੁਰੰਤ ਲੈ ਆਇਆ। ਇਹ ਮਸਾਲੇ ਪਾ ਕੇ ਤਲ ਕੇ ਤਰ12 ਕੀਤੀ ਹੋਈ ਸੀ। ਸ੍ਰੀ ਅਮਰਦਾਸ ਜੀ ਨੇ ਲੈ ਕੇ ਗੁਰੂ ਅੰਗਦ ਸਾਹਿਬ ਦੇ ਸਨਮੁੱਖ ਰੱਖ ਦਿੱਤੀ। ਉਹ ਲੈ ਕੇ, ਗੁਰੂ ਜੀ ਨੇ ਖਾਧੀ।

ਗੁਰਮਤਿ

ਗੁਰਮਤਿ ਫ਼ਲਸਫ਼ਾ ਕਿਸੇ ਦੇਵੀ-ਦੇਵਤੇ ਦੀ ਪੂਜਾ ਕਰਨ ਦੀ ਆਗਿਆ ਨਹੀਂ ਦਿੰਦਾ। ਮਨੋਕਲਪਿਤ ਜਲ-ਦੇਵਤਾ (ਵਰਨ) ਨਾਲ ਗੁਰਮਤਿ ਦਾ ਕੋਈ ਵਾਹ-ਵਾਸਤਾ ਨਹੀਂ ਹੈ ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ, ਗੁਰੂ ਕੇ ਲੰਗਰ ਵਿੱਚ ਮਾਸ ਪਕਾਉਂਣ ਦੀ ਗੱਲ ਨਿਰੀ ਬਿੱਪਰਵਾਦੀ ਗਪੌੜ ਹੈ। ਪਰ, ਸ਼ਾਇਦ, ਅਜਿਹੀਆਂ ਸਾਖੀਆਂ ਰਾਹੀਂ ਗੁਮਰਾਹ ਹੋਣ ਕਾਰਨ, ਇਹ ਗੁਰਮਤਿ-ਵਿਰੋਧੀ ਰੀਤਾਂ, ਕਿਤੇ-ਕਿਤੇ, ਅਖੌਤੀ ਸਿੱਖਾਂ ਵੱਲੋਂ ਅੱਜ ਤਾਂਈ ਵੀ ਅਪਣਾਈਆਂ ਹੋ ਸਕਦੀਆਂ ਹਨ।

ਕੜ੍ਹਾ ਪ੍ਰਸ਼ਾਦ ਦਾ ਗੱਫਾ ਸਭ ਤੋਂ ਪਹਿਲਾਂ ਮਿਥਿਹਾਸਕ ਦੇਵਤਾ ਵਰਨ ਨੂੰ ?

ਜਿਸ ਦਿਨ ਦਸਮੇਸ਼ ਪਿਤਾ ਜੀ ਨੇ ਅਨੰਦਪੁਰ ਦੇ ਪਾਵਨ ਇਤਿਹਾਸਕ ਸਥਾਨ ’ਤੇ ਸਿੱਖ ਕੌਮ ਨੂੰ ਸ਼ਸਤਰਧਾਰੀ ਹੋ ਕੇ ਅਕਾਲ ਪੁਰਖੁ ਦੀ ਫ਼ੌਜ ਵਿੱਚ ਸ਼ਾਮਿਲ ਹੋਣ ਲਈ ਖੰਡੇ-ਬਾਟੇ ਦੀ ਪਾਹੁਲ ਦੀ ਅਦੁੱਤੀ ਬਖਸ਼ਿਸ਼ ਕੀਤੀ ਸੀ, ਉਸੇ ਦਿਨ ਤੋਂ ਹੀ ਆਦੇਸ਼ ਦਿੱਤਾ ਸੀ ਕਿ ਜਦੋਂ ਕਦੇ ਵੀ ਕੜ੍ਹਾ ਪ੍ਰਸ਼ਾਦ ਦੀ ਦੇਗ ਤਿਆਰ ਕਰ ਕੇ ਸੰਗਤਿ ਵਿੱਚ ਵਰਤਾਈ ਜਾਇਆ ਕਰੇਗੀ ਤਾਂ ਸਭ ਤੋਂ ਪਹਿਲਾਂ ਪੰਜਾਂ ਪਿਆਰਿਆਂ ਦੇ ਨਾਂਅ ਦਾ ਗੱਫ਼ਾ ਪੰਜ ਸਿੱਖਾਂ ਨੂੰ ਵਰਤਾਇਆ ਜਾਵੇਗਾ। ਦਸਮੇਸ਼ ਜੀ ਗੁਰੂ ਨਾਨਕ ਜੋਤਿ ਦੇ ਦਸਵੇਂ ਉਤਰਾਧਿਕਾਰੀ ਗੁਰੂ-ਜਾਮੇਂ ਹਨ। ਇਹ ਨੁਕਤਾ ਵੀ ਹਮੇਸ਼ਾਂ ਯਾਦ ਰੱਖਣ ਵਾਲਾ ਹੈ ਕਿ ‘ਗੁਰੂ’ ਅਭੁੱਲ ਹੈ। ਗੁਰੂ ਜਾਮਿਆਂ ਵੱਲੋਂ ਸਮੇਂ-ਸਮੇਂ ਸਿਰ, ਮਨੁੱਖਤਾ ਨੂੰ ਦਿੱਤੇ ਉਪਦੇਸ਼ਾਂ ਵਿੱਚ ਕਿਤੇ ਵੀ ਸਵੈ-ਵਿਰੋਧਤਾ ਨਹੀਂ ਹੋ ਸਕਦੀ। ਇਹ ਹੋ ਹੀ ਨਹੀਂ ਸਕਦਾ ਕਿ ਗੁਰੂ ਅੰਗਦ ਸਾਹਿਬ ਵੱਲੋਂ ਦਿੱਤਾ ਉਪਦੇਸ਼ ਦਸਮੇਸ਼ ਜੀ ਨੇ ਉਲਟਾ ਦਿੱਤਾ ਹੋਵੇ। ਫਿਰ, ਦੇਵੀ-ਦੇਵਤਿਆਂ ਦੀ ਪੂਜਾ ਕਰਨ ਦਾ ਗੁਰਮਤਿ ਫ਼ਲਸਫ਼ਾ ਸਖਤੀ ਨਾਲ ਖੰਡਨ ਕਰਦਾ ਹੈ। ਇੰਜ ਜਾਪਦਾ ਹੈ ਕਿ ਅਜਿਹੇ ਗੁਰਮਤਿ-ਵਿਰੋਧੀ ਬਚਨ ਗੁਰੂ ਅੰਗਦ ਸਾਹਿਬ ਜੀ ਦੀ ਮੁਬਾਰਕ ਰਸਨਾਂ ਤੋਂ ਕਢਵਾ

ਕੇ ਕਵੀ ਸੰਤੋਖ ਸਿੰਘ ਜੀ (ਜਾਂ ਉਨ੍ਹਾਂ ਦੇ ਸਹਾਇਕ ਬਿੱਪਰਵਾਦੀ ਪੰਡਿਤ) ਮਨੁੱਖਤਾ ਨੂੰ ਮਿਥਿਹਾਸਕ ਦੇਵੀ-ਦੇਵਤਿਆਂ ਦੀ ਪੂਜਾ ਕਰਨ ਵੱਲ ਤੋਰਨਾ ਚਾਹੁੰਦੇ ਹਨ। ਸੁਚੇਤ ਹੋਣ ਦੀ ਲੋੜ ਹੈ।

ਕੀ ਪੁੱਠੇ-ਪੈਰੀਂ ਚੱਲਣਾ ਗੁਰਮਤਿ ਅਨੁਕੂਲ ਹੈ ?

ਸਰਬ-ਸਾਂਝਾ, ਸਰਲ ਤੇ ਵਿਗਿਆਨਕ ਗੁਰਮਤਿ ਫ਼ਲਸਫ਼ਾ ਪੁੱਠੇ-ਪੈਰੀਂ ਜਾਂ ਨੰਗੇ-ਪੈਰੀਂ ਚੱਲਣ ਦੀ ਅਨਮਤੀ ਰਸਮ (ਕਰਮ-ਕਾਂਡ) ਨੂੰ ਕੋਈ ਮਾਨਤਾ ਨਹੀਂ ਦਿੰਦਾ। ਪਰ, ਗੁਰਮਤਿ ਫ਼ਲਸਫ਼ੇ ਦੇ ਸਿਧਾਂਤਾਂ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਨਾ ਹੋਣ ਕਾਰਨ, ਅਜਿਹੀਆਂ ਫ਼ਜ਼ੂਲ ਦੀਆਂ ਰਸਮਾਂ ਸਿੱਖ ਜਗਤ ਵਿੱਚ ਵੀ ਵੇਖਣ ਨੂੰ ਮਿਲ ਹੀ ਜਾਂਦੀਆਂ ਹਨ।

ਸਾਖੀ ਦਾ ਸਾਰ-ਅਧਿਆਇ 20

ਸ੍ਰੀ ਅਮਰਦਾਸ ਜੀ ਦੇ ਯਾਦ ਕਰਨ 'ਤੇ, ਜਾਣੀ-ਜਾਣ ਸਤਿਗੁਰੂ ਗੁਰੂ ਅੰਗਦ ਸਾਹਿਬ, ਪ੍ਰੇਮ ਦੇ ਬੱਝੇ ਹੋਏ, ਗੋਇੰਦਵਾਲ ਨੂੰ ਉੱਠ ਤੁਰੇ। ਕਿਸੇ ਤੋਂ ਸੂਹ ਮਿਲਦਿਆਂ ਹੀ ਸ੍ਰੀ ਅਮਰਦਾਸ ਜੀ ਦੀਆਂ ਅੱਖਾਂ ਤੋਂ ਜਲ ਵਹਿ ਤੁਰਿਆ ਕਿ ਹੁਣ ਰੀਝ ਪੂਰੀ ਹੋਣ ਵਾਲੀ ਹੈ। ਸੋ, ਆਪ ਨੇ ਬੜੇ ਪ੍ਰੇਮ ਸਹਿਤ ਅੱਗੋਂ ਦੀ ਜਾ ਸੁਆਗਤ ਕੀਤਾ ਤੇ ਨਗਰ ਦੀ ਸਾਰੀ ਉਸਾਰੀ ਰੀਝ ਨਾਲ ਵਿਖਾਈ। ਫੇਰ ਗੁਰੂ ਜੀ ਖਡੂਰ ਵੱਲ ਆਉਂਦੇ ਹੋਏ ਅਮਰਦਾਸ ਜੀ ਨੂੰ ਵੀ ਨਾਲ ਹੀ ਲੈ ਆਏ। **ਖਡੂਰ ਤੋਂ ਮੁੜਦੀ ਵਾਰੀ, ਅਮਰਦਾਸ ਜੀ ਫੇਰ ਤਿੰਨ ਕੋਹ ਤੱਕ ਪੁੱਠੇ-ਪੈਰੀਂ ਤੁਰੇ ਅਤੇ ਫੇਰ ਉੱਥੋਂ ਮੱਥਾ ਟੇਕ ਕੇ, ਸਿੱਧੇ-ਮੂੰਹ ਹੋ ਟੁਰੇ।**

ਗੁਰੂ ਅੰਗਦ ਸਾਹਿਬ ਜੀ ਸਮੂਹ ਗੁਣਾਂ ਦੇ ਭੰਡਾਰ ਸਨ। ਸੁਸ਼ੀਲ ਤੇ ਕਾਮਨਾ-ਰਹਿਤ ਸਨ, ਭਗਤੀ ਦਾ ਸਾਖਿਆਤ ਰੂਪ ਸਨ। ਖ਼ੁਸ਼ੀ-ਗ਼ਮੀ ਤੋਂ ਅਭਿੱਜ, ਆਦਰ-ਅਨਾਦਰ ਤੋਂ ਉਚੇਰੇ, ਪ੍ਰੇਮ-ਈਰਖਾ ਤੋਂ ਬੇਲਾਗ, ਬ੍ਰਹਮਗਿਆਨੀ, ਵਿਕਾਰਾਂ ਤੋਂ ਮੁਕਤ, ਕਮਲ-ਪੱਤੀ ਵਾਂਗੂ ਨਿਰਲੇਪ, ਵਿਨਾਸ਼ਹੀਣ ਆਦਿ ਸਮੂਹ ਦੈਵੀ ਗੁਣਾਂ ਨਾਲ ਭਰਪੂਰ ਹੁੰਦਿਆਂ ਵੀ, ਉਹ ਆਪੇ ਨੂੰ ਛੁਪਾ ਕੇ ਰਖਦੇ ਸਨ। ਰਿੱਧੀਆਂ-ਸਿੱਧੀਆਂ ਤੇ ਹੋਰ ਸਮੂਹ ਸ਼ਕਤੀਆਂ, ਉਨ੍ਹਾਂ ਦੇ ਚਰਨ ਪਰਸਦੀਆਂ ਸਨ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. 'ਵਰੁਨ' ਇੱਕ ਮਿਥਿਹਾਸਕ ਪਾਤਰ ਹੈ। ਇਹ ਜਲ ਦਾ ਦੇਵਤਾ ਹੈ। 'ਮਹਾਨ ਕੋਸ਼' ਨੇ ਇਸ ਨੂੰ 'ਜਲਾਂ ਦਾ ਸਵਾਮੀ' ਆਖਿਆ ਹੈ। ਪੁਰਾਣਾਂ ਵਿੱਚ ਇਸ ਨੂੰ 'ਕਰਦਮ' ਦਾ ਪੁੱਤਰ ਅਤੇ ਮਗਰਮੱਛ ਪੁਰ ਸਵਾਰੀ ਕਰਨ ਵਾਲਾ ਮੰਨਿਆ ਹੈ। ਇਸ ਦੇ ਸਰੀਰ 'ਤੇ ਸੱਪ ਦੇ ਫੰਨ ਦੀ ਛਤਰੀ ਹੁੰਦੀ ਹੈ। ਉਰਦੂ-ਫ਼ਾਰਸੀ ਵਾਲੇ ਇਸੇ ਨੂੰ 'ਖਵਾਜ਼ਾ-ਖਿਜ਼ਰ ਕਹਿੰਦੇ ਹਨ। ('ਮਹਾਨ ਕੋਸ਼', ਪੰਨਾ 378) ਖਵਾਜ਼ਾ ਖਿਜ਼ਰ ਵੀ ਇਸੇ ਨੂੰ ਕਿਹਾ ਜਾਂਦਾ ਹੈ। 'ਹਿੰਦੂ ਮਿਥਿਹਾਸ ਕੋਸ਼' ਵਿੱਚ ਵੀ 'ਵਰੁਨ' ਦੀ ਬਹੁਤ ਵਿਸਥਾਰਤ ਚਰਚਾ ਹੈ (ਪੰਨਾ 506)।
2. 'ਸ੍ਰੀ ਗੁਰ ਨਾਨਕ ਪ੍ਰਕਾਸ਼' ਦੇ ਫ਼ੁਟਨੋਟ (ਪੰਨਾ 1399) ਵਿੱਚ ਭਾਈ ਵੀਰ ਸਿੰਘ ਜੀ

ਨੇ ਸਪੱਸ਼ਟ ਕੀਤਾ ਹੈ ਕਿ ਮੁਲਤਾਨ ਤੇ ਸਿੰਧ ਆਦਿਕ ਇਲਾਕਿਆਂ ਵਿੱਚ ਦਰਿਆ ਦੀ ਪੂਜਾ ਕਰਨ ਵਾਲਾ ਇੱਕ ਖ਼ਾਸ ਮੱਤ ਹੈ, ਜਿਸ ਨੂੰ 'ਦਰਿਆ-ਪੰਥੀ' ਕਿਹਾ ਜਾਂਦਾ ਹੈ। 'ਉਡੇਰੋ ਲਾਲ' ਨਾਮੇ ਕੋਈ ਇਨ੍ਹਾਂ ਦਾ ਗੁਰੂ ਹੈ। ਇਸ ਪਾਸੇ ਵੱਲ ਜਦੋਂ ਸਿੱਖੀ ਪ੍ਰਚਾਰ ਹੋਇਆ ਤਾਂ ਦਰਿਆ ਵਿੱਚ 'ਬਾਂਟਾ' ਪਾਉਣ ਦੀ ਪੁਰਾਤਨ ਰਸਮ, ਨਵੇਂ ਬਣੇ ਸਿੱਖਾਂ ਵਿੱਚ ਵੀ ਜਾਰੀ ਰਹੀ ਅਤੇ ਫੇਰ ਹੋਰ ਥਾਂਈਂ ਵੀ ਫੈਲੀ। ਉੱਦੋਂ ਇਸੇ ਲਈ ਸਿੱਖਾਂ ਵਿੱਚ ਇਹ ਪ੍ਰਚਲਤ ਹੋਇਆ ਕਿ 'ਵਰੁਨ' ਗੁਰੂ ਜੀ ਦਾ ਸੇਵਕ ਹੈ, ਉਸ ਸੇਵਕ ਨੂੰ ਛਾਂਦਾ ਮਿਲਦਾ ਹੈ। ਫੇਰ ਸਿੱਖਾਂ ਨੇ ਇਸ ਰਸਮ ਨੂੰ ਗੁਰਮਤਿ-ਸਿਧਾਂਤ ਦੇ ਵਿਰੁੱਧ ਤੇ ਟਪਲਾ ਦੇਣ ਵਾਲੀ ਸਮਝ ਕੇ ਤਿਆਗ ਦਿੱਤਾ।

3. ਲੰਗਰ ਵਿੱਚ ਮਾਸ-ਮੱਛੀ ਵਰਤਾਉਂਣਾ ਲੰਗਰ ਪਰੰਪਰਾ ਦੇ ਅਨੁਕੂਲ ਨਹੀਂ। ਇਸ ਦੀ ਕਿਧਰੋਂ ਪੁਸ਼ਟੀ ਵੀ ਨਹੀਂ ਹੁੰਦੀ।

ਸਾਖੀ ਦਾ ਸਾਰ-ਅਧਿਆਇ 21

ਖਡੂਰ ਨਗਰ ਵਿੱਚ ਇੱਕ ਪਖੰਡੀ ਤਪਾ ਰਹਿੰਦਾ ਸੀ। ਉਹ ਬੜਾ ਹੀ ਈਰਖਾ ਤੇ ਦਵੈਤ-ਭਾਵਨਾ ਰੱਖਣ ਵਾਲਾ ਵਿਅਕਤੀ ਸੀ। ਆਪਣੇ ਪਾਖੰਡ ਦੇ ਸਹਾਰੇ ਉਸ ਨੇ ਲੋਕਾਂ ਨੂੰ ਵਰਗਲਾ ਕੇ ਆਪਣੇ ਮਗਰ ਲਾ ਕੇ ਪੂਜਾ ਕਰਵਾਉਣੀ ਸ਼ੁਰੂ ਕਰ ਦਿੱਤੀ ਸੀ। ਉਹ ਲੋਕਾਂ ਤੋਂ ਬਹੁਤ ਭੇਟਾਵਾਂ ਤੇ ਚੜ੍ਹਾਵੇ ਲੈਂਦਾ। ਉਸ ਨਗਰ ਵਿੱਚ 'ਖਹਿਰੇ' ਗੋਤ ਦੇ ਜੱਟ-ਕਿਰਸਾਣਾਂ ਦੀ ਤਕੜੀ ਵਸੋਂ ਸੀ ਜੋ ਉਸ ਦੇ ਸ਼ਰਧਾਲੂ ਸਨ। ਪਿੰਡ ਦੇ ਸਾਰੇ ਵਸਨੀਕ, ਤਪੇ ਤੋਂ ਬਹੁਤ ਡਰਦੇ ਸਨ। ਤਪਾ ਗੁਰੂ-ਘਰ ਨਾਲ ਬਹੁਤ ਖੁੰਦਕ ਖਾਂਦਾ ਸੀ ਅਤੇ ਸਿੱਧੇ-ਸਾਦੇ ਕਿਰਸਾਣਾਂ ਨੂੰ ਚੁਕਦਾ ਰਹਿੰਦਾ। ਇੱਕ ਵਾਰ ਮੀਂਹ ਨਾ ਪੈਣ ਕਾਰਨ ਫਸਲਾਂ ਸੁੱਕਣ ਲੱਗ ਪਈਆਂ। ਲੋਕੀ ਰੱਬੀ ਕਰੋਪੀ ਤੋਂ ਭੈਭੀਤ ਹੋ ਗਏ। ਲੋਕ, ਚਿੰਤਾ ਵਿੱਚ ਡੁੱਬੇ ਹੋਏ, ਤਪੇ ਕੋਲ ਗਏ ਅਤੇ ਬੇਨਤੀ ਕੀਤੀ ਕਿ ਉਹ ਮੀਂਹ ਪੁਆ ਦੇਵੇ। ਈਰਖਾਲੂ ਤਪਾ ਗੁਰੂ-ਘਰ ਦੀ ਮਹਿਮਾ ਬਰਦਾਸ਼ਤ ਨਹੀਂ ਸੀ ਕਰਦਾ। ਉਸ ਨੇ ਭੋਲੇ-ਭਾਲੇ ਲੋਕਾਂ ਨੂੰ ਚੁੱਕ ਦੇ ਦਿੱਤੀ ਕਿ ਜਦੋਂ ਤੱਕ ਤੁਸੀਂ ਪਿੰਡ ਵਿੱਚੋਂ ਗੁਰੂ ਜੀ ਨੂੰ ਨਹੀਂ ਕੱਢ ਦਿੰਦੇ, ਉਦੋਂ ਤੱਕ ਮੀਂਹ ਨਹੀਂ ਪੈ ਸਕਦਾ। ਉਹ ਅਪਰਾਧੀ ਹਨ, ਗ੍ਰਿਹਸਤੀ ਹੋ ਕੇ ਵੀ ਉਹ ਸਾਧਪੁਣਾ ਧਾਰਨ ਕਰ ਕੇ ਗੱਦੀ ਲਾਈ ਬੈਠੇ ਹਨ। ਸੋ, ਇਸ ਗੱਲ ਦਾ ਇਲਾਜ ਕਰਨ 'ਤੇ ਹੀ ਮੀਂਹ ਪਵੇਗਾ ਅਤੇ ਫੇਰ ਅੱਗੇ ਤੋਂ ਕੋਈ ਬਿਪਤਾ ਉਨ੍ਹਾਂ 'ਤੇ ਨਹੀਂ ਪਵੇਗੀ। ਤਪੇ ਦੀ ਗੱਲ ਪਿੰਡ ਵਾਸੀਆਂ ਅਤੇ ਵਿਸ਼ੇਸ਼ ਕਰ ਖਹਿਰੇ-ਗੋਤ ਵਾਲਿਆਂ ਦੇ ਮਨ ਨੂੰ ਲੱਗ ਗਈ। ਉਨ੍ਹਾਂ ਨੇ ਤਪੇ ਨੂੰ ਵਿਸ਼ਵਾਸ ਦੁਆ ਦਿੱਤਾ ਕਿ ਅਸੀਂ ਗੁਰੂ ਜੀ ਨੂੰ ਪਿੰਡੋਂ ਕੱਢ ਕੇ ਹੀ ਸਾਹ ਲਵਾਂਗੇ। ਸਾਡਾ ਇਹ ਪੱਕਾ ਨਿਰਨਾ ਹੈ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁੱਟਨੋਟ

1. 'ਮਹਾਨ ਕੋਸ਼' ਦੇ ਕਰਤਾ ਨੇ ਪੰਨਾ 599 'ਤੇ ਇਸ ਤਪੇ ਦਾ ਨਾਂ 'ਦਾਦੂ' ਲਿਖਿਆ ਹੈ।
2. 'ਖਹਿਰਾ' ਜੱਟਾਂ ਦਾ ਇੱਕ ਗੋਤ ਹੈ। ਮਹਿਮਾ ਨਾਮੀ ਇੱਕ ਖਹਿਰਾ ਜੱਟ ਗੁਰੂ ਅੰਗਦ

ਸਾਹਿਬ ਦਾ ਸਿੱਖ ਹੋਇਆ। ਮਹਾਨ ਕੋਸ਼ ਅਨੁਸਾਰ ਜਨਮਸਾਖੀ ਵਿੱਚ ਅੰਕਿਤ ਹੈ ਕਿ ਇਹ ਮਹਿਮਾ ਸਿੱਖ, ਗੁਰੂ ਨਾਨਕ ਸਾਹਿਬ ਜੀ ਦੀ ਜਨਮ-ਪੱਤਰੀ ਦੀ ਨਕਲ ਕਰਨ ਲਈ ਸੁਲਤਾਨਪੁਰ ਤੋਂ ਪੈੜੇ ਮੋਖੇ ਨੂੰ ਬੁਲਾ ਕੇ ਲਿਆਇਆ ਸੀ। (ਮਹਾਨ ਕੋਸ਼ ਪੰਨਾ 936)

3. ਸਾਵਣ-ਭਾਦਰੋਂ (ਸਾਉਣ-ਭਾਦੋਂ) ਬਰਸਾਤ ਰੁੱਤ ਦੇ ਮਹੀਨੇ ਗਿਣੇ ਗਏ ਹਨ। ਇਸ ਸਮੇਂ ਵਰਖਾ ਹੋਣੀ ਸੁਭਾਵਕ ਹੁੰਦੀ ਹੈ।

4. ਵਾਸਤਵ ਵਿੱਚ ਦਾਦੂ ਤਪੇ ਨੇ ਸਤਿਗੁਰੂ ਜੀ ਨੂੰ ਨਗਰ ਤੋਂ ਕੱਢ ਕੇ, ਆਪਣੀ ਮਾਨਤਾ ਦੇ ਰਾਹ ਦਾ ਰੋੜਾ ਦੂਰ ਕਰਨਾ ਚਾਹਿਆ ਸੀ। ਸੋ, ਉਸ ਨੇ ਕਿਰਸਾਣਾਂ ਨੂੰ ਝੂਠਾ ਲਾਰਾ ਲਾ ਕੇ ਮੀਂਹ ਪੁਆਉਣ ਦਾ ਭਰੋਸਾ ਦਿਵਾਇਆ ਸੀ (ਮਹਾਨ ਕੋਸ਼ ਪੰਨਾ 599) ਉਸ ਦੇ ਸ਼ਰਧਾਲੂ ਖਹਿਰੇ ਗੋਤ ਦੇ ਜੱਟ, ਸਤਿਗੁਰੂ ਜੀ ਨੂੰ ਪਿੰਡੋਂ ਕੱਢਣ 'ਤੇ ਤੁਲ ਪਏ ਸਨ।

ਸਾਖੀ ਦਾ ਸਾਰ-ਅਧਿਆਇ 22

ਪਿੰਡ ਦੇ ਕਿਰਸਾਣ, ਪਾਪੀ, ਨਿੰਦਕ ਤੇ ਮੰਦੀ-ਸੋਚ ਵਾਲੇ, ਤਪੇ ਦੇ ਆਖੇ ਲੱਗ ਗਏ। ਸਤਿਗੁਰਾਂ ਦੇ ਪ੍ਰਤਾਪ ਤੇ ਉੱਚਤਾ ਤੋਂ ਅਣਜਾਣ, ਇਹ ਮੂਰਖ ਕਿਰਸਾਣ, ਇਕੱਠੇ ਹੋ ਕੇ ਗੁਰੂ ਜੀ ਕੋਲ ਗਏ। ਬੜੇ ਕੌੜੇ ਸ਼ਬਦਾਂ ਵਿੱਚ ਉਨ੍ਹਾਂ ਨੂੰ ਪਿੰਡ ਛੱਡਣ ਦਾ ਸੁਝਾਅ ਦਿੱਤਾ। ਉਨ੍ਹਾਂ ਆਖਿਆ ਕਿ ਇੱਕ ਤੁਹਾਡੇ ਪਰਵਾਰ ਦੇ ਇੱਥੇ ਵਸੇਬੇ ਕਾਰਨ ਮੀਂਹ ਨਹੀਂ ਪੈ ਰਿਹਾ। ਫਸਲਾਂ ਨਸ਼ਟ ਹੋ ਗਈਆਂ ਹਨ ਤੇ ਸਾਰਾ ਪਿੰਡ ਸੰਕਟ ਵਿੱਚ ਪੈ ਗਿਆ ਹੈ। ਇਸ ਕਾਰਨ ਸਾਰਾ ਦੇਸ਼ ਦੁਖੀ ਹੋ ਰਿਹਾ ਹੈ। ਤੁਹਾਡੇ ਜਾਣ ਨਾਲ ਹੀ ਇਥੇ ਸਭ ਕੁੱਝ ਠੀਕ ਹੋ ਸਕਦਾ ਹੈ। ਇਹ ਗੱਲ ਸਾਨੂੰ ਬੁੱਧੀਮਾਨ ਤਪੇ ਨੇ ਦੱਸੀ ਹੈ।

ਗੁਰੂ ਅੰਗਦ ਸਾਹਿਬ ਜੀ ਨੇ ਕਿਹਾ ਕਿ ਅਸੀਂ ਤਾਂ ਬੜੇ ਚਿਰਾਂ ਤੋਂ ਇੱਥੇ ਵਸਦੇ ਹਾਂ, ਚੰਗਾ-ਭਲਾ ਮੀਂਹ ਪੈਂਦਾ ਹੀ ਰਿਹਾ ਹੈ ਤੇ ਫ਼ਸਲਾਂ ਵੀ ਹੁੰਦੀਆਂ ਰਹੀਆਂ ਹਨ। ਮਨੁੱਖਾਂ ਦੇ ਚੰਗੇ-ਮੰਦੇ ਕਰਮਾਂ ਦੇ ਅਨੁਸਾਰ ਜੀਵਨ ਵਿੱਚ ਸੁੱਖ-ਦੁੱਖ ਤਾਂ ਆਉਂਦੇ ਹੀ ਰਹਿੰਦੇ ਹਨ। ਧੀਰਜਵਾਨ ਮਨੁੱਖ ਚੰਗੇ ਕਰਮ ਕਰਨ ਵੱਲ ਰੁਚੀ ਮੋੜਿਆ ਕਰਦੇ ਹਨ। ਸੁਖ-ਦੁੱਖ ਉਸ ਪਰਮੇਸ਼ਰ ਦੇ ਹੱਥ ਹੈ। ਜਿਹੋ ਜਿਹਾ ਮਨੁੱਖ ਕਰਮ ਕਰਦਾ ਹੈ, ਉਸ ਮਾਲਿਕ ਨੇ ਉਸ ਅਨੁਸਾਰ ਹੀ ਫ਼ਲ ਦੇਣਾ ਹੈ। ਪਿੰਡ ਵਾਸੀਆਂ ਨੇ ਫੇਰ ਕਠੋਰ ਸ਼ਬਦ ਬੋਲੇ, "ਇੱਥੇ ਕਿਸੇ ਨੇ ਤੁਹਾਡਾ ਗਿਆਨ ਨਹੀਂ ਸੁਣਨਾ। ਬੱਸ, ਤੁਸੀਂ ਇੱਥੋਂ ਤੁਰੰਤ ਨਿਕਲ ਜਾਉ, ਸਾਨੂੰ ਤਪੇ ਦਾ ਹੁਕਮ ਹੈ। ਨਹੀਂ ਤਾਂ ਅਸੀਂ ਬਾਹੋਂ ਫੜ ਕੇ, ਤੁਹਾਨੂੰ ਤੁਰੰਤ ਇੱਥੋਂ ਧਿੰਗੋ-ਜ਼ੋਰੀ ਕੱਢ ਦਿਆਂਗੇ।"

ਇਹ ਸੁਣ ਕੇ ਸ਼ਾਂਤ-ਚਿੱਤ ਗੁਰੂ ਅੰਗਦ ਸਾਹਿਬ ਜੀ ਪ੍ਰਸੰਨ ਹੋਏ ਤੇ ਪਿੰਡ ਛੱਡ ਕੇ ਬਾਹਰ, ਇੱਕ ਝਿੜੀ ਕੋਲ ਡੇਰਾ ਕਰ ਲਿਆ। ਇਨ੍ਹਾਂ ਦੇ ਪੁੱਜਣ ਨਾਲ ਉਹ ਜੰਗਲ ਵੀ ਮੰਗਲਮਈ ਹੋ ਗਿਆ। ਬਾਬਾ ਬੁੱਢਾ ਜੀ ਨੇ ਸਤਿਗੁਰਾਂ ਦੇ ਧੀਰਜ ਅਤੇ ਖਿਮਾਂ ਦੇ ਸੁਭਾਅ ਦੀ ਪ੍ਰਸ਼ੰਸਾ ਕੀਤੀ ਕਿ, "ਤੁਸੀਂ ਸਰਬ-ਸਮਰੱਥ ਹੋ ਕੇ ਵੀ ਧੀਰਜ ਧਾਰੀ ਰੱਖਿਆ ਹੈ।"

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. 'ਮਹਾਨ ਕੋਸ਼' (ਪੰਨਾ 373) ਅਨੁਸਾਰ, 'ਖਾਨ-ਰਜਾਦਾ' (ਪਿੰਡ) ਖਡੂਰ ਤੋਂ ਡੇਢ ਕੋਹ ਪੱਛਮ ਵਿੱਚ, ਜਿਲ੍ਹਾ ਅੰਮ੍ਰਿਤਸਰ (ਹੁਣ ਜਿਲ੍ਹਾ ਤਰਨਤਾਰਨ) ਥਾਣਾ ਸਰਹਾਲੀ ਦਾ ਇੱਕ ਪਿੰਡ ਹੈ। ਤਪੇ ਦੀ ਪ੍ਰੇਰਨਾ ਕਰ ਕੇ ਜ਼ਿਮੀਦਾਰਾਂ ਦੁਆਰਾ ਖਡੂਰ ਤੋਂ ਕੱਢੇ ਹੋਏ, ਗੁਰੂ ਅੰਗਦ ਸਾਹਿਬ ਜੀ ਇੱਥੇ ਆ ਬਿਰਾਜੇ ਸਨ। ਹੁਣ ਇਸ ਦਾ ਨਾਂ 'ਛਾਪਰੀ' ਅਥਵਾ 'ਖਾਨ-ਛਾਪਰੀ' ਹੈ (ਮਹਾਨ ਕੋਸ਼, ਪੰਨਾ 489)।

   ਵਾਸਤਵ ਵਿੱਚ ਸਤਿਗੁਰੂ ਜੀ, ਖਡੂਰ ਸਾਹਿਬ ਤੋਂ ਇਕੱਲੇ ਹੀ, ਰਾਤ ਨੂੰ ਚੱਲ ਕੇ, ਤਹਿਸੀਲ ਤਰਨਤਾਰਨ ਦੇ ਪਿੰਡ 'ਤੁੜ' (ਥਾਣਾ ਸਰਹਾਲੀ) ਚਲੇ ਗਏ ਸਨ। ਫੇਰ ਇਸ ਥਾਂ ਤੋਂ ਛਾਪਰੀ (ਥਾਣਾ ਸਰਹਾਲੀ) ਪਿੰਡ ਦੀ ਸੰਗਤ ਗੁਰੂ ਜੀ ਨੂੰ ਆਪਣੇ ਪਿੰਡ ਲੈ ਗਈ ਸੀ। ਗੁਰੂ ਜੀ ਕੁੱਝ ਸਮਾਂ ਉੱਥੇ ਰਹੇ, ਫੇਰ 'ਭਰੋਵਾਲ' ਪਿੰਡ ਹੁੰਦੇ ਹੋਏ, ਖਡੂਰ ਵਾਸੀਆਂ ਦੀ ਪਸ਼ਚਾਤਾਪ ਸਹਿਤ ਕੀਤੀ ਅਰਜ਼ੋਈ ਮੰਨ ਕੇ ਮੁੜ ਖਡੂਰ ਸਾਹਿਬ ਆ ਗਏ ਸਨ (ਮਹਾਨ ਕੋਸ਼, ਪੰਨਾ 599)।

2. ਚੌਦਾਂ-ਲੋਕ ਅਥਵਾ ਚੌਦਾਂ-ਭਵਨ ਤੋਂ ਭਾਵ ਹੈ : ਸੱਤ ਪਾਤਾਲ ਅਤੇ ਸੱਤ ਆਕਾਸ਼। ਸੱਤ ਆਕਾਸ਼ਾਂ ਦੇ ਨਾਂ ਹਨ : ਭੂ, ਭੁਵ, ਸ੍ਵ, ਮਹ, ਜਨ, ਤਪ ਅਤੇ ਸਤਯ।

   ਸਤ ਪਾਤਾਲਾਂ ਦੇ ਨਾਂ ਹਨ : ਅਤਲ, ਸੁਤਲ, ਵਿਤਲ, ਗਭਸ੍ਤਿਮਤ (ਤਲਾਤਲ), ਮਹਾਤਲ, ਰਸਾਤਲ ਅਤੇ ਪਾਤਾਲ।

   'ਜਿਯੋਤਿਸ਼-ਗ੍ਰੰਥ ਸਿਧਾਂਤ ਸ਼ਿਰੋਮਣੀ' ਵਿੱਚ ਜ਼ਮੀਨ ਉੱਤੇ ਹੀ ਚੌਦਾਂ-ਲੋਕ ਹੋਣੇ ਮੰਨੇ ਹਨ (ਮਹਾਨ ਕੋਸ਼, ਪੰਨਾ 478)।

ਟਿੱਪਣੀਆਂ

ਲੇਖਕ (ਗੁਰਦੀਪ ਸਿੰਘ) ਖ਼ੁਦ ਇੱਕ ਕਿਰਸਾਣ ਪਰਵਾਰ ਨਾਲ ਸੰਬੰਧ ਰਖਦਾ ਹੈ। ਇਸ ਲਈ ਕਿਰਸਾਣਾਂ ਦੀਆਂ ਸਮੱਸਿਆਵਾ ਨੂੰ, ਕਾਫੀ ਹੱਦ ਤੱਕ, ਸਮਝਦਾ ਹੈ। ਸਾਧਾਰਨ ਕਿਰਸਾਣ ਦਾ ਗੁਜਾਰਾ ਕੇਵਲ ਅਤੇ ਕੇਵਲ ਖੇਤੀ-ਵਾੜੀ 'ਤੇ ਹੀ ਆਧਾਰਤ ਹੁੰਦਾ ਹੈ ਅਤੇ ਖੇਤੀ-ਵਾੜੀ ਪਾਣੀ 'ਤੇ ਨਿਰਭਰ ਹੁੰਦੀ ਹੈ (ਖ਼ਾਸ ਕਰ ਕੇ ਵਾਰਸ਼ਾਂ ਦੇ ਪਾਣੀ 'ਤੇ)। ਜੇਕਰ ਵਾਰਸ਼ਾਂ ਸਮੇਂ ਸਿਰ (ਤੇ ਸਹੀ ਮਾਤਰਾ ਵਿੱਚ) ਨਾ ਹੋਣ ਤਾਂ ਫਸਲਾਂ ਨੂੰ ਬੀਜਣ ਲਈ ਲੋੜੀਂਦੀ ਨਮੀਂ (ਸਿੱਲ੍ਹ) ਜ਼ਮੀਨ ਵਿੱਚ ਨਹੀਂ ਬਣਦੀ। ਜੇਕਰ ਸਮੇਂ ਸਿਰ ਵਾਰਸ਼ ਨਾ ਹੋਵੇ ਤਾਂ ਬੀਜੀ ਹੋਈ ਫ਼ਸਲ ਵੀ ਸਹੀ ਢੰਗ ਨਾਲ ਪਕਦੀ ਨਹੀਂ ਅਤੇ ਜੇਕਰ ਵਾਰਸ਼ਾਂ ਜ਼ਿਆਦਾ ਹੋ ਜਾਣ ਤਾਂ ਹੜ੍ਹ ਆਦਿ ਦੇ ਪਾਣੀ ਨਾਲ ਫਸਲਾਂ ਪੱਕਣ 'ਤੇ ਆਈਆਂ ਵੀ ਨਸ਼ਟ ਹੋ ਜਾਂਦੀਆਂ ਹਨ। ਜੇ ਔੜ ਲੱਗ ਜਾਵੇ (ਕਾਫ਼ੀ ਅਰਸੇ ਤੱਕ ਵਾਰਸ਼ ਨਾ ਹੋਵੇ) ਤਾਂ ਵੀ ਫ਼ਸਲਾਂ ਦਾ ਬਹੁਤ ਨੁਕਸਾਨ ਹੋ ਜਾਂਦਾ ਹੈ। ਮੁਸੀਬਤਾਂ ਦੇ ਅਜਿਹੇ ਸਮੇਂ ਕਿਰਸਾਣ ਜਿੱਥੇ ਰੱਬ ਅੱਗੇ ਅਰਜ਼ੋਈਆਂ ਕਰਦਾ ਹੈ, ਉੱਥੇ (ਕੁੱਝ ਕੁ ਪਖੰਡੀਆਂ ਦੇ ਕਹਿਣ 'ਤੇ) ਯੱਗ ਆਦਿ ਵੀ ਕਰਵਾਉਂਦਾ ਹੈ

ਤਾਕਿ ਫ਼ਸਲਾਂ ਦਾ ਨੁਕਸਾਨ ਨਾ ਹੋਵੇ। ਸਾਧਾਰਨ ਕਿਸਾਣ ਦੀ ਤਾਂ ਆਈ-ਚਲਾਈ ਹੀ ਮੁਸ਼ਕਲ ਨਾਲ ਚਲਦੀ ਹੈ ਅਤੇ ਉਹ ਆੜ੍ਹਤੀਏ ਤੇ ਸ਼ਾਹੂਕਾਰਾਂ (Money Lenders) ਦੇ ਕਰਜ਼ੇ ਹੇਠ ਦੱਬਿਆ ਰਹਿੰਦਾ ਹੈ, ਫ਼ਜ਼ੂਲ-ਖਰਚੀ ਵੀ ਕਰਦਾ ਹੈ (ਲੋਕ-ਲਾਜ ਦੀ ਖਾਤਰ)। ਉਸ ਪਾਸ ਆਪਣੇ ਪਰਿਵਾਰ ਲਈ ਅਤੇ ਮਾਲ-ਡੰਗਰ (ਪਸ਼ੂ) ਲਈ ਅਨਾਜ ਤੇ ਖ਼ੁਰਾਕ ਦਾ ਭੰਡਾਰ ਇੱਕ ਸਾਲ ਤੋਂ ਵੱਧ ਸਮੇਂ ਲਈ ਕਰ ਕੇ ਰੱਖਣਾ ਮੁਸ਼ਕਲ ਹੁੰਦਾ ਹੈ। ਜੇਕਰ ਇੱਕ ਫ਼ਸਲ ਵੀ ਨਸ਼ਟ ਹੋ ਜਾਵੇ ਤਾਂ ਕਿਰਸਾਣ ਬੁਰੀ ਤਰ੍ਹਾਂ ਕਰਜ਼ੇ ਵਿੱਚ ਫਸ ਜਾਂਦਾ ਹੈ। ਕਿਰਸਾਣ-ਸਹਿਕਾਰੀ ਸੰਸਥਾਵਾਂ ਨਾਂਹ ਦੇ ਬਰਾਬਰ ਹਨ।

ਸੋਲ੍ਹਵੀਂ ਸਦੀ ਵਿੱਚ ਖੂਹ ਵੀ ਬਹੁਤ ਘੱਟ ਸਨ ਅਤੇ ਟੀਊਬਵੈਲ ਅਜੇ ਹੋਂਦ ਵਿੱਚ ਹੀ ਨਹੀਂ ਸਨ ਆਏ ਅਤੇ ਨਾ ਹੀ ਪੰਜਾਬ 'ਚ ਨਹਿਰਾਂ ਬਣੀਆਂ ਸਨ। ਪੰਜਾਬ ਵਿੱਚ ਜਿੱਥੇ ਜੋਗ-ਮੱਤ ਦਾ ਕਾਫ਼ੀ ਪ੍ਰਭਾਵ ਸੀ, ਉੱਥੇ ਕੁੱਝ ਕੁ ਜੰਤਰ-ਮੰਤਰ ਕਰਨ ਵਾਲੇ ਪਖੰਡੀਆਂ ਦਾ ਵੀ, ਆਮ ਜਨਤਾ ਵਿੱਚ, ਕਾਫ਼ੀ ਮਾਣ-ਸਤਿਕਾਰ ਅਤੇ ਭੈਅ ਸੀ (ਅੱਜ ਵੀ ਹੈ, ਕਿਉਂਕਿ ਅੱਜਕਲ ਵੀ ਪੰਜਾਬ ਦੇ ਬਹੁਤੇ ਲੋਕ ਸ਼ਬਦ-ਗੁਰੂ ਦੇ ਗਿਆਨ ਤੋਂ ਤਕਰੀਬਨ ਖਾਲੀ ਹੀ ਹਨ)। ਹੁਣ ਤਾਂ ਹਾਲਾਤ ਇਤਨੇ ਚਿੰਤਾਜਨਕ ਬਣ ਚੁੱਕੇ ਹਨ ਕਿ ਪੰਜਾਬ ਦੇ ਸਾਢੇ ਕੁ ਬਾਰਾਂ ਹਜ਼ਾਰ ਪਿੰਡਾਂ ਵਿੱਚ ਅਠਾਰਾਂ ਹਜ਼ਾਰ ਪਖੰਡੀ (ਨਕਲੀ ਸੰਤ-ਬਾਬੇ, 'ਬ੍ਰਹਮਗਿਆਨੀ', 'ਪੂਰਨ ਮਹਾਂਪੁਰਸ਼', 'ਮਹਾਨ-ਤਪੱਸਵੀ', ਡੇਰੇਦਾਰ, ਟਕਸਾਲਾਂ ਤੇ ਸੰਪਰਦਾਵਾਂ ਦੇ ਮੁੱਖੀ ਆਦਿ) ਥਾਂ-ਪੁਰ-ਥਾਂ ਆਪੋ-ਆਪਣੇ ਪਖੰਡ ਦਾ ਜਾਲ ਵਿਛਾਈ ਬੈਠੇ ਹਨ। ਉੱਤੋਂ ਮਾਰ ਇਹ ਵਗੀ ਪਈ ਹੈ ਕਿ ਅਖੌਤੀ ਸਿੱਖ ਲੀਡਰ (ਰਾਜਨੀਤਕ, ਧਾਰਮਿਕ ਤੇ ਸਮਾਜਿਕ) ਜਿਨ੍ਹਾਂ ਦਾ ਫਰਜ਼ ਸਮਾਜ ਵਿੱਚ ਹੱਕ, ਸੱਚ ਤੇ ਇਨਸਾਫ਼ ਦਾ 'ਸਮਾਜ-ਪ੍ਰਬੰਧ' ਸਥਾਪਤ ਕਰਨ ਲਈ ਬਣਦਾ ਯੋਗਦਾਨ ਪਾਉਣਾ ਸੀ, ਉਲਟੇ, (ਸ਼ਬਦ-ਗੁਰੂ ਤੋਂ ਬੇ-ਮੁੱਖ ਹੋ ਕੇ) ਖ਼ੁਦਗਰਜ਼ੀ ਅਧੀਨ, ਸਮਾਜ ਨੂੰ ਲੁੱਟਣ-ਪੁੱਟਣ 'ਤੇ ਲੱਗੇ ਪਏ ਹਨ। ਯਾਨੀ ਕਿ, ਉਲਟੀ ਵਾੜ ਹੀ ਖੇਤ ਨੂੰ ਖਾਣ ਲੱਗੀ ਪਈ ਹੈ।

ਸੋਲ੍ਹਵੀਂ ਸਦੀ ਵਿੱਚ ਤਾਂ, ਸ਼ਾਇਦ, ਕੋਈ ਟਾਵਾਂ-ਟਾਵਾਂ 'ਦਾਦੂ ਤਪਾ' ਪਖੰਡੀ ਵਿੱਚਰ ਰਿਹਾ ਹੋਵੇਗਾ ਪਰ ਹੁਣ ਤਾਂ ਅਜਿਹੇ 'ਦਾਦੂ' ਪਖੰਡੀਆਂ ਦੇ ਵੱਗਾਂ-ਦੇ-ਵੱਗ ਤੁਰੇ ਫਿਰਦੇ ਹਨ ਅਤੇ ਇਨ੍ਹਾਂ ਦੇ ਸ਼ਰਧਾਲੂਆਂ (ਅੰਧ-ਵਿਸ਼ਵਾਸੀਆਂ) ਦੀ ਗਿਣਤੀ ਵੀ ਹਜ਼ਾਰਾਂ ਵਿੱਚ ਨਹੀਂ ਲੱਖਾਂ ਦੀ ਤਾਦਾਦ ਵਿੱਚ ਹੈ। ਯਾਨੀ ਕਿ, **ਮਨੁੱਖੀ ਸਮਾਜ ਦੇ ਬ਼ਗੀਚੇ ਦੀ ਹਰ ਸ਼ਾਖ 'ਤੇ ਹੀ ਉੱਲੂ ਬੈਠਾ ਹੈ। ਲੇਖਕ ਦੀ ਸਮਝ ਅਨੁਸਾਰ, ਅਜਿਹੀ ਚਿੰਤਾਜਨਕ ਸਥਿਤੀ ਦਾ ਸੁਧਾਰ ਕੇਵਲ ਅਤੇ ਕੇਵਲ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਫ਼ਲਸਫ਼ੇ ਅਤੇ ਗੁਰ-ਇਤਿਹਾਸ ਦਾ ਸ਼ੁੱਧ ਰੂਪ ਵਿੱਚ ਤੇ ਵੱਡੀ ਪੱਧਰ 'ਤੇ ਵਿਉਂਤਬੰਦ ਤਰੀਕੇ ਨਾਲ ਪ੍ਰਚਾਰ ਕਰ ਕੇ ਹੀ ਹੋ ਸਕਦਾ ਹੈ, ਹੋਰ ਕੋਈ ਤਰੀਕਾ ਕਾਰਗਰ ਨਹੀਂ ਹੋਵੇਗਾ।**

✡✡✡

13. ਤਪੇ ਦੀ ਮੌਤ ਤੇ ਗੁਰੂ ਅੰਗਦ ਸਾਹਿਬ ਦਾ ਵਾਪਸ ਖਡੂਰ ਆਉਣਾ

ਅਧਿਆਇ ਤੇਈਵਾਂ ਤੇ ਚੌਵੀਵਾਂ

ਮੂਲ ਪਾਠ - ਅਧਿਆਇ 24

ਮਾਰਗ ਬਿਖੈ ਹਾਡ[੯] ਇਕ ਮਾਨਵ। ਪਰਯੋ ਹੁਤੋ ਕਬਿ ਕੋ ਨਹਿਂ ਜਾਨਵ[10]।
ਲਗਯੋ ਚਰਨ ਪਾਛਲ ਦਿਸ ਜਾਤੇ। ਕਰਾਮਾਤ ਜਿਨਿ ਮਹਿਂ ਅਧਿਕਾਤੇ ॥੩੩॥

ਭਾਵ : ਰਸਤੇ ਵਿੱਚ ਇੱਕ ਮਨੁੱਖ ਦੀ ਹੱਡੀ[੯] ਪਈ ਸੀ। ਇਹ ਕਦੋਂ ਦੀ ਪਈ ਸੀ, ਕੋਈ ਨਹੀਂ ਸੀ ਜਾਣਦਾ[10]। ਪਿਛਲੇ-ਪੈਰੀਂ ਜਾਂਦਿਆਂ ਭਾਈ ਅਮਰਦਾਸ ਜੀ, ਜਿਨ੍ਹਾਂ ਵਿੱਚ ਬਹੁਤ ਕਰਾਮਾਤ ਸੀ, ਦਾ ਪੈਰ ਉਸ ਨਾਲ ਛੁਹ ਗਿਆ।

ਨਰਕ ਬਿਖੈ ਤੇ ਨਿਕਸਯੋ ਪਾਪੀ। ਦੁਸਹਿ ਸਜਾਇ ਸਕਲ ਹੀ ਖਾਪੀ11।
ਤਤਛਿਨ ਮਾਨੁਖ ਤਨ ਹੁਇ ਗਯੋ। ਜੋ ਨਿਰਜੀਵ[12] ਸਜੀਵੀ[13] ਥਿਯੋ ॥੩੪॥

ਭਾਵ: ਉਹ) ਪਾਪੀ ਨਰਕ ਵਿੱਚੋਂ ਨਿੱਕਲ ਆਇਆ, ਉਸ ਦੀ ਸਾਰੀ ਕਠਨ ਸਜ਼ਾ ਖ਼ਤਮ[11] ਹੋ ਗਈ। ਤੇ (ਉਹ) ਤੁਰੰਤ ਮਨੁੱਖੀ ਰੂਪ ਵਿੱਚ ਪ੍ਰਗਟ ਹੋ ਗਿਆ, ਜਿਹੜਾ ਪਹਿਲਾਂ ਬੇਜਾਨ[12] ਸੀ (ਉਹ) ਜਿਉਂਦਾ-ਜਾਗਦਾ[13] ਹੋ ਗਿਆ।

ਸਭਿ ਕੇ ਦੇਖਤਿ ਗਮਨਯੋ ਕਿਤੈ। ਅਚਰਜ ਲਖਯੋ ਸੰਗ ਥੇ ਜਿਤੈ।
ਅਮਰਦਾਸ ਨਿਜ ਸਹਜਿ ਸੁਭਾਇ। ਗੋਇੰਦਵਾਲ ਗਏ ਨਿਜ ਥਾਇ ॥੩੫॥

ਭਾਵ: ਸਾਰਿਆਂ ਦੇ ਦੇਖਦਿਆਂ-ਦੇਖਦਿਆਂ ਉਹ ਕਿਸੇ ਥਾਂ ਚਲਿਆ ਗਿਆ। ਜਿੰਨੇ ਵੀ ਲੋਕ ਨਾਲ ਸਨ, ਉਨ੍ਹਾਂ ਨੇ ਇਹ ਅਚਰਜ ਵੇਖਿਆ। ਭਾਈ ਅਮਰਦਾਸ ਜੀ ਆਪਣੇ ਸਹਿਜ-ਸੁਭਾਅ ਅਨੁਸਾਰ, ਗੋਇੰਦਵਾਲ ਆਪਣੇ ਟਿਕਾਣੇ 'ਤੇ ਚਲੇ ਗਏ।

ਟਿੱਪਣੀ

ਜਾਪਦਾ ਹੈ ਕਿ ਜਿੱਥੇ ਅਜਿਹੀਆਂ ਕਹਾਣੀਆਂ ਪਰਸੰਗ ਨੂੰ ਰੌਚਿਕ (ਦਿਲਚਸਪ ਤੇ ਹੈਰਾਨੀਜਨਕ) ਬਣਾਉਂਣ ਲਈ ਹੀ ਸ਼ਾਮਿਲ ਕੀਤੀਆਂ ਗਈਆਂ ਹਨ, ਉੱਥੇ ਸ਼ਾਇਦ ਮਨੂੰਵਾਦੀ ਵਿਚਾਰਧਾਰਾ ਦੀ ਪ੍ਰੋੜਤਾ ਲਈ ਵੀ ਅਜਿਹਾ ਕਰਨਾ ਜ਼ਰੂਰੀ ਸੀ, ਕਿਉਂਕਿ, ਮਨੂੰਵਾਦੀ 'ਫ਼ਲਸਫ਼ਾ' ਇਹ ਕਹਿੰਦਾ ਹੈ ਕਿ ਜਿਸ ਵਿਅਕਤੀ ਦੀਆਂ ਹੱਡੀਆਂ (ਫੁੱਲ) ਮਰਨ

ਤੋਂ ਬਾਅਦ 'ਗੰਗਾ-ਮਾਈ ਦੇ ਪਵਿੱਤਰ ਜਲ' ਵਿੱਚ ਪੈ ਜਾਣ, ਉਸ ਦੇ ਕੀਤੇ ਸਾਰੇ ਹੀ ਪਾਪ ਮੁਆਫ਼ ਹੋ ਜਾਂਦੇਂ ਹਨ ਅਤੇ ਉਹ ਸਿੱਧਾ ਹੀ ਸਵੱਰਗ ਵਿੱਚ ਪਹੁੰਚ ਜਾਂਦਾ ਹੈ।

ਇਸੇ ਬਿੱਪਰਵਾਦੀ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਕੇ ਸਿੱਖ ਅਖਵਾਉਂਣ ਵਾਲੇ ਵੀ, ਕੁੱਝ ਸਾਲ ਪਹਿਲਾਂ ਤੱਕ ਮ੍ਰਿਤਕ ਦੇ ਫੁੱਲ (ਹੱਡੀਆਂ) ਹਰਦੁਆਰ ਜਾ ਕੇ ਗੰਗਾ ਨਦੀ ਦੇ 'ਪਵਿੱਤਰ ਜਲ' ਵਿੱਚ ਪਾ ਕੇ ਉੱਥੇ ਪਾਖੰਡ-ਜਾਲ ਵਿਛਾਈ ਬੈਠੇ ਪਾਂਡਿਆਂ (ਬ੍ਰਾਹਮਣਾਂ) ਦੀ ਹਾਜ਼ਰੀ ਭਰ ਕੇ (ਛਿੱਲ ਲੁਹਾ ਕੇ) ਮੁੜਦੇ ਸਨ। ਸ਼ਾਇਦ, ਅੱਜਕਲ ਵੀ ਕੋਈ ਟਾਵਾਂ-ਟਾਵਾਂ 'ਸਿੱਖ ਪਰਵਾਰ' ਆਪਣੇ ਗੁਜਰ ਗਏ ਸੰਬੰਧੀ ਨੂੰ ਇਸੇ ਤਰ੍ਹਾਂ ਹੀ ਸਵੱਰਗ ਵਿੱਚ ਅਪੜਾ ਕੇ ਆਉਂਦਾ ਹੋਵੇ!

ਪਰ ਹੁਣ 'ਸਿੱਖਾਂ' ਨੇ (ਖੋਜ ਕਰ ਕੇ) ਪੰਜਾਬ ਵਿੱਚ ਹੀ ਇੱਕ 'ਹਰਿਦੁਆਰ' (ਕੀਰਤਪੁਰ) ਲੱਭ ਲਿਆ ਹੈ। ਜਿਸ ਮ੍ਰਿਤਕ ਸਰੀਰ ਦੀਆਂ ਹੱਡੀਆਂ (ਅਸਥੀਆਂ) ਹੁਣ ਕੀਰਤਪੁਰ (ਪਾਤਾਲਪੁਰੀ ਗੁਰਦਵਾਰੇ ਦੇ ਨਜ਼ਦੀਕ) ਵਿਖੇ ਸਤਲੁਜ ਦਰਿਆ ਦੇ 'ਪਵਿੱਤਰ ਜਲ' ਵਿੱਚ ਸੁੱਟ ਦਿੱਤੀਆਂ ਜਾਣ ਉਹ ('ਭਾਗਾਂ ਵਾਲਾ') ਜੀਵ ਸਿੱਧਾ ਹੀ, ਸਵੱਰਗ ਹੀ ਨਹੀਂ, ਬਲਕਿ ਸੱਚਖੰਡ (ਬੈਕੁੰਠ) ਪਹੁੰਚ ਜਾਂਦਾ ਹੈ (ਭਾਵੇਂ ਉਸ ਨੇ ਆਪਣੀ ਜ਼ਿੰਦਗੀ ਸਭ ਕਿਸਮ ਦੇ ਪਾਪ ਕਮਾਉਂਦਿਆਂ ਹੀ ਕਿਉਂ ਨਾ ਬਤੀਤ ਕੀਤੀ ਹੋਵੇ)!! ਇਸ ਬਿੱਪਰਵਾਦੀ ਕਰਮ-ਕਾਂਡ ਨੂੰ ਸਿੱਖ ਸਮਾਜ ਵਿੱਚ ਪ੍ਰਚੱਲਤ ਕੀਤਾ ਹੈ ਨਕਲੀ ਸਾਧਾਂ-ਸੰਤਾਂ, 'ਪੂਰਨ-ਬ੍ਰਹਮਗਿਆਨੀਆਂ', 'ਮਹਾਨ-ਤਪੱਸਵੀਆਂ' ਅਤੇ ਪਾਖੰਡੀ, ਡੇਰਿਆਂ ਦੇ ਮੁਖੀਆਂ ਨੇ, ਕਿਉਂਕਿ, ਇਹ 'ਮਹਾਂ-ਪੁਰਸ਼' ਪੂਰੇ ਸਿੱਖੀ ਜਾਹੋ-ਜਲਾਲ ਵਿੱਚ (ਲੰਮੇ ਚੋਲੇ, ਵੱਡੇ ਗਾਤਰੇ, ਹੱਥ ਵਿੱਚ ਤਿੰਨ ਫੁੱਟੀਆਂ ਕਿਰਪਾਨਾਂ ਤੇ ਭਾਂਤ-ਭਾਂਤ ਦੀਆਂ ਮਾਲਾਵਾਂ ਦੇ ਧਾਰਨੀ ਬਣ ਕੇ) ਵਿੱਚਰ ਰਹੇ ਬਿੱਪਰ ਹੀ ਤਾਂ ਹਨ। ਅੱਜ ਸਾਡੇ ਗੁਰਦਵਾਰੇ ਹੀ (ਜਿੱਥੋਂ ਕਿ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪਾਸਾਰ ਕੀਤਾ ਜਾਣਾ ਚਾਹੀਦਾ ਹੈ) ਬਿੱਪਰਵਾਦੀ ਕਰਮਕਾਂਡਾਂ ਦੇ ਅੱਡੇ ਬਣੇ ਹੋਏ ਹਨ। ਫਰਕ ਸਿਰਫ਼ ਇਤਨਾ ਕੁ ਹੀ ਹੈ ਕਿ ਇਨ੍ਹਾਂ ਕਰਮ-ਕਾਂਡਾਂ ਨੂੰ ਗੁਰਮਤਿ ਦੇ ਲੇਬਲ ਹੇਠ ਪ੍ਰਚਾਰਿਆ ਜਾ ਰਿਹਾ ਹੈ। ਬ੍ਰਾਹਮਣ, ਮ੍ਰਿਤਕ ਨੂੰ ਸਵੱਰਗ ਵਿੱਚ ਪਹੁੰਚਾਉਂਣ ਲਈ, ਗਰੁੜ-ਪੁਰਾਣ ਦਾ ਪਾਠ ਉਸ ਦੇ ਫੁੱਲਾਂ (ਹੱਡੀਆਂ) ਨੂੰ ਸੁਣਾਉਂਦਾ ਹੈ ਅਤੇ **ਕੁੱਝ ਕੁ ਸਿੱਖ ਇਨ੍ਹਾਂ ਫੁੱਲਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਪਾਠ (ਸਹਿਜ ਜਾਂ ਅਖੰਡ ਪਾਠ ਆਦਿ) ਸੁਣਾਉਂਣ ਲੱਗ ਪਏ ਹਨ ਅਤੇ ਦਸਵੇਂ ਦਿਨ (ਜਾਂ ਅੱਗੋਂ-ਪਿੱਛੋਂ) ਅਰਦਾਸ ਕਰਾ ਕੇ ਆਪਣੇ ਵਿਛੁੜੇ ਹੋਏ ਸਬੰਧੀ ਨੂੰ ਪ੍ਰਭੂ-ਪਿਤਾ ਦੇ ਚਰਨਾਂ ਵਿੱਚ ਨਿਵਾਸ ਦਿਵਾ ਦੇਂਦੇ ਹਨ!** (ਬ੍ਰਾਹਮਣ 12ਵੇਂ ਦਿਨ ਇਹੀ ਕਾਰਵਾਈ ਕਰਦਾ ਸੀ)। ਹਾਲਾਂਕਿ ਗੁਰਮਤਿ ਫ਼ਲਸਫ਼ਾ ਧਰਮ ਦੇ ਨਾਂ ਤੇ ਕੀਤੇ ਜਾਣ ਵਾਲੇ ਅਜਿਹੇ ਸਾਰੇ ਕਰਮ-ਕਾਂਡਾਂ (Rituals) ਨੂੰ ਮੁੱਢੋਂ ਹੀ ਰੱਦ ਕਰਦਾ ਹੈ-

ਕਰਮ ਕਾਂਡ ਬਹੁ ਕਰਹਿ ਅਚਾਰ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥
(ਮ:੩, ੧੬੨)

ਭਾਵ : ਜਿਹੜੇ ਮਨੁੱਖ ਬ੍ਰਾਹਮਣੀ ਸ਼ਾਸਤ੍ਰਾਂ ਅਨੁਸਾਰ ਮਿਥੇ ਹੋਏ ਧਰਮ-ਕਰਮ (ਜਾਂ ਹੋਰ ਅਜਿਹੀਆਂ ਰਸਮਾਂ ਕਰਦੇ ਹਨ) ਪਰ, ਪਰਮਾਤਮਾ ਦੇ ਨਾਮ (ਹੁਕਮਿ ਰਜਾਈ ਚੱਲਣਾ) ਤੋਂ ਵਾਂਝੇ ਰਹਿੰਦੇ ਹਨ, (ਇਹ ਕਰਮ-ਕਾਂਡ ਉਨ੍ਹਾਂ ਦੇ ਅੰਦਰ) ਹੰਕਾਰ (ਪੈਦਾ ਕਰਦੇ ਹਨ ਤੇ ਉਨ੍ਹਾਂ ਦਾ ਜੀਵਨ) ਫ਼ਿਟਕਾਰਯੋਗ ਹੀ ਰਹਿੰਦਾ ਹੈ।

ਗੁਰਬਾਣੀ ਦੇ ਤੋਤਾ-ਰਟਨੀ ਪਾਠ (ਅਖੰਡ, ਸਪਤਾਹਕ, ਸੰਪਟ ਪਾਠ ਆਦਿ)

ਬਾਣੀ, ਇਸ ਦੇ ਤੋਤਾ-ਰਟਨੀ ਪਾਠ ਕਰਨ ਲਈ ਨਹੀਂ ਪ੍ਰਗਟ ਹੋਈ। ਇਹ ਤਾਂ ਪਰਮੇਸ਼ਰ ਦੇ ਬ੍ਰਹਮ-ਗਿਆਨ ਦਾ ਪ੍ਰਕਾਸ਼ ਹੈ ਜਿਸ ਰਾਹੀਂ ਕਾਦਿਰ ਦੀ ਕੁਦਰਤਿ ਦੇ ਅਟੱਲ ਨਿਯਮਾਂ, ਅਸੂਲਾਂ, ਵਿਧੀ-ਵਿਧਾਨ (ਹੁਕਮ) ਦਾ ਖ਼ੁਲਾਸਾ ਕੀਤਾ ਹੋਇਆ ਹੈ। ਇਹ ਨਿਰੰਕਾਰ ਦਾ 'ਸ਼ਬਦ-ਸਰੂਪ' ਧੁਰ ਕੀ ਬਾਣੀ ਹੈ, ਇੱਕ ਨਿਰਮਲ ਜੀਵਨ-ਜਾਚ ਹੈ, ਜਿਸ ਅਨੁਸਾਰ ਜੀਵਨ ਜਿਊਂਕੇ, ਮਨੁੱਖ (ਮਰਦ ਤੇ ਨਾਰੀ) ਆਤਮਿਕ ਅਡੋਲਤਾ (ਸਹਿਜ-ਅਵੱਸਥਾ) ਦੀ ਸਦੀਵੀ-ਅਨੰਦ ਵਾਲੀ ਅਵੱਸਥਾ ਵਿੱਚ ਪਹੁੰਚ ਸਕਦਾ ਹੈ ਅਤੇ ਪ੍ਰਭੂ-ਪਿਤਾ ਨਾਲ ਅੰਤਰ-ਆਤਮੇ ਇੱਕ-ਸੁਰ ਹੋ ਕੇ ਪ੍ਰਭੂ-ਪਿਤਾ ਵਿੱਚ ਸਦੀਵਕਾਲ ਲਈ ਲੀਨ ਹੋ ਜਾਂਦਾ ਹੈ, ਜੀਵਨ-ਮੁਕਤਿ ਹੋ ਜਾਂਦਾ ਹੈ। ਪਰ, **ਸਿੱਖ ਕੌਮ ਵਿੱਚ (ਇੱਕ ਗਿਣੀ-ਮਿਥੀ ਸਾਜਿਸ਼ ਅਧੀਨ) ਗੁਰਬਾਣੀ ਦੀ ਦੂਰ-ਵਿਆਖਿਆ 'ਚੋਂ ਪੈਦਾ ਹੋਏ (ਜਾਂ ਸਾਜਿਸ਼ ਅਧੀਨ ਪੈਦਾ ਕੀਤੇ) ਨਕਲੀ ਸੰਤ-ਬਾਬਿਆਂ ਨੇ ਸਿੱਖ ਕੌਮ ਦੇ ਇੱਕ ਵੱਡੇ ਹਿੱਸੇ ਨੂੰ ਗੁਰਬਾਣੀ ਦੇ ਗਿਣਤੀਆਂ-ਮਿਣਤੀਆਂ ਦੇ ਕਰਮ-ਕਾਂਡੀ ਪਾਠਾਂ (ਅਖੰਡ, ਸਪਤਾਹਿਕ, ਸੰਪਟ ਪਾਠ ਆਦਿ) ਦੀਆਂ ਲੜੀਆਂ ਵਿੱਚ ਉਲਝਾਅ ਰੱਖਿਆ ਹੈ। ਇਹ ਨਕਲੀ ਸੰਤ-ਬਾਬੇ ਭੋਲੀ-ਭਾਲੀ ਸੰਗਤ ਨੂੰ ਕਹਿੰਦੇ ਹਨ ਕਿ, "ਵੇਖੋ ਭਾਈ! ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ (ਜਾਂ ਕੋਈ ਹੋਰ ਪਾਠ) ਕਰਵਾਉਣ ਨਾਲ ਮੁਸੀਬਤਾਂ ਟਲ ਜਾਂਦੀਆਂ ਹਨ, ਦੁੱਖ-ਕਲੇਸ਼ ਕੱਟੇ ਜਾਂਦੇ ਹਨ, ਸਤਿਗੁਰਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਹੁੰਦੀਆਂ ਹਨ, ਪਰਿਵਾਰਾਂ ਵਿੱਚ ਸੁਖ-ਸ਼ਾਂਤੀ ਦੀਆਂ ਦਾਤਾਂ ਮਿਲਦੀਆਂ ਹਨ, ਲੋਕ ਤੇ ਪਰਲੋਕ ਸੁਹੇਲੇ ਹੋ ਜਾਂਦੇ ਹਨ ਅਤੇ ਹੋਰ ਬਹੁਤ ਸਾਰੇ ਫਲ ਪ੍ਰਾਪਤ ਹੋ ਜਾਂਦੇ ਹਨ।" ਇਹੀ ਵੱਡਾ ਕਾਰਨ ਹੈ ਕਿ ਕਰਮ-ਕਾਂਡਾਂ ਦਾ ਸਖਤੀ ਨਾਲ ਖੰਡਨ ਕਰਨ ਵਾਲੇ ਗੁਰੂ ਸਾਹਿਬਾਨਾਂ ਦੇ ਪੁਰਬ ਭੀ ਕਰਮ-ਕਾਂਡੀ ਅਖੰਡ-ਪਾਠਾਂ ਨਾਲ ਅਰੰਭ ਕੀਤੇ ਜਾਂਦੇ ਹਨ।** ਕੀ ਇਹ ਹਕੀਕਤ ਇਸ ਗੱਲ ਦਾ ਸਬੂਤ ਨਹੀਂ ਕਿ ਸਿੱਖ ਕੌਮ ਦਾ ਵੱਡਾ ਹਿੱਸਾ ਗੁਰਮਤਿ ਸਿਧਾਂਤਾਂ ਦੀ ਸੋਝੀ ਤੋਂ ਸੱਖਣਾ ਹੋ ਚੁੱਕਾ ਹੈ? ਕੀ ਅੱਜ ਕੋਈ ਗੁਰਦਵਾਰਾ ਹੈ ਜਿੱਥੇ ਅਜਿਹੇ ਕਰਮ-ਕਾਂਡੀ ਪਾਠ ਨਹੀਂ ਕੀਤੇ ਜਾਂਦੇ? ਇੱਥੇ ਹੀ ਬੱਸ ਨਹੀਂ, ਬਹੁਤ ਸਾਰੇ ਗੁਰਦਵਾਰਿਆਂ ਵਿੱਚ (ਖ਼ਾਸ ਕਰ ਕੇ ਵਿਦੇਸ਼ਾਂ ਵਿੱਚ), ਗੋਲਕਾਂ ਭਰਨ ਲਈ, ਇੱਕੋ ਹੀ ਹਾਲ ਵਿੱਚ (ਠੇਕਾ ਦੇ ਕੇ) ਕਈ-ਕਈ ਅਖੰਡ ਪਾਠ ਇਕੱਠੇ ਹੀ ਅਰੰਭ ਕਰ ਕੇ 'ਭੋਗ' ਪਾਏ ਜਾ ਰਹੇ ਹਨ। **ਇਹ ਧਰਮ ਦੇ ਨਾਂ**

’ਤੇ ਭੋਲੀ ਸੰਗਤਿ ਨਾਲ ਠੱਗੀ ਨਹੀਂ ਤਾਂ ਹੋਰ ਕੀ ਹੈ ? f ਸੱਖ ਕੌਮ ਨੇ ਤਾਂ ਗੁਰਮਤਿ ਫ਼ਲਸਫ਼ੇ ਦੀ ਵਾਰਿਸ ਹੋਣ ਦੇ ਨਾਤੇ, ਸਮੁੱਚੇ ਸੰਸਾਰ ਨੂੰ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਦੇ ਕੇ ਜਾਗਰੂਕ ਕਰਨਾ ਸੀ, ਪਰ ਇਹ ਤਾਂ ਆਪ ਹੀ ਅਗਿਆਨਤਾ ਦੀ ਗੂੜ੍ਹੀ ਨੀਂਦ ਵਿੱਚ ਸੁੱਤੀ ਪਈ ਘੁਰਾੜੇ ਮਾਰ ਰਹੀ ਹੈ। ਜੇਕਰ ਕੋਈ ਪ੍ਰਚਾਰਕ ਗੁਰਮਤਿ ਸਿਧਾਂਤਾਂ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਕਰਨ ਦਾ ਉੱਦਮ ਕਰਦਾ ਹੈ ਤਾਂ ਕੌਮ ਦਾ ਗੁਰਮਤਿ-ਵਿਹੂਣਾ (ਪਰ ਜਜ਼ਬਾਤੀ) ਵਰਗ (ਨਕਲੀ ਸੰਤ-ਬਾਬੇ, ਰਾਜਨੀਤਕ ਤੇ ਧਾਰਮਿਕ ਲੀਡਰ ਅਤੇ ਸਧਾਰਨ ਸਿੱਖ) ਡਾਂਗਾਂ ਲੈ ਕੇ ਉਸ ਦੇ ਪਿੱਛੇ ਪੈ ਜਾਂਦਾ ਹੈ। ਇਨ੍ਹਾਂ ਪਰਥਾਇ ਸ਼ਬਦ-ਗੁਰੂ ਦਾ ਫ਼ੁਰਮਾਣੁ ਹੈ -

ਸਤਿਗੁਰ ਤੇ ਜੋ ਮੁਹ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥ (ਮ:੩, ੨੩੩)

ਧਾਰਮਿਕ ਗ੍ਰੰਥਾਂ ਦੇ ਨਿਰੇ ਤੋਤਾ ਰਟਨੀ ਪਾਠ ਕਰਨੇ ਤਾਂ ਸੰਸਾਰੀਆਂ (ਮਨਮੁੱਖਾਂ) ਦੀ ਕਾਰ ਹੈ, ਪ੍ਰਭੂ-ਪਿਆਰਿਆਂ ਦੀ ਨਹੀਂ-

ਬੇਦ ਪਾਠ ਸੰਸਾਰ ਕੀ ਕਾਰ ॥ *ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥*
ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥
(ਮ: ੧, ੭੯੧)

ਭਾਵ : ਵੇਦ ਆਦਿਕ (ਧਰਮ ਪੁਸਤਕਾਂ) ਦੇ (ਨਿਰੇ) ਪਾਠ ਤਾਂ ਦੁਨਿਆਵੀ ਵਿਹਾਰ (ਸਮਝੋ), ਵਿਦਵਾਨ ਲੋਕ ਇਨ੍ਹਾਂ ਨੂੰ ਪੜ੍ਹ-ਪੜ੍ਹ ਕੇ ਇਨ੍ਹਾਂ ਦੇ ਸਿਰਫ਼ ਅਰਥ ਹੀ ਵਿਚਾਰਦੇ ਹਨ, ਜਦ ਤੱਕ ਮੱਤ ਨਹੀਂ ਬਦਲਦੀ (ਗੁਰਮਤਿ ਅਨੁਸਾਰੀ ਨਹੀਂ ਹੁੰਦੀ) ਨਿਰੇ (ਪਾਠ ਤੇ ਅਰਥ-ਵਿਚਾਰ ਨਾਲ ਤਾਂ) ਲੁਕਾਈ ਖ਼ੁਆਰ ਹੀ ਹੁੰਦੀ ਹੈ। ਹੇ ਨਾਨਕ! **ਉਹ ਮਨੁੱਖ ਹੀ (ਪਾਪਾਂ ਦੇ ਹਨ੍ਹੇਰੇ ਤੋਂ) ਪਾਰ ਲੰਘਦਾ ਹੈ ਜਿਸ ਨੇ ਆਪਣੀ ਮੱਤ-ਸ਼ਬਦ-ਗੁਰੂ ਦੇ ਹਵਾਲੇ ਕਰ ਦਿੱਤੀ ਹੈ (ਯਾਨੀ ਕਿ, ਆਪਣੇ ਮਨ ਦੀ ਮੱਤ ਤਿਆਗ ਕੇ ਗੁਰਮਤਿ ਦਾ ਧਾਰਨੀ ਬਣ ਗਿਆ ਹੈ)।**

ਸਾਖੀ ਦਾ ਸਾਰ - ਅਧਿਆਇ 23

ਗੁਰੂ ਜੀ ਦੇ ਨਗਰ ਛੱਡ ਜਾਣ ਮਗਰੋਂ, ਸ੍ਰੀ ਅਮਰਦਾਸ ਜੀ ਖਡੂਰ ਪੁੱਜੇ ਤਾਂ ਡੇਰੇ ਵਿੱਚ ਸੁੰਨਸਾਨ ਪਈ ਹੋਈ ਸੀ। ਕਿਸੇ ਨੇ ਦੱਸਿਆ ਕਿ ਮੀਂਹ ਦੇ ਬਹਾਨੇ ਤਪੇ ਨੇ ਗੁਰੂ ਅੰਗਦ ਸਾਹਿਬ ਨੂੰ ਨਗਰ ਤੋਂ ਕਢਵਾ ਦਿੱਤਾ ਹੈ। ਇਹ ਸੁਣ ਕੇ ਅਮਰਦਾਸ ਜੀ ਨੂੰ ਤਪੇ ਦੀ ਈਰਖਾ ਅਤੇ ਵਧੀਕੀ ਉੱਤੇ ਬਹੁਤ ਅਫ਼ਸੋਸ ਹੋਇਆ। ਉਨ੍ਹਾਂ ਗ੍ਰਾਮ ਪੰਚਾਇਤ ਕੋਲ ਜਾ ਗਿਲਾ ਕੀਤਾ ਕਿ ਤੁਸੀਂ ਗੁਨਾਹ ਵੀ ਕੀਤਾ ਪਰ ਮੀਂਹ ਫੇਰ ਵੀ ਨਾ ਆਇਆ। ਲੋਕਾਂ ਨੇ ਕਿਹਾ ਕਿ ਅਸੀਂ ਤਾਂ ਤਪੇ ਦੇ ਆਖਣ ’ਤੇ ਹੀ ਇਵੇਂ ਕੀਤਾ ਸੀ। ਅਮਰਦਾਸ ਜੀ ਨੇ ਸਤਿਗੁਰਾਂ ਦੀ

ਮਹਿਮਾ ਉਜਾਗਰ ਕਰਦਿਆਂ, ਤੁਰੰਤ ਹੀ ਮੀਂਹ ਵਰ੍ਹਾਉਣ ਦਾ ਗੁਰ ਦੱਸਿਆ।

ਭਾਈ ਸੰਤੋਖ ਸਿੰਘ ਜੀ ਨੇ ਕਰਾਮਾਤੀ ਢੰਗ ਨਾਲ ਗੁਰੂ ਅਮਰਦਾਸ ਜੀ ਦੇ ਮੁੱਖੋਂ ਇਹ ਬਚਨ ਅਖਵਾਏ ਹਨ ਕਿ ਤਪਾ ਜਾਂ ਉਸ ਦਾ ਕੋਈ ਵੀ ਅੰਗ, ਜਿੱਥੇ-ਜਿੱਥੇ ਪੁੱਜੇਗਾ, ਕੇਵਲ ਉੱਥੇ-ਉੱਥੇ ਹੀ ਭਰਵਾਂ ਮੀਂਹ ਪੈ ਜਾਵੇਗਾ। ਆਪੋ ਆਪਣੇ ਖੇਤ ਵਿੱਚ ਮੀਂਹ ਪੁਆਉਣ ਦੀ ਕਾਹਲੀ ਵਿੱਚ ਸਭ ਕਿਰਸਾਣਾਂ ਨੇ ਤਪੇ ਨੂੰ ਘੇਰ ਲਿਆ। ਤਪਾ ਜਿਸ ਖੇਤ ਵਿੱਚ ਜਾਵੇ, ਉੱਥੇ ਮੀਂਹ ਪੈਣ ਲੱਗ ਪਵੇ। ਮੀਂਹ ਵਰ੍ਹਦਾ ਗਿਆ ਤੇ ਤਪੇ ਦੇ ਅੰਗਾਂ ਦੀ ਖਿੱਚ-ਧੂਹ ਹੁੰਦੀ ਰਹੀ। ਖਿੱਚ-ਧੂਹ ਹੋਣ ਕਰ ਕੇ ਤਪਾ ਮਰ ਗਿਆ। ਚਿੰਤਾਵਾਨ ਤੇ ਲੋਭੀ ਕਿਰਸਾਣਾਂ ਨੇ ਤਪੇ ਦੇ ਅੰਗ, ਮਾਸ ਤੇ ਹੱਡੀਆਂ ਆਪੋ-ਆਪਣੇ ਖੇਤਾਂ ਵਿੱਚ ਲਿਜਾ-ਲਿਜਾ ਕੇ ਮੀਂਹ ਪੁਆ ਲਿਆ, ਕਿਉਂਕਿ ਉਹ ਸੋਚਦੇ ਸਨ ਕਿ ਜੇ ਇੱਕ ਜਣਾ ਮਰ ਕੇ, ਏਨੇ ਲੋਕ ਬਚ ਸਕਣ ਤਾਂ ਵੀ ਕੀਹ ਹੈ ?

ਅਗਲੇ ਦਿਨ ਜਦ ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਜੀ ਕੋਲ ਪੁੱਜੇ ਤਾਂ ਉਨ੍ਹਾਂ ਨੇ ਇਹ ਕਰਾਮਾਤ ਕਰਨ ਪਿੱਛੇ ਨਰਾਜ਼ਗੀ ਜ਼ਾਹਰ ਕੀਤੀ। ਅਮਰਦਾਸ ਜੀ ਦੇ ਵਾਰ-ਵਾਰ ਖਿਮਾ ਮੰਗਣ ’ਤੇ ਗੁਰੂ ਜੀ ਨੇ ਅੱਗੋਂ ਲਈ ਗੁਰੂ-ਘਰ ਦੀ, ਨਿਮਰਤਾ ਅਤੇ ਉਦਾਰਤਾ ਵਾਲੀ ਮਰਯਾਦਾ ਦਾ ਪਾਲਣ ਕਰਨ ਦੀ ਤਾੜਨਾ ਕੀਤੀ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ‘ਤੇਜੋ’, ਸ੍ਰੀ ਗੁਰੂ ਅਮਰਦਾਸ ਜੀ ਦੇ ਪਿਤਾ, ‘ਤੇਜਭਾਨ’ ਜੀ ਦਾ ਸੰਖੇਪ ਨਾਂ ਸੀ। ਉਹ ‘ਬਾਸਰਕੇ’ ਪਿੰਡ (ਜ਼ਿਲ੍ਹਾ ਅੰਮ੍ਰਿਤਸਰ) ਦੇ ਵਸਨੀਕ ਤੇ ‘ਭੱਲਾ’ ਵੰਸ਼ ਦੇ ਭੂਸ਼ਣ (ਗਹਿਣਾ) ਮਾਤਰ ਸਨ। (ਮਹਾਨ ਕੋਸ਼ ਪੰਨਾ 600)
2. ਗੁਰੂ ਜੀ ਦੀ ਵਡਿਆਈ ਦਰਸਾਉਣ ਲਈ ਭਾਈ ਸੰਤੋਖ ਸਿੰਘ ਜੀ ਵੱਲੋਂ ਲਿਖਿਆ ਇਹ ਸਾਰਾ ਕਰਾਮਾਤੀ ਪਰਸੰਗ ਕਲਪਤ ਜਾਪਦਾ ਹੈ ਕਿਉਂਕਿ ਗੁਰਮਤਿ ਵਿੱਚ ਕਰਾਮਾਤ ਕਹਿਰ ਦਾ ਨਾਂ ਹੈ।

ਸਾਖੀ ਦਾ ਸਾਰ - ਅਧਿਆਇ 24

ਜ਼ਿਮੀਦਾਰਾਂ ਨੇ ਆਪਸ ਵਿੱਚ ਵਿਚਾਰ ਕਰ ਕੇ ਗੁਰੂ ਅੰਗਦ ਸਾਹਿਬ ਜੀ ਨੂੰ ਖਾਨ ਰਜਾਦੇ ਵਾਲੀ ਥਾਂ ਤੋਂ ਵਾਪਸ ਖਡੂਰ ਪਿੰਡ ਵਿੱਚ ਲਿਜਾਣ ਦਾ ਇਰਾਦਾ ਕਰ ਲਿਆ। ਸਾਰਿਆਂ ਨੇ ਗੁਰੂ ਜੀ ਕੋਲ ਭੁੱਲ ਬਖ਼ਸ਼ਵਾ ਲਈ ਤੇ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਚੱਲ ਪਏ। ਬਾਕੀ ਸਿੱਖਾਂ ਨੇ ਸਾਰਾ ਸਮਾਨ ਚੁੱਕ ਲਿਆ।

ਰਸਤੇ ਵਿੱਚ ਇੱਕ ਪਿੰਡ ਭੈਰੋਪੁਰ ਆਇਆ, ਜਿੱਥੋਂ ਦੇ ਖੀਓ ਭੱਲੇ ਨੇ ਪ੍ਰੇਮ ਸਹਿਤ ਗੁਰੂ ਜੀ ਨੂੰ ਸਿੱਖ ਸੰਗਤ ਸਮੇਤ ਭੋਜਨ ਛਕਣ ਲਈ ਬੇਨਤੀ ਕੀਤੀ। ਉਸ ਨੇ ਤੁਰੰਤ ਭੋਜਨ ਤਿਆਰ ਕਰਵਾਇਆ, ਫੇਰ ਗੁਰੂ ਜੀ ਨੂੰ ਸਮੇਤ ਸੰਗਤ ਦੇ ਘਰ ਲੈ ਗਿਆ ਤੇ ਸਭ ਦੇ ਚਰਨ ਆਪਣੇ ਘਰ ਪਵਾਏ। ਫੇਰ ਚੌਕੀ ’ਤੇ ਬਸਤਰ ਵਿਛਾ ਕੇ ਗੁਰੂ ਅੰਗਦ ਸਾਹਿਬ ਨੂੰ ਉੱਪਰ

ਬਿਠਾਇਆ। ਆਪਣੇ ਹੱਥੀਂ ਗੁਰੂ ਜੀ ਨੂੰ ਭੋਜਨ ਪਰੋਸਿਆ ਤੇ ਸਾਰੀ ਸੰਗਤ ਨੂੰ ਭੋਜਨ ਵਰਤਾਇਆ। ਗੁਰੂ ਜੀ ਜਾਣ ਲਈ ਤਿਆਰ ਹੋ ਗਏ। ਗੁਰੂ ਅੰਗਦ ਸਾਹਿਬ ਨੇ ਉਸ 'ਤੇ ਸੁਖ ਪ੍ਰਾਪਤੀ ਦੀ ਬਖਸ਼ਿਸ਼ ਕੀਤੀ। ਫੇਰ ਗੁਰੂ ਜੀ ਖਡੂਰ ਸਾਹਿਬ ਨੂੰ ਚੱਲ ਪਏ, ਉਨ੍ਹਾਂ ਦੇ ਨਾਲ ਜ਼ਿਮੀਦਾਰ ਆਦਿ ਬਹੁਤ ਸਿੱਖ ਸਨ। ਏਥੇ ਆ ਕੇ ਗੁਰੂ ਜੀ ਆਪਣੇ ਆਸਣ ਉੱਤੇ ਬਿਰਾਜਮਾਨ ਹੋ ਗਏ।

ਫਿਰ ਇੱਕ ਦਿਨ ਗੁਰੂ ਜੀ ਨੇ ਭਾਈ ਅਮਰਦਾਸ ਜੀ ਨੂੰ ਗੋਇੰਦਵਾਲ ਤੋਂ ਬੁਲਵਾ ਕੇ ਸਮਝਾਇਆ ਕਿ ਉਨ੍ਹਾਂ ਨੇ ਗੁਰੂ-ਘਰ ਵਿੱਚ ਬਹੁਤ ਸੇਵਾ-ਘਾਲ ਕਮਾਈ ਕੀਤੀ ਹੈ ਅਤੇ ਉਨ੍ਹਾਂ ਦੇ ਚਰਨਾਂ 'ਤੇ ਕਮਲ ਦਾ ਚਿੰਨ੍ਹ ਪ੍ਰਭੂ ਨੇ ਧਰਿਆ ਹੈ। ਕਰਾਮਾਤ ਪ੍ਰਗਟ ਕਰਨੀ ਸੰਤਾਂ ਦੇ ਮੱਤ ਮੁਤਾਬਕ ਉਚਿਤ ਨਹੀਂ ਅਤੇ ਨਾ ਹੀ ਜਗਤ ਵਿੱਚ ਇਸ ਤਰ੍ਹਾਂ ਵਡਿਆਈ ਨਾਲ ਪ੍ਰਸਿੱਧਤਾ ਮਿਲਦੀ ਹੈ। ਗੁਰੂ ਜੀ ਨੇ ਭਾਈ ਅਮਰਦਾਸ ਜੀ ਨੂੰ ਆਗਿਆ ਕੀਤੀ ਕਿ ਉਹ ਅੱਗੇ ਤੋਂ ਖਡੂਰ ਸਾਹਿਬ ਨਾ ਆਇਆ ਕਰਨ। ਜਦੋਂ ਉਨ੍ਹਾਂ ਦੇ (ਸ੍ਰੀ ਅਮਰਦਾਸ ਜੀ ਦੇ) ਦਿਲ ਵਿੱਚ ਦਰਸ਼ਨਾਂ ਦੀ ਪਿਆਸ ਜਾਗਿਆ ਕਰੇਗੀ, ਉਹ ਆਪ ਹੀ ਉਨ੍ਹਾਂ ਨੂੰ ਦਰਸ਼ਨ ਦੇ ਦਿਆ ਕਰਨਗੇ। ਭਾਈ ਅਮਰਦਾਸ ਜੀ, ਗੁਰੂ ਸਾਹਿਬ ਦੀ ਆਗਿਆ ਦਾ ਪਾਲਣ ਕਰਦੇ ਹੋਏ, ਵਾਪਸ ਗੋਇੰਦਵਾਲ ਚਲੇ ਗਏ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁੱਟਨੋਟ

1. 'ਖਾਨ-ਰਜਾਦਾ' ਖਡੂਰ ਤੋਂ ਡੇਢ ਕੋਹ ਪੱਛਮ ਵਿੱਚ ਇੱਕ ਪਿੰਡ ਹੈ। ਇਥੇ ਗੁਰੂ ਅੰਗਦ ਸਾਹਿਬ ਦਾ ਗੁਰਦਵਾਰਾ ਹੈ। ਇਸ ਥਾਂ, ਤਪੇ ਦੀ ਪ੍ਰੇਰਣਾ ਕਰ ਕੇ, ਜ਼ਿਮੀਦਾਰਾਂ ਦੇ ਖਡੂਰ ਤੋਂ ਕੱਢੇ ਹੋਏ ਗੁਰੂ ਅੰਗਦ ਸਾਹਿਬ ਆ ਬਿਰਾਜੇ ਸਨ। ਹੁਣ ਇਸ ਦਾ ਨਾਂ ਛਾਪਰੀ ਅਥਵਾ ਖ਼ਾਨ-ਛਾਪਰੀ ਹੈ।
2. ਗੁਰੂ ਅੰਗਦ ਸਾਹਿਬ ਜੀ ਦੇ ਭੈਰੋਪੁਰ ਭਾਈ 'ਖੀਓ-ਭੱਲੇ' ਨੂੰ ਮਿਲਣ ਦੀ ਸਾਖੀ 'ਮਹਿਮਾ ਪ੍ਰਕਾਸ਼ ਵਿੱਚ ਵੀ ਹੈ (ਸੰਖੇਪ ਵਿੱਚ ਦਿੱਤੀ ਹੋਈ ਹੈ)। ਭੈਰੋਪੁਰ, ਅਸਲ ਵਿੱਚ ਅਜੋਕਾ ਭਰੋਵਾਲ ਹੈ ਜੋ ਜ਼ਿਲ੍ਹਾ ਤਰਨਤਾਰਨ ਦਾ ਇੱਕ ਪਿੰਡ ਹੈ। ਇੱਥੇ ਪੂਰਬ ਵੱਲ ਅਬਾਦੀ ਦੇ ਪਾਸ ਇੱਕ ਟੋਭੇ ਦੇ ਕਿਨਾਰੇ ਗੁਰੂ ਅੰਗਦ ਸਾਹਿਬ ਦਾ ਅਸਥਾਨ ਹੈ। ਖੀਓ (ਖੀਵਾ) ਭੱਲਾ ਬਾਰੇ ਵਧੇਰੇ ਜਾਣਕਾਰੀ ਉਪਲਬਧ ਨਹੀਂ ਹੈ।

✡✡✡

14. ਗੁਰੂ ਅੰਗਦ ਸਾਹਿਬ ਦਾ ਸ੍ਰੀ ਅਮਰਦਾਸ ਜੀ ਨੂੰ ਲੈਣ ਆਉਣਾ ਅਤੇ ਸ਼ੀਹਾਂ ਉੱਪਲ ਨੂੰ ਉਪਦੇਸ਼

ਅਧਿਆਇ ਪੱਚੀਵਾਂ ਤੇ ਛੱਬੀਵਾਂ

ਮੂਲ ਪਾਠ - ਅਧਿਆਇ 25

ਭਈ ਅਚਾਨਕ ਗੁਰ ਕੇ ਆਗੇ। ਦੇਖਤਿ ਅਮਰਦਾਸ ਵਡਭਾਗੇ।
ਬਢੀ ਚਿੰਤ ਚਿਤ ਦਾਰੁਨ[7] ਭਾਰੀ। ਮਹਾਂ ਅਵੱਗਯਾ[8] ਗੁਰ ਕੀ ਧਾਰੀ ॥੨੯॥

ਭਾਵ: (ਸ੍ਰੀ ਅਮਰਦਾਸ ਜੀ ਦੀ ਉਹ) ਬਾਂਹ ਅਚਾਨਕ ਹੀ ਗੁਰੂ ਜੀ ਤੋਂ ਅੱਗੇ ਹੋ ਗਈ। ਵੱਡੇ ਭਾਗਾਂ ਵਾਲੇ ਅਮਰਦਾਸ ਜੀ ਨੇ ਦੇਖ ਲਈ। ਹਿਰਦੇ ਵਿੱਚ ਬਹੁਤ ਵੱਡੀ[7] ਚਿੰਤਾ ਹੋ ਗਈ ਕਿ ਇਸ ਨੇ ਗੁਰੂ ਜੀ ਤੋਂ (ਅੱਗੇ ਨਿੱਕਲ ਕੇ) ਵੱਡਾ ਗੁਨਾਹ[8] ਕੀਤਾ ਹੈ।

ਬਾਮ ਬਾਂਹ ਭੀ ਡੋਲ ਅਗਾਰੇ। ਸਤਿਗੁਰ ਇਸ ਨੇ ਕੀਨ ਪਿਛਾਰੇ।
ਲਖ ਅਪਰਾਧ ਸੁ ਭੁਜਾ ਬਿਸਾਰੀ। ਤੂਰਨ ਸੁਕਚਾਵਨ[9] ਕੋ ਧਾਰੀ ॥੩੦॥

ਭਾਵ: ਖੱਬੀ ਬਾਂਹ ਲਟਕਦੀ ਹੋਈ ਅੱਗੇ ਹੋ ਗਈ ਹੈ ਤੇ ਇਸ ਨੇ ਗੁਰੂ ਜੀ ਨੂੰ ਪਿਛਾਂਹ ਛੱਡ ਦਿੱਤਾ ਹੈ। ਉਸ ਬਾਂਹ ਦਾ ਅਪਰਾਧ ਜਾਣ ਕੇ (ਉਸ ਨੂੰ) ਭੁਲਾ ਦਿੱਤਾ ਅਤੇ ਤੁਰੰਤ ਸੰਕੋਚ[9] ਧਾਰਨ ਕਰ ਲਿਆ।

ਛਾਤੀ ਸੰਗ ਲਾਇ ਸੋ ਲੀਨਸਿ। ਤਿਸ ਛਿਨ ਨੇਮ[10] ਏਵ ਕਰਿ ਲੀਨਸਿ।
ਅਬ ਇਸ ਕੋ ਅਪਨੀ ਨਹਿਂ ਜਾਨੋ। ਕੀਨੋ ਗੁਰ ਅਪਰਾਧ ਪਛਾਨੋ ॥੩੧॥

ਭਾਵ: ਉਸ (ਬਾਂਹ) ਨੂੰ ਛਾਤੀ ਨਾਲ ਲਾਇਆ। ਉਸੇ ਪਲ ਇਉਂ ਪ੍ਰਣ[10] ਕਰ ਲਿਆ ਕਿ ਮੈਂ ਹੁਣ ਇਸ ਨੂੰ ਆਪਣਾ ਨਹੀਂ ਮੰਨਣਾ। ਗੁਰੂ ਜੀ ਨਾਲ ਕੀਤਾ ਅਪਰਾਧ ਨਹੀਂ ਵਿਸਾਰਨਾ।

ਕਾਰਜ ਇਸ ਕੇ ਸਾਥ ਨ ਕਰੌਂ। ਨਹਿ ਮਮਤਾ[11] ਕੋ ਮਨ ਮਹਿਂ ਧਰੌਂ।
ਜਬ ਲਗ ਮਹਿ[12] ਮਹਿਂ ਤਨ ਕੌ ਧਾਰੌਂ। ਤਿਸ ਕੇ ਸੰਗ ਨ ਕਛੂ ਸੁਧਾਰੌਂ ॥ ੩੨ ॥

ਭਾਵ: ਮੈਂ ਇਸ ਦੇ ਨਾਲ ਕੋਈ ਕੰਮ ਨਹੀਂ ਕਰਨਾ। ਹੁਣ ਮਨ ਵਿੱਚ ਇਸ ਦੀ ਅਪਣੱਤ[11] ਬਾਰੇ ਨਹੀਂ ਧਾਰਨਾ ਕਿ ਇਹ ਮੇਰੀ ਹੈ। ਜਦੋਂ ਤੱਕ ਮੇਰਾ ਸਰੀਰ ਇਸ ਧਰਤੀ[12] ਵਿੱਚ ਕਾਇਮ ਰਹੇਗਾ, ਇਸ ਦੇ ਨਾਲ ਕੁੱਝ ਨਹੀਂ ਸੁਧਾਰਨਾ।

ਛਾਤੀ ਸਾਥ ਲਾਇ ਸੋ ਹਾਥ। ਚਲੇ ਜਾਤਿ ਸੰਗ ਸ੍ਰੀ ਗੁਰ ਨਾਥ।
ਏਕ ਹਾਥ ਦਾਹਨ ਤੇ ਤਬਹੂੰ। ਕ੍ਰਿਯਾ ਸੁਧਾਰਤਿ ਤੇ ਤਨ ਸਬਿਹੂੰ ॥ ੩੩ ॥

ਭਾਵ: ਉਨ੍ਹਾਂ ਨੇ ਆਪਣਾ ਉਹ ਹੱਥ ਛਾਤੀ ਨਾਲ ਲਾ ਲਿਆ ਤੇ ਮਾਲਿਕ ਗੁਰੂ ਜੀ ਦੇ ਨਾਲ-ਨਾਲ (ਸ੍ਰੀ ਅਮਰਦਾਸ ਜੀ) ਚਲੇ ਜਾ ਰਹੇ ਸਨ। ਉਦੋਂ ਤੋਂ ਇੱਕੋ, ਸੱਜੇ-ਹੱਥ ਨਾਲ (ਆਪਣੇ) ਸਰੀਰ ਦੇ ਸਾਰੇ ਕਰਮ (ਕਿਰਿਆ) ਕਰਨ ਲੱਗੇ।

ਟਿੱਪਣੀ

ਸਾਖੀ ਦੇ ਪ੍ਰਸੰਗ ਦਾ ਇਹ (ਉਪਰੋਕਤ) ਭਾਗ ਬਿੱਪਰਵਾਦੀ 'ਹਠ-ਜੋਗ' ਦਾ ਅੰਸ਼ ਤਾਂ ਹੋ ਸਕਦਾ ਹੈ, ਆਲਮਗੀਰੀ ਗੁਰਮਤਿ ਫ਼ਲਸਫ਼ੇ ਦਾ ਹਰਗਿਜ਼ ਨਹੀਂ, ਕਿਉਂਕਿ, ਗੁਰਮਤਿ ਫ਼ਲਸਫ਼ਾ 'ਸਹਿਜ-ਜੋਗ' ਦਾ ਮਾਰਗ ਹੈ ਅਤੇ ਮਾਲਿਕ-ਪ੍ਰਭੂ ਦੇ ਬਖਸ਼ਿਸ਼ ਕੀਤੇ ਸਰੀਰ ਦੇ ਕਿਸੇ ਅੰਗ ਨੂੰ ਵੀ, ਹਠ-ਯੋਗ ਦੀ ਤਰਜ਼ 'ਤੇ, ਕਸ਼ਟ ਦੇਣ ਦੀ ਪਰਵਾਨਗੀ ਨਹੀਂ ਦਿੰਦਾ।

ਸਾਖੀ ਦਾ ਸਾਰ-ਅਧਿਆਇ 25

ਭਾਈ ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਦੀ ਆਗਿਆ ਮੰਨ ਕੇ, ਵਾਪਸ ਗੋਇੰਦਵਾਲ ਆ ਗਏ ਸਨ, ਪਰ, ਉਨ੍ਹਾਂ ਨੂੰ ਗੁਰੂ ਜੀ ਦੇ ਦਰਸ਼ਨਾਂ ਤੋਂ ਬਿਨਾਂ ਸ਼ਾਂਤੀ ਨਹੀਂ ਸੀ ਮਿਲ ਰਹੀ। ਉਨ੍ਹਾਂ ਨੂੰ ਤੜਫਦਿਆਂ ਹੋਇਆਂ ਰਾਤ ਨੂੰ ਨੀਂਦ ਵੀ ਨਹੀਂ ਸੀ ਆਉਂਦੀ। ਭੋਜਨ ਛਕਣ ਦੀ ਰੁਚੀ ਵੀ ਨਹੀਂ ਸੀ। ਲੋਕਾਂ ਵੱਲੋਂ ਉਨ੍ਹਾਂ ਦਾ ਮਨ ਉਪਰਾਮ ਹੋ ਗਿਆ। ਗੁਰੂ ਅੰਗਦ ਸਾਹਿਬ ਜੀ ਅੰਤਰਜਾਮੀ ਸਨ, ਉਨ੍ਹਾਂ ਨੇ ਆਪਣੇ ਸੇਵਕ ਦੇ ਹਿਰਦੇ ਅੰਦਰ ਮਿਲਣ ਦੀ ਪਿਆਸ ਵਧੀ ਵੇਖੀ, ਜਿਸ ਕਾਰਨ ਚੈਨ ਨਹੀਂ ਸੀ ਆ ਰਿਹਾ। ਉਹ ਸੇਵਕ ਦਾ ਪ੍ਰੇਮ ਦੇਖ ਕੇ, ਆਪਣੇ ਦਿੱਤੇ ਹੋਏ ਬਚਨ ਦੀ ਪਾਲਣਾ ਕਰਨ ਹਿੱਤ, ਬਹੁਤ ਦਇਆਵਾਨ ਹੋ ਕੇ ਚੱਲ ਪਏ। ਗੋਇੰਦਵਾਲ ਪਹੁੰਚ ਗਏ ਤਾਂ ਸੇਵਕ ਅਮਰਦਾਸ ਜੀ ਹਿਰਦੇ ਵਿੱਚ ਪ੍ਰਸੰਨ ਹੋ ਕੇ ਸ਼ਾਂਤੀ ਪ੍ਰਾਪਤ ਕਰ ਰਹੇ ਸਨ। ਗੁਰੂ ਅੰਗਦ ਸਾਹਿਬ ਜੀ ਨੇ ਆਖਿਆ, "ਤੁਸੀਂ ਮੇਰੇ ਹੀ ਰੂਪ ਹੋ। ਇਸ ਵਿੱਚ ਕੋਈ ਫਰਕ ਨਾ ਜਾਣੋ। ਤੁਸੀਂ ਹਮੇਸ਼ਾਂ ਮੇਰੇ ਹਿਰਦੇ ਵਿੱਚ ਵਸਦੇ ਹੋ। ਤੁਸਾਂ ਨਾਲ ਹਮੇਸ਼ਾਂ ਹੀ ਮੇਰੀ ਬਹੁਤ ਪ੍ਰੀਤ ਹੈ। ਤੁਸੀਂ ਹਮੇਸ਼ਾਂ ਹੀ ਪਾਰਬ੍ਰਹਮ ਬਾਰੇ ਵਿਚਾਰ ਕਰੋ। ਹੋਰ ਸਾਰੇ ਭਿੰਨ-ਭੇਦ ਹਿਰਦੇ ਵਿੱਚੋਂ ਕੱਢ ਦਿਉ"। ਫਿਰ ਗੁਰੂ ਅੰਗਦ ਸਾਹਿਬ ਜੀ ਉਨ੍ਹਾਂ ਨੂੰ ਵਾਪਸ ਲੈ ਕੇ ਖਡੂਰ ਸਾਹਿਬ ਨੂੰ ਤੁਰ ਪਏ।

ਉਨ੍ਹਾਂ ਨੇ ਭਾਈ ਅਮਰਦਾਸ ਜੀ ਨੂੰ ਉਪਦੇਸ਼ ਦਿੱਤਾ ਕਿ ਪ੍ਰਭੂ ਵੱਲ ਧਿਆਨ ਲਾਉ। ਸਰੀਰ ਨਾਸ਼ਵਾਨ ਹੈ, ਇਸ ਨਾਲ ਪਰੀਤ ਨਹੀਂ ਕਰਨੀ।

ਗੋਇੰਦਵਾਲ ਵਾਪਸੀ 'ਤੇ ਭਾਈ ਅਮਰਦਾਸ ਜੀ ਦੇ ਹਿਰਦੇ ਵਿੱਚ ਅਖੰਡ-ਪ੍ਰੇਮ ਦੀ ਨਿਰੰਤਰ ਧਾਰਾ ਦਾ ਵਹਾਉ ਸੀ। ਉਹ ਗੁਰੂ ਜੀ ਦੇ ਸਰੂਪ ਬਾਰੇ ਸੋਚਦੇ। ਹੋਰ ਕਿਸੇ ਨੂੰ ਦੇਖਣਾ-ਸੁਣਨਾ ਉਨ੍ਹਾਂ ਦੇ ਮਨ ਨੂੰ ਨਹੀਂ ਸੀ ਭਾਉਂਦਾ। ਉਹ ਜਦੋਂ ਵੀ ਗੁਰੂ ਜੀ ਨੂੰ ਯਾਦ

ਕਰਦੇ, ਤਾਂ ਉਨ੍ਹਾਂ ਦੇ ਦਰਸ਼ਨ ਆਪਣੇ ਹਿਰਦੇ ਅੰਦਰੋਂ ਹੀ ਕਰ ਲੈਂਦੇ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਭਗਤਿ (ਭਗਤੀ) ਦੇ ਅਰਥ 'ਮਹਾਨ ਕੋਸ਼' ਮੁਤਾਬਕ ਸੇਵਾ, ਉਪਾਸ਼ਨਾ ਅਤੇ ਸ਼ਰਧਾ ਦੱਸੇ ਗਏ। ਹਨ। ਭਗਤੀ ਸਬੰਧੀ ਭਾਵੇਂ ਵੈਸ਼ਨਵ-ਮੱਤ ਦੇ ਅਚਾਰੀਆਂ ਨੇ ਗਹਿਰਾਈ ਵਿੱਚ ਜਾ ਕੇ ਇਸ ਦੇ ਅਨੇਕ ਪੱਖਾਂ ਨੂੰ ਉਘਾੜਿਆ ਹੈ, ਪਰ, ਸਥੂਲ ਰੂਪ ਵਿੱਚ ਦੋ ਹੀ ਭੇਦ ਸਾਹਮਣੇ ਆਉਂਦੇ ਹਨ, ਇੱਕ 'ਪਰਾ' ਜਾਂ 'ਮੁੱਖ' ਭਗਤੀ ਅਤੇ ਦੂਜੀ 'ਗੌਣ' ਭਗਤੀ। ਪ੍ਰੇਮ ਇਨ੍ਹਾਂ ਦਾ ਮੂਲ-ਤੱਤ ਹੈ। ਮੱਧ-ਜੁੱਗ ਦੇ ਸੰਤਾਂ-ਭਗਤਾਂ ਨੇ ਪੰਜਾਬ ਵਿੱਚ 'ਪ੍ਰੇਮਾ-ਭਗਤੀ' ਦਾ ਹੀ ਪ੍ਰਚਾਰ ਕੀਤਾ।

   ਗੁਰੂ ਗ੍ਰੰਥ ਸਾਹਿਬ ਵਿੱਚ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦੀ ਬਾਣੀ ਦਾ ਅਧਿਐਨ ਕਰਨ 'ਤੇ ਉਸ ਵਿਚਲੀ ਭਗਤੀ ਦਾ ਜੋ ਸਰੂਪ ਉਘੜਦਾ ਹੈ, ਉਸ ਨੂੰ 'ਪ੍ਰੇਮਾ-ਭਗਤੀ' ਜਾਂ 'ਭਾਉ-ਭਗਤੀ' ਕਿਹਾ ਜਾਂਦਾ ਹੈ। ਉਹ ਪਰੰਪਰਾ ਨਾਲ ਆਪਣਾ ਸਬੰਧ ਜੋੜਦੀ ਹੋਈ ਵੀ ਸੁਤੰਤਰ ਹੈ। ਉਸ ਦੀਆਂ ਆਪਣੀਆਂ ਹੀ ਸੀਮਾਵਾਂ ਅਤੇ ਵਿਸ਼ੇਸ਼ਤਾਵਾਂ ਹਨ। ਗੁਰਮਤਿ-ਕਾਵਿ ਵਿੱਚ ਚਿਤਰੀ ਹੋਈ ਪ੍ਰੇਮਾ-ਭਗਤੀ ਦੇ ਅਨੇਕ ਪ੍ਰੇਰਕ ਸਾਧਨ ਵੀ ਪਤਾ ਚਲਦੇ ਹਨ, ਜਿਵੇਂ ਗੁਰੂ, ਗੁਰੂ ਦੀ ਕਿਰਪਾ, ਜਗਤ ਦੀ ਨਾਸ਼ਮਾਨਤਾ, ਕੀਰਤਨ, ਸਤਿਸੰਗਤ, ਜਸ, ਨਾਮ ਸਿਮਰਨ ਆਦਿ। ਹੁਕਮ-ਰਜਾਈ ਚੱਲਣਾ, ਹੰਕਾਰ ਨੂੰ ਤਿਆਗਣਾ, ਦੀਨਤਾ, ਆਤਮ-ਸਮਰਪਣ ਦੀ ਭਾਵਨਾ ਆਦਿ ਇਸ ਵਿੱਚ ਸਦਾਚਾਰਕ ਗੁਣ ਵੀ ਹਨ।

ਮੂਲ ਪਾਠ - ਅਧਿਆਇ 26

ਇਕ ਸੌ ਛਾਂਗਾ[2] ਸੰਗ ਤਹਿਂ ਅਹੇ। ਤਿਨ ਕਹੁ ਦੇਖ ਗੁਰੂ ਬਚ ਕਹੇ।
ਭੋ ਸ਼ੀਹਾਂ ਇਹੁ ਕਿਤ[3] ਤੇ ਲਯਾਇ। ਕਿਉਂ ਕੀਨਸਿ ਇਨ ਕੋ ਸਮੁਦਾਇ ॥੩॥

ਭਾਵ: ਉਸ ਦੇ ਨਾਲ ਇੱਕ ਸੌ ਬੱਕਰੇ[2] ਸਨ। ਉਨ੍ਹਾਂ ਨੂੰ ਦੇਖ ਕੇ ਗੁਰੂ ਜੀ ਨੇ ਪੁੱਛਿਆ, "ਹੇ ਸ਼ੀਹੇਂ! ਇਹ ਕਿੱਥੋਂ[3] ਲਿਆਇਆ ਹੈਂ? ਇਹ ਕਿਉਂ ਇਕੱਠੇ ਕੀਤੇ ਹਨ?"

ਸੁਨਿ ਕਰ ਜੋਰੇ ਕਹਯੋ ਬ੍ਰਿਤੰਤ। 'ਹੇ ਸ੍ਰੀ ਸਤਿਗੁਰ ਜੀ ਭਗਵੰਤ।
ਮੋਹਿ ਪੁਤ੍ਰ ਕੋ ਮੂੰਡਨ[4] ਅਹੈ। ਬਡ ਉਤਸ਼ਾਹ ਕਰਯੋ ਹਮ ਚਹੈਂ ॥੪॥

ਭਾਵ: ਇਹ ਸੁਣ ਕੇ (ਸ਼ੀਹੇਂ ਨੇ) ਹੱਥ ਜੋੜ ਕੇ ਸਾਰਾ ਹਾਲ ਸੁਣਾਇਆ, "ਹੇ ਪ੍ਰਭੂ (ਰੂਪ) ਗੁਰੂ ਜੀਓ। ਮੇਰੇ ਪੁੱਤਰ ਦੇ ਸਿਰ-ਮੁੰਨਣ[4] (ਮੁੰਡਨ) ਦੀ ਰਸਮ ਹੈ, ਅਸੀਂ ਵੱਡੇ ਉਤਸ਼ਾਹ ਨਾਲ (ਮਨਾਉਣੀ) ਚਾਹੁੰਦੇ ਹਾਂ।"

ਹਮਰੀ ਕੁਲ ਸਭਿ ਇਕਠੀ ਹੋਇ। ਬਡੇ[5] ਹਮਾਰਨਿ ਕੀ ਬਿਧਿ ਸੋਇ।
ਇਸ ਬਿਧਿ ਕਰਨ ਅਹੇ ਬਿਵਹਾਰ। ਆਵਹਿਂ ਆਮਿਖ ਕਰਹਿਂ ਅਹਾਰ ॥੫॥

ਭਾਵ: ਸਾਡੀ ਸਾਰੀ ਬਰਾਦਰੀ ਦਾ ਇਕੱਠ ਹੋਣਾ ਹੈ। ਸਾਡੇ ਵੱਡੇ-ਵਡੇਰਿਆਂ[5]

(ਜਠੇਰਿਆਂ) ਦੀ ਇਹੋ ਰੀਤ ਰਹੀ ਹੈ। ਇਸੇ ਢੰਗ ਨਾਲ ਉਨ੍ਹਾਂ ਦਾ ਵਿਹਾਰ ਰਿਹਾ ਹੈ। (ਸਾਡੇ ਸਾਕ-ਮਿੱਤਰ) ਆਉਣਗੇ ਅਤੇ ਮਾਸਾਹਾਰੀ ਭੋਜਨ ਕਰਨਗੇ।

ਹਮਰੇ ਦ੍ਵਾਰੇ[7] ਮੁੰਡਨ ਕਰੋ। ਉਰ ਕੌ ਭਰਮ ਸਰਬ ਪਰਹਰੋ।
ਬਿਘਨ ਜਠੇਰਨਿ[8] ਕੋ ਨਹਿਂ ਹੋਇ। ਸਿਮਰਹੁ ਸੱਤਿਨਾਮ ਦੁਖ ਖੋਇ॥੧੫॥

ਭਾਵ: "ਸਾਡੇ ਸਥਾਨ[7] 'ਤੇ ਮੁੰਡਨ ਕਰੋ ਤੇ ਹਿਰਦੇ ਵਿੱਚੋਂ ਸਾਰੇ ਭਰਮ ਦੂਰ ਕਰ ਦਿਓ। ਵੱਡੇ-ਵੱਡੇਰਿਆਂ[8] (ਜਠੇਰਿਆਂ) ਨੂੰ ਵੀ ਕੋਈ ਰੁਕਾਵਟ ਨਹੀਂ ਪਵੇਗੀ। ਸਤਿਨਾਮ ਦਾ ਸਿਮਰਨ ਕਰ ਕੇ ਸਾਰੇ ਕਸ਼ਟ ਦੂਰ ਕਰ ਲਵੋ।

ਅਪਨੇ ਬੰਧੂ[1] ਤਹਾਂ ਹਕਾਰੇ। ਬਹੁਰ ਪੁੱਤ੍ਰ ਕੋ ਸ੍ਰੀ ਗੁਰ ਦੁਆਰੇ[2]।
ਮੁੰਡਨ ਰੀਤਿ ਬੰਸ ਕੀ ਜੈਸੇ। ਭਲੀ ਭਾਂਤਿ ਕਰਵਾਇਵ ਤੈਸੇ॥੧੯॥

ਭਾਵ: ਆਪਣੇ ਸਾਰੇ ਰਿਸ਼ਤੇਦਾਰ[1] ਉੱਥੇ ਬੁਲਾ ਲਏ। ਫੇਰ ਆਪਣੇ ਪੁੱਤਰ ਨੂੰ ਵੀ ਗੁਰੂ ਜੀ ਦੇ ਸਥਾਨ[2] 'ਤੇ ਲੈ ਆਂਦਾ। ਮੁੰਡਨ ਦੀ ਜੋ ਵੀ ਕੁਲ-ਰੀਤੀ ਸੀ, ਉਹ ਚੰਗੀ ਤਰ੍ਹਾਂ ਕਰਵਾ ਦਿੱਤੀ।

ਪਹਿਤ ਭਾਤ[3] ਕੋ ਦੀਨ ਅਹਾਰਾ। ਰੁਚਿ ਕਰਿ ਖਾਇਂ ਸਰਬ ਪਰਵਾਰਾ।
ਸਿੱਖ ਸੰਗਤਿ ਸਭਿਹੂੰਨ ਅਚਾਵਾ। ਬਿਘਨ ਕਛੂ ਨਹਿਂ ਹੋਵਨਿ ਪਾਵਾ॥੨੦॥

ਭਾਵ : ਸਭ ਨੂੰ ਦਾਲ-ਚਾਵਲ[3] ਦਾ ਭੋਜਨ ਕਰਵਾ ਦਿੱਤਾ। ਸਾਰੇ ਪਰਵਾਰ ਨੇ ਸੁਆਦ ਨਾਲ ਭੋਜਨ ਛਕਿਆ। ਸਾਰੀ ਸਿੱਖ ਸੰਗਤ ਨੂੰ ਵੀ ਭੋਜਨ ਕਰਵਾਇਆ ਗਿਆ। ਕਿਸੇ ਪ੍ਰਕਾਰ ਦੀ ਕੋਈ ਰੁਕਾਵਟ ਨਹੀਂ ਪਈ।

ਭਯੋ ਸਿੱਖ ਤਿਸ ਦਿਨ ਤੇ ਗੁਰ ਕੋ। ਸੇਵਹਿਂ ਚਰਨ ਭਾਉ ਕਰਿ ਉਰ ਕੋ।
ਦ੍ਰਿੜ ਪ੍ਰਤੀਤ ਕੀਨਸਿ ਗੁਰ ਓਰੀ। ਅਪਰ ਸਭਿਨਿ ਕੀ ਮਨਤਾ[6] ਛੋਰੀ॥੨੨॥

ਭਾਵ: ਉਸ ਦਿਨ ਤੋਂ ਹੀ ਉਹ (ਸ਼ੀਹਾਂ ਉੱਪਲ) ਗੁਰੂ ਜੀ ਦਾ ਸਿੱਖ ਬਣ ਗਿਆ। ਹਿਰਦੇ ਵਿੱਚ ਪ੍ਰੇਮ ਰੱਖ ਕੇ ਉਹ (ਗੁਰੂ ਜੀ ਦੇ) ਚਰਨ-ਕਮਲ ਪੂਜਣ ਲੱਗਾ। ਗੁਰੂ ਜੀ ਵਿੱਚ ਦ੍ਰਿੜ ਵਿਸ਼ਵਾਸ ਕਰਨ ਲੱਗਾ ਤੇ ਹੋਰ ਸਾਰਿਆਂ ਦੀ ਮਾਨਤਾ[6] ਤਿਆਗ ਦਿੱਤੀ।

ਟਿੱਪਣੀ

ਗੁਰੂ ਸਾਹਿਬ ਦੇ ਅਸਥਾਨ 'ਤੇ ਮੁੰਡਨ ਦੀ ਰਸਮ ਦਾ ਹੋਣਾ ਬਿਲਕੁਲ ਗ਼ਲਤ ਹੈ। ਅਜਿਹਾ ਲਿਖਣਾ ਗੁਰਮਤਿ ਸਿਧਾਂਤਾਂ ਦਾ ਘਾਣ ਕਰਨ ਦੇ ਤੁੱਲ ਹੈ। ਜਾਪਦਾ ਹੈ ਕਿ ਇਹ ਸ਼ਰਾਰਤ ਵੀ ਭਾਈ ਸੰਤੋਖ ਸਿੰਘ ਜੀ ਦੇ ਨਾਲ ਲਗਾਏ ਗਏ ਪੰਡਿਤਾਂ ਨੇ ਕੀਤੀ ਹੈ ਤਾਕਿ ਸਿੱਖਾਂ ਵਿੱਚ ਮੁੰਡਨ ਦੀ ਗ਼ੈਰ-ਕੁਦਰਤੀ ਬਿੱਪਰਵਾਦੀ ਰਸਮ ਦਾ ਪਰਚਾਰ ਕਰ ਕੇ ਗੁਰਮਤਿ

ਸਿਧਾਂਤਾਂ ਦਾ ਭਗਵਾਂਕਰਨ ਕੀਤਾ ਜਾ ਸਕੇ ਅਤੇ ਹੌਲੀ-ਹੌਲੀ ਸਿੱਖ ਕੌਮ ਨੂੰ ਬ੍ਰਾਹਮਣਵਾਦ ਦੇ ਡੂੰਘੇ ਤੇ ਖਾਰੇ ਸਮੁੰਦਰ ਵਿੱਚ ਜਜ਼ਬ ਕੀਤਾ ਜਾ ਸਕੇ।

ਸਾਖੀ ਦਾ ਸਾਰ-ਅਧਿਆਇ 26

ਇੱਕ ਦਿਨ ਗੁਰੂ ਅੰਗਦ ਸਾਹਿਬ ਜੀ ਜਦੋਂ ਗੋਇੰਦਵਾਲ ਤੋਂ ਵਾਪਸ ਆ ਰਹੇ ਸਨ ਤਾਂ ਰਸਤੇ ਵਿੱਚ ਉਨ੍ਹਾਂ ਨੂੰ ਸ਼ੀਹਾਂ ਉੱਪਲ ਮਿਲਿਆ, ਜਿਸ ਦੇ ਨਾਲ ਸੌ ਬੱਕਰੇ ਸਨ। ਇਹ ਬੱਕਰੇ ਉਹ ਆਪਣੇ ਪੁੱਤਰ ਦੇ ਮੁੰਡਨ-ਸੰਸਕਾਰ ਨੂੰ ਮਨਾਉਂਣ ਲਈ ਵੱਢਣ ਵਾਸਤੇ ਲਿਆਇਆ ਸੀ, ਜਿਨ੍ਹਾਂ ਦਾ ਮਾਸ ਸਾਰੀ ਬਰਾਦਰੀ ਨੂੰ ਖੁਆਇਆ ਜਾਣਾ ਸੀ। ਗੁਰੂ ਜੀ ਨੇ ਸ਼ੀਹੇਂ ਨੂੰ ਕਿਹਾ ਕਿ ਉਹ ਕਿਉਂ ਇਨੇ ਸਾਰੇ ਜੀਵਾਂ ਦੀ ਹੱਤਿਆ ਕਰ ਕੇ ਸਿਰ 'ਤੇ ਪਾਪ ਚੜ੍ਹਾ ਰਿਹਾ ਹੈ। ਜਦ ਜਮਦੂਤ ਉਸ ਨੂੰ ਕੀਤੇ ਦੀ ਸਜ਼ਾ ਦੇਣਗੇ ਤਾਂ ਕਿਸੇ ਨੇ ਉਸ ਦਾ ਉੱਥੇ ਮਦਦਗਾਰ ਨਹੀਂ ਬਣਨਾ। ਸ਼ੀਹੇਂ ਉੱਪਲ ਨੇ ਇਹ ਸੁਣ ਕੇ ਡਰ ਮੰਨਿਆ ਅਤੇ ਕਹਿਣ ਲੱਗਾ ਕਿ ਜਿਵੇਂ ਗੁਰੂ ਜੀ ਦੀ ਆਗਿਆ ਹੋਵੇਗੀ, ਉਹ ਉਸੇ ਤਰ੍ਹਾਂ ਕਰੇਗਾ। ਉਸ ਨੂੰ ਸਿਰਫ਼ ਇਹ ਗੱਲ ਦੱਸੋ, ਜਿਸ ਨਾਲ ਜੀਵ-ਹੱਤਿਆ ਵੀ ਨਾ ਹੋਵੇ ਅਤੇ ਉਸ ਦੀ ਇੱਛਾ ਵੀ ਪੂਰੀ ਹੋ ਜਾਵੇ। ਉਸ ਨੂੰ ਇਸ ਕਾਰਜ ਕਰ ਕੇ ਨਰਕ ਵੀ ਨਾ ਭੋਗਣਾ ਪਵੇ ਤੇ ਜਠੇਰਿਆਂ ਨੂੰ ਵੀ ਕੋਈ ਦੁੱਖ ਨਾ ਪਹੁੰਚੇ। ਇਹ ਗੁਰੂ ਜੀ ਦੀ ਆਗਿਆ ਨਾਲ ਸਾਰਾ ਤਿਆਰ ਕੀਤਾ ਸਮਾਨ ਲੈ ਕੇ ਗੁਰੂ ਜੀ ਦੇ ਦੁਆਰੇ ਪਹੁੰਚ ਗਿਆ। ਸਾਰੇ ਬੱਕਰੇ ਛੱਡ ਦਿੱਤੇ। ਸਾਰੇ ਰਿਸ਼ਤੇਦਾਰਾਂ ਅਤੇ ਪੁੱਤਰ ਨੂੰ ਉੱਥੇ ਲੈ ਆਇਆ ਤੇ ਫਿਰ ਸ਼ੀਹਾਂ ਉੱਪਲ ਗੁਰੂ ਜੀ ਦਾ ਸਿੱਖ ਬਣ ਗਿਆ।

ਕੁੱਝ ਸਮੇਂ ਬਾਅਦ ਬਸੰਤ ਰੁੱਤ ਆ ਗਈ ਤਾਂ ਗੁਰੂ ਅੰਗਦ ਸਾਹਿਬ ਜੀ ਨੇ ਆਪਣਾ ਸਰੀਰ ਤਿਆਗਣ ਦਾ ਵਿਚਾਰ ਬਣਾ ਲਿਆ। ਇਸ ਤਰ੍ਹਾਂ ਸੁਣ ਕੇ ਸਿੱਖ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੇ।

ਗੁਰੂ ਅੰਗਦ ਸਾਹਿਬ ਜੀ ਨੇ ਇੱਕ ਸਿੱਖ ਨੂੰ ਭੇਜ ਕੇ ਸ੍ਰੀ ਅਮਰਦਾਸ ਜੀ ਨੂੰ ਬੁਲਵਾ ਲਿਆ। ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂ ਕਿਰਨ ਲੱਗੇ ਤੇ ਉਹ ਗੁਰੂ ਜੀ ਦੇ ਚਰਨਾਂ 'ਤੇ ਲੇਟ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਉਹ ਉਨ੍ਹਾਂ ਦੇ ਰੂਪ ਵਿੱਚ ਪ੍ਰਗਟ ਹੋਣਗੇ। ਤੁਸੀਂ ਪ੍ਰਤੱਖ ਤੌਰ 'ਤੇ ਮੇਰਾ ਹੀ ਰੂਪ ਹੋਵੋਗੇ।

ਫੇਰ ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਪਾਣੀ ਦੀ ਗਾਗਰ ਭਰ ਕੇ ਲੈ ਆਵੋ ਤੇ ਸ੍ਰੀ ਅਮਰਦਾਸ ਜੀ ਨੂੰ ਇਸ਼ਨਾਨ ਕਰਵਾ ਦੇਵੋ। ਪੁੱਤਰਾਂ ਨੂੰ ਬੁਲਾ ਕੇ ਸਸਕਾਰ ਲਈ ਸਮੱਗਰੀ ਇਕੱਠੀ ਕਰਨ ਨੂੰ ਕਿਹਾ। ਫੇਰ ਉਨ੍ਹਾਂ ਨੇ ਪੰਜ ਪੈਸੇ, ਨਾਰੀਅਲ, ਚੰਦਨ ਤੇ ਕੇਸਰ ਮੰਗਵਾਇਆ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁੱਟਨੋਟ

1. ਸ਼ੀਹਾਂ ਉੱਪਲ ਨੂੰ ਭਾਈ ਗੁਰਦਾਸ ਜੀ ਨੇ ਪਉੜੀ 14, ਵਾਰ 11ਵੀਂ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਸਿੱਖਾਂ ਦੀ ਗਿਣਤੀ ਵਿੱਚ ਸ਼ਾਮਲ ਕੀਤਾ ਹੈ

ਸੀਹਾਂ ਉਪਲੁ ਜਾਣੀਐ, ਗਜਣ ਉੱਪਲੁ ਸਤਿਗੁਰ ਭਾਵੈ।

ਭਾਈ ਸੰਤੋਖ ਸਿੰਘ ਨੇ ਇਸ ਸਿੱਖ ਬਾਰੇ ਸਾਖੀ ਗੁਰੂ ਅੰਗਦ ਸਾਹਿਬ ਜੀ ਦੇ ਵੇਲੇ ਦੀ ਦਿੱਤੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਮੁਤਾਬਕ ਸ਼ੀਹਾਂ ਗੁਰੂ ਨਾਨਕ ਸਾਹਿਬ ਜੀ ਦਾ ਗੁਰਮੁੱਖ ਸਿੱਖ ਸੀ, ਜਿਸ ਦਾ ਭਾਈ ਗੱਜਣ ਸੀ।

ਖਡੂਰ ਨਿਵਾਸੀ ਉੱਪਲ ਗੋਤ ਦਾ ਖੱਤਰੀ ਗੁਰੂ ਅੰਗਦ ਸਾਹਿਬ ਜੀ ਦਾ ਸਿੱਖ ਹੋਇਆ ਦੱਸਿਆ ਹੈ, ਜੋ ਗੁਰੂ ਅਮਰਦਾਸ ਜੀ ਦੀ ਸੇਵਾ ਵਿੱਚ ਵੀ ਹਾਜ਼ਰ ਰਿਹਾ (ਮਹਾਨ ਕੋਸ਼)।

2. ਭਾਈ ਸੰਤੋਖ ਸਿੰਘ ਨੇ ਸ਼ੀਹੇਂ ਉੱਪਲ ਦੁਆਰਾ ਗੁਰੂ ਅੰਗਦ ਸਾਹਿਬ ਦੇ ਦਰਬਾਰ ਵਿੱਚ ਜਾ ਕੇ ਆਪਣੇ ਲੜਕੇ ਦਾ ਮੁੰਡਨ ਕਰਨ ਬਾਰੇ ਸਾਖੀ ਵਿੱਚ ਵੇਰਵਾ ਦਿੱਤਾ ਹੈ। ਭਾਈ ਵੀਰ ਸਿੰਘ ਜੀ ਨੇ 'ਮਹਿਮਾ-ਪ੍ਰਕਾਸ਼' ਦਾ ਹਵਾਲਾ ਦੇ ਕੇ ਦੱਸਿਆ ਹੈ ਕਿ ਉੱਥੇ ਗੁਰਦਵਾਰੇ ਵਿੱਚ ਮੁੰਡਨ ਹੋਣਾ ਨਹੀਂ ਲਿਖਿਆ, ਸਗੋਂ ਸਿੱਖ ਬਣਨਾ ਲਿਖਿਆ ਹੈ, ਜੋ ਠੀਕ ਜਾਪਦਾ ਹੈ।

ਸਿੱਖਾਂ ਦੇ ਲਈ ਅਤੇ ਗੁਰਮਤਿ ਅਨੁਸਾਰ ਮੁੰਡਨ ਕਰਨਾ ਵਰਜਿਤ ਹੀ ਨਹੀਂ, ਸਗੋਂ ਕੇਸ਼ਾਂ ਦੀ ਬੇ-ਅਦਬੀ ਕਰਨਾ ਚਾਰ ਕੁਰਹਿਤਾਂ ਵਿੱਚ ਸ਼ਾਮਲ ਹੈ :

(1) ਕੇਸ਼ਾਂ ਦੀ ਬੇ-ਅਦਬੀ।

(2) ਤਮਾਕੂ ਵਰਤਣਾ।

(3) ਮੁਸਲੀ ਨਾਲ ਭੋਗ ਕਰਨਾ।

(4) ਕੁੱਠਾ ਖਾਣਾ।

(ਗੁਰਮਤ ਮਾਰਤੰਡ, ਭਾਗ ਦੂਜਾ)

ਰਹਿਤਨਾਮਾ ਭਾਈ ਚੋਪਾ ਸਿੰਘ ਅਨੁਸਾਰ, 'ਗੁਰੂ ਕਾ ਸਿੱਖ ਭੱਦਣ ਨਾ ਕਰਾਵੈ।'

(ਗੁਰਮਤ ਮਾਰਤੰਡ, ਭਾਗ ਪਹਿਲਾ)

✲✲✲

15. ਸ੍ਰੀ ਅਮਰਦਾਸ ਜੀ ਨੂੰ ਗੁਰਗੱਦੀ ਅਤੇ ਗੁਰੂ ਅੰਗਦ ਸਾਹਿਬ ਦਾ ਜੋਤੀ-ਜੋਤਿ ਸਮਾਉਂਣਾ

ਅਧਿਆਇ ਸਤਾਈਵਾਂ ਤੇ ਅਠਾਈਵਾਂ

ਸਾਖੀ ਦਾ ਸਾਰ-ਅਧਿਆਇ 27

ਭਾਈ ਅਮਰਦਾਸ ਜੀ ਨੇ ਇਸ਼ਨਾਨ ਕਰ ਲਿਆ। ਉਹ ਗੁਰੂ ਅੰਗਦ ਸਾਹਿਬ ਜੀ ਦੇ ਕੋਲ ਬੈਠ ਗਏ। ਗੁਰੂ ਜੀ ਨੇ ਭਾਈ ਅਮਰਦਾਸ ਜੀ ਨੂੰ ਨਵੇਂ ਕੱਪੜੇ ਪਹਿਨਾ ਦਿੱਤੇ ਅਤੇ ਆਪਣੇ ਹੱਥਾਂ ਨਾਲ ਮੱਥੇ ਉੱਤੇ ਤਿਲਕ ਲਗਾ ਦਿੱਤਾ। ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਭਗਤੀ, ਵੈਰਾਗ, ਜੋਗ ਤੇ ਤੱਤ-ਗਿਆਨ ਆਦਿ ਦੇ ਖ਼ਜ਼ਾਨੇ ਬਖ਼ਸ਼ ਦਿੱਤੇ। ਉਨ੍ਹਾਂ ਨੂੰ ਸੰਗਤ ਵਿੱਚ ਜਗਤ ਨੂੰ ਤਾਰਨ ਵਾਲੇ ਵਾਹਿਗੁਰੂ-ਮੰਤਰ ਦਾ ਜਾਪ ਜਪਾਉਂਣ ਵਾਸਤੇ ਕਿਹਾ। ਗੁਰੂ ਜੀ ਨੇ ਭਾਈ ਅਮਰਦਾਸ ਜੀ ਨੂੰ ਦੱਸਿਆ ਕਿ ਨੌਂ ਨਿੱਧੀਆਂ, ਅਠਾਰਾਂ ਸਿੱਧੀਆਂ, ਰਿੱਧੀਆਂ, ਲੱਛਮੀ, ਅਣਗਿਣਤ ਦੇਵਤੇ, ਗੰਧਰਬ, ਕਿੰਨਰ ਆਦਿ ਉਨ੍ਹਾਂ ਦੀ ਆਗਿਆ ਵਿੱਚ ਖੜ੍ਹੇ ਹਨ। 'ਵਿਦਿਆਧਰ' ਆਦਿ ਦੇਵਤੇ ਵੀ ਆਏ ਹੋਏ ਹਨ। ਤਿੰਨਾਂ ਲੋਕਾਂ ਦੇ ਮਹਾਨ ਮੁੱਖੀ ਉਨ੍ਹਾਂ ਕੋਲ ਹੱਥ ਜੋੜ ਕੇ ਖੜ੍ਹੇ ਹੋਏ ਹਨ। ਇਹ ਹਮੇਸ਼ਾ ਉਨ੍ਹਾਂ ਦੇ ਅਧੀਨ ਰਹਿਣਗੇ। ਇਹ ਉਨ੍ਹਾਂ ਨੂੰ ਨਮਸਕਾਰ ਕਰ ਰਹੇ ਹਨ। ਇਹ ਸਾਰੀਆਂ ਸ਼ਕਤੀਆਂ ਆਪਣੇ ਕੋਲ ਆਈਆਂ ਜਾਣ ਲੈਣ। ਉਨ੍ਹਾਂ ਨੂੰ ਸਾਰੇ ਜਗਤ ਦਾ ਗੁਰੂ ਥਾਪ ਦਿੱਤਾ ਹੈ। ਰਾਜ ਅਤੇ ਜੋਗ ਦਾ ਸਿੰਘਾਸਨ ਉਨ੍ਹਾਂ ਨੂੰ ਦੇ ਦਿੱਤਾ ਹੈ। ਉਹ ਸਾਰੇ ਪਾਸੇ ਸਤਿਨਾਮ ਦਾ ਉਪਦੇਸ਼ ਦੇਣ, ਜਿਸ ਨਾਲ ਸਿੱਖ ਸ੍ਰੇਸ਼ਟ-ਭਗਤ ਬਣ ਸਕਣ। ਲੋਕਾਂ ਦੇ ਹਿਰਦਿਆਂ ਵਿੱਚ ਗਿਆਨ ਦੇ ਕੇ ਹਜ਼ਾਰਾਂ ਮਨੁੱਖਾਂ ਦਾ ਪਾਰ-ਉਤਾਰਾ ਕਰਨ। ਅਸੀਂ ਆਪ ਜੀ ਦੀ ਪ੍ਰੇਮਾ-ਭਗਤੀ ਦੇਖ ਕੇ ਆਪ ਦੇ ਵੱਸ ਵਿੱਚ ਹੋ ਗਏ ਹਾਂ।

ਸ੍ਰੀ ਅਮਰਦਾਸ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਕੁੱਝ ਨਹੀਂ ਚਾਹੀਦਾ, ਸਿਰਫ ਆਪ ਜੀ ਦੇ ਚਰਨ-ਕਮਲਾਂ ਦਾ ਧਿਆਨ ਚਾਹੀਦਾ ਹੈ। ਫੇਰ ਗੁਰੂ ਜੀ ਨੇ ਬਾਬਾ ਬੁੱਢਾ ਜੀ ਪਾਸੋਂ ਪੰਜ ਪੈਸੇ ਅਤੇ ਨਾਰੀਅਲ ਲੈ ਕੇ ਭਾਈ ਅਮਰਦਾਸ ਜੀ ਦੇ ਦੁਆਲੇ ਪਰਕਰਮਾਂ ਕੀਤੀਆਂ। ਪੰਜ ਪੈਸੇ ਅੱਗੇ ਰੱਖ ਕੇ ਨਾਰੀਅਲ ਝੋਲੀ ਪਾ ਦਿੱਤਾ ਅਤੇ ਮੱਥਾ ਟੇਕ ਕੇ ਸਿੰਘਾਸਨ ਦੇ ਦਿੱਤਾ।

ਭਾਈ ਬੁੱਢਾ ਜੀ ਸਮੇਤ ਹੋਰ ਸਿੱਖਾਂ ਨੇ ਗੁਰੂ ਅਮਰਦਾਸ ਜੀ ਅੱਗੇ ਮੱਥਾ ਟੇਕਿਆ। ਪਰ, ਗੁਰੂ ਅੰਗਦ ਸਾਹਿਬ ਜੀ ਦੇ ਦੋਵੇਂ ਪੁੱਤਰਾਂ ਦਾਸੂ ਅਤੇ ਦਾਤੂ ਨੇ ਮਨ ਵਿੱਚ ਹੰਕਾਰ ਰੱਖ ਕੇ ਮੱਥਾ ਨਾ ਟੇਕਿਆ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਭਾਈ ਸੰਤੋਖ ਸਿੰਘ ਨੇ ਗੁਰੂ ਅੰਗਦ ਸਾਹਿਬ ਜੀ ਦੁਆਰਾ ਭਾਈ ਅਮਰਦਾਸ ਜੀ ਨੂੰ ਆਪਣੀ ਥਾਂ ਬਿਠਾਉਂਣ ਵੇਲੇ ਆਪਣੇ ਹੱਥਾਂ ਨਾਲ ਤਿਲਕ ਲਗਾਉਂਣਾ ਵਰਣਨ ਕੀਤਾ ਹੈ, ਜੋ ਸਿੱਖ ਇਤਿਹਾਸ ਅਤੇ ਹੋਰ ਮਿਲਣਯੋਗ ਰਿਕਾਰਡ/ਕਥਾਵਾਂ ਮੁਤਾਬਕ ਠੀਕ ਨਹੀਂ ਲਗਦਾ।

   ਭਾਈ ਵੀਰ ਸਿੰਘ ਅਨੁਸਾਰ ਪੰਜ ਪੈਸੇ, ਨਾਰੀਅਲ, ਸੇਲੀ, ਤਲਵਾਰ ਆਦਿ ਗੁਰੂ ਸਾਹਿਬ ਦੇ ਅੱਗੇ ਰੱਖ ਕੇ ਨਮਸਕਾਰ ਕਰਦੇ ਤੇ ਤਿਲਕ ਭਾਈ ਬੁੱਢਾ ਦਿਆ ਕਰਦਾ ਸੀ।

   ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਗੁਰੂ ਅੰਗਦ ਸਾਹਿਬ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਤੀਕ ਬਾਬਾ ਬੁੱਢਾ ਜੀ ਦੇ ਹੀ ਹੱਥੋਂ ਸਤਿਗੁਰਾਂ ਨੂੰ ਗੁਰਗੱਦੀ 'ਤੇ ਬਿਰਾਜਣ ਸਮੇਂ ਤਿਲਕ ਲਗਦਾ ਰਿਹਾ ਹੈ।

   ਹਰਬੰਸ ਸਿੰਘ ਵੱਲੋਂ ਐਨਸਾਇਕਲੋਪੀਡੀਆ ਆਫ਼ ਸਿੱਖਇਜ਼ਮ ਵਿੱਚ ਬਾਬਾ ਬੁੱਢਾ ਜੀ ਦੇ ਸਿਰਲੇਖ ਹੇਠ ਦੱਸਿਆ ਗਿਆ ਹੈ ਕਿ ਜਦੋਂ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਕੇ ਗੁਰਗੱਦੀ ਦਿੱਤੀ ਗਈ ਤਾਂ ਗੁਰੂ ਨਾਨਕ ਸਾਹਿਬ ਨੇ ਬਾਬਾ ਬੁੱਢਾ ਜੀ ਨੂੰ ਗੁਰੂ ਅੰਗਦ ਸਾਹਿਬ ਦੇ ਮੱਥੇ ਉੱਤੇ ਤਿਲਕ ਲਗਾਉਂਣ ਲਈ ਆਖਿਆ। ਇਹੋ ਰੀਤੀ ਅਗਲੇ ਚਾਰੋਂ ਗੁਰੂਆਂ ਉੱਤੇ ਵੀ ਲਾਗੂ ਰਹੀ।

2. ਗੁਰੂ ਅੰਗਦ ਸਾਹਿਬ ਜੀ ਦਾ ਸਿੱਖਾਂ ਦੇ ਸ਼ੰਕੇ ਦੂਰ ਕਰਨ ਲਈ ਗੁਰ-ਸਿੰਘਾਸਨ ਤੋਂ ਅਲੋਪ ਹੋਣ ਬਾਰੇ ਭਾਈ ਸੰਤੋਖ ਸਿੰਘ ਨੇ ਵਰਣਨ ਕੀਤਾ ਹੈ।

   'ਮਹਿਮਾ-ਪ੍ਰਕਾਸ਼' ਭਾਗ ਦੂਜਾ, ਸਾਖੀ 16 ਵਿੱਚ ਇਸ ਘਟਨਾ ਦਾ ਸੰਖੇਪ ਵਿੱਚ ਵੇਰਵਾ ਦਿੱਤਾ ਹੋਇਆ ਹੈ।

   ਸਿੰਘਾਸਨ ਪਰ ਗੁਰ ਭਏ ਅਲੋਪ। ਜਿਮ ਛੀਰ ਸਮੁੰਦਰ ਰਹੇ ਪ੍ਰਭ ਗੋਪ।੧੩।

ਟਿੱਪਣੀ

ਗੁਰਗੱਦੀ ਦੇਣ ਦੀ ਰਸਮ ਸਮੇਂ, ਕੁੱਝ ਲਿਖਤਾਂ 'ਚ ਤਿਲਕ, ਨਾਰੀਅਲ ਅਤੇ ਸੇਲੀ (ਰੇਸ਼ਮੀ ਲੜੀਆਂ ਵਾਲੀ ਮਾਲਾ) ਦੇਣ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਚੀਜ਼ਾਂ ਦਾ ਗੁਰਮਤਿ ਰਹਿਣੀ ਨਾਲ ਕੀ ਸਿਧਾਂਤਕ ਸਬੰਧ ਹੈ, ਇਹ ਵਿਸ਼ਾ ਵਿਚਾਰਨ ਵਾਲਾ ਹੈ। ਲੇਖਕ ਦੀ ਸਮਝ ਅਨੁਸਾਰ, ਇਹ ਚੀਜ਼ਾਂ ਅਨਮਤੀਆਂ (ਵਿਸ਼ੇਸ਼ ਕਰ ਕੇ ਮਨੂੰਵਾਦੀਆਂ) ਦੀ ਵਿਚਾਰਧਾਰਾ ਦਾ ਹਿੱਸਾ ਤਾਂ ਹੋ ਸਕਦੀਆਂ, ਪਰ ਗੁਰਮਤਿ ਫ਼ਲਸਫ਼ੇ ਨਾਲ ਇਨ੍ਹਾਂ ਦਾ ਕੋਈ ਸੰਬੰਧ ਨਜ਼ਰ ਨਹੀਂ ਆਉਂਦਾ।

ਸਾਖੀ ਦਾ ਸਾਰ--ਅਧਿਆਇ 28

ਗੁਰੂ ਅੰਗਦ ਸਾਹਿਬ ਜੀ ਨੇ ਆਪਣੇ ਪੁੱਤਰਾਂ ਦਾ ਹੱਥ ਗੁਰੂ ਅਮਰਦਾਸ ਜੀ ਦੇ ਹੱਥ ਫੜਾ ਦਿੱਤਾ। ਸਾਰਿਆਂ ਨੂੰ ਇਹ ਉਪਦੇਸ਼ ਦ੍ਰਿੜ ਕਰਵਾਇਆ ਕਿ ਉਨ੍ਹਾਂ ਨੇ ਗੁਰੂ ਅਮਰਦਾਸ

ਜੀ ਨੂੰ ਆਪਣੇ ਥਾਂ 'ਤੇ ਬਿਠਾ ਦਿੱਤਾ ਹੈ। ਕਿਸੇ ਨੇ ਵੀ ਉਨ੍ਹਾਂ ਅਤੇ ਗੁਰੂ ਅਮਰਦਾਸ ਜੀ ਵਿੱਚ ਭੇਦ ਨਹੀਂ ਜਾਣਨਾ। ਜਿਹੜਾ ਉਨ੍ਹਾਂ ਨਾਲ ਭੇਦ ਜਾਂ ਵੈਰ ਆਦਿ ਰੱਖੇਗਾ, ਉਹ ਦੁੱਖ ਪਾਵੇਗਾ ਅਤੇ ਜਿਹੜਾ ਇਨ੍ਹਾਂ ਦੀ ਸੇਵਾ ਕਰੇਗਾ, ਉਸ ਨੂੰ ਸੁੱਖਾਂ ਦੀ ਪ੍ਰਾਪਤੀ ਹੋਵੇਗੀ। ਜਿਹੜਾ ਇਨ੍ਹਾਂ ਦੀ ਸ਼ਰਨ ਲਵੇਗਾ, ਉਸ ਦਾ ਭਵਸਾਗਰ ਤੋਂ ਪਾਰ ਉਤਾਰਾ ਹੋ ਜਾਵੇਗਾ। ਜੋ ਹਿਰਦੇ ਵਿੱਚ ਇਨ੍ਹਾਂ ਨਾਲ ਵੈਰ ਰੱਖਣਗੇ, ਉਹ ਦੁੱਖ ਝੱਲਣਗੇ। ਅਨੰਦ-ਸੁੱਖ ਅਤੇ ਮੁਕਤੀ ਦੇ ਸਾਰੇ ਸਾਧਨ ਇਨ੍ਹਾਂ ਦੇ ਹੱਥ ਵਿੱਚ ਹਨ।

ਫਿਰ ਗੁਰੂ ਅੰਗਦ ਸਾਹਿਬ ਨੇ ਜੁਲਾਹੇ ਨੂੰ ਵੱਡੀ ਰਕਮ ਦੇ ਕੇ ਹੋਰ ਕਿਸੇ ਥਾਂ ਨਿਵਾਸ ਕਰਨ ਨੂੰ ਆਖਿਆ। ਉਸ ਦੇ ਘਰ ਵਿੱਚ ਸੁੱਕੇ ਮੁੱਢ ਨਾਲ ਜਿਥੇ ਗੁਰੂ ਅਮਰਦਾਸ ਜੀ ਠੇਡਾ ਲੱਗ ਕੇ ਡਿੱਗੇ ਸਨ, ਗੁਰੂ ਅੰਗਦ ਜੀ ਨੇ ਆਪਣਾ ਸਸਕਾਰ ਉਸੇ ਥਾਂ 'ਤੇ ਕਰਨ ਲਈ ਬਚਨ ਕੀਤਾ।

ਫੇਰ ਗੁਰੂ ਜੀ ਸੱਚਖੰਡ ਨੂੰ ਪਧਾਰ ਗਏ ਸਨ। ਸਾਰੀ ਸੰਗਤ ਮਨੋਹਰ ਕੀਰਤਨ ਕਰਨ ਲੱਗੀ। ਜੈ-ਜੈਕਾਰ ਦਾ ਸ਼ਬਦ ਉਚਾਰਿਆ ਜਾਣ ਲੱਗਾ। ਫੇਰ ਜੁਲਾਹੇ ਦੇ ਘਰ ਵਾਲੀ ਥਾਂ ਸੁੰਦਰ ਚੰਦਨ ਦੀ ਚਿਖਾ ਬਣਾਈ ਗਈ। ਗੁਰੂ ਜੀ ਦੀ ਦੇਹ ਨੂੰ ਬਾਬਾ ਦਾਸੂ ਨੇ ਅਗਨ-ਭੇਟ ਕੀਤਾ। ਡੇਰੇ ਵਿੱਚ ਆ ਕੇ ਗੁਰੂ ਜੀ ਦਾ ਜਸ ਗਾਇਨ ਕੀਤਾ ਤੇ ਪੰਗਤ ਵਿੱਚ ਸਿੱਖਾਂ ਨੂੰ ਭੋਜਨ ਤਿਆਰ ਕਰ ਕੇ ਛਕਾਇਆ।

ਗੁਰੂ ਅਮਰਦਾਸ ਜੀ ਆਦਰ-ਸਹਿਤ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਪੁੱਜ ਗਏ ਤੇ ਗੱਦੀ 'ਤੇ ਬਿਰਾਜਮਾਨ ਹੋ ਗਏ।

ਡਾ. ਕਿਰਪਾਲ ਸਿੰਘ ਜੀ ਵੱਲੋਂ ਸੰਪਾਦਕੀ ਫ਼ੁਟਨੋਟ

1. ਕਵੀ ਭਾਈ ਸੰਤੋਖ ਸਿੰਘ ਨੇ ਉਹ ਕਿੱਲਾ ਹਰਾ ਹੋਇਆ ਦੱਸਿਆ ਤੇ ਬਿਰਛ ਬਣਨ ਦੀ ਪੁਸ਼ਟੀ ਵੀ ਕੀਤੀ ਹੈ, ਜਿਸ ਵਿੱਚ ਠੇਡਾ ਖਾ ਕੇ ਭਾਈ (ਗੁਰੂ) ਅਮਰਦਾਸ ਜੀ ਡਿੱਗ ਪਏ ਸਨ :

ਕੀਲਾ ਅਮਰ ਚਰਨ ਲਗ ਗਿਰਯੋ। ਸੋ ਤਰੁ ਹੋਇ ਭਯੋਂ ਅਬਿ ਹਰਯੋ ॥੧੭॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ਪਹਿਲੀ, ਅੰਸੂ ੨੮)

ਖਡੂਰ ਸਾਹਿਬ ਦੀ ਆਬਾਦੀ ਅੰਦਰ ਹੀ ਗੁਰੂ ਅੰਗਦ ਸਾਹਿਬ ਜੀ ਦਾ ਸੁੰਦਰ ਗੁਰਦਵਾਰਾ ਹੈ। ਇਸ ਦਰਬਾਰ ਦੀ ਪਰਕਰਮਾ ਵਿੱਚ ਹੀ ਉਸ ਕਿੱਲੇ ਤੋਂ ਬਣਿਆ 'ਕਰੀਰ ਦਾ ਰੁੱਖ ਹੈ, ਜਿਸ ਨਾਲ ਗੁਰੂ ਅਮਰਦਾਸ ਜੀ, ਗੁਰੂ ਅੰਗਦ ਸਾਹਿਬ ਦੇ ਇਸ਼ਨਾਨ ਲਈ ਪਾਣੀ ਭਰੀ ਗਾਗਰ ਲਿਆਉਂਦੇ ਹੋਏ ਠੋਕਰ ਖਾ ਕੇ ਡਿੱਗੇ ਸਨ, ਜੋ ਜੁਲਾਹੇ ਦੀ ਖੱਡੀ ਦਾ ਕਿੱਲਾ ਸੀ।

✡✡✡

16. ਸਮੁੱਚੀ ਮਨੁੱਖਤਾ ਦੇ ਭਲੇ ਲਈ ਅਹਿਮ ਜਾਣਕਾਰੀ

ਸੰਸਾਰ ਵਿੱਚ ਮਨੁੱਖਤਾ ਦੇ ਵਿਕਾਸ (ਧਾਰਮਿਕ, ਰਾਜਨੀਤਕ, ਸਮਾਜਿਕ, ਸਭਿਆਚਾਰਿਕ ਅਤੇ ਸਾਹਿਤਕ ਪੱਖਾਂ ਤੋਂ ਵਿਕਾਸ) ਦਾ ਇਤਿਹਾਸ ਲਿਖਤੀ ਰੂਪ ਵਿੱਚ ਪਿਛਲੇ ਪੰਜ ਕੁ ਹਜ਼ਾਰ ਸਾਲ ਤੱਕ ਦਾ ਹੀ ਮਿਲਦਾ ਹੈ। ਉਸ ਤੋਂ ਪਹਿਲਾਂ ਦਾ ਇਤਿਹਾਸ ਲਿਖਤੀ ਰੂਪ ਵਿੱਚ ਨਹੀਂ ਮਿਲਦਾ। ਪਰ, ਇਸ **ਲਿਖਤੀ ਇਤਿਹਾਸ ਦੇ ਹਰ ਪੱਖ ਨਾਲ ਵੀ ਖ਼ੁਦਗਰਜ਼ ਧਿਰਾਂ ਨੇ ਵਿਆਪਕ (ਵੱਡੇ) ਪੱਧਰ 'ਤੇ ਛੇੜ-ਛਾੜ ਕੀਤੀ ਹੈ। ਇਨ੍ਹਾਂ ਖ਼ੁਦਗਰਜ਼ ਧਿਰਾਂ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਧਿਰ ਹੈ 'ਰਾਜਨੀਤਕ-ਪੁਜਾਰੀ-ਸਰਮਾਏਦਾਰ' ਦੀ ਖ਼ੁਦਗਰਜ਼ ਤਿਕੜੀ! ਇਸ ਤਿਕੜੀ ਵਲੋਂ ਮਨੁੱਖ ਦੇ ਕੀਤੇ ਜਾ ਰਹੇ ਬਹੁ-ਪੱਖੀ ਸ਼ੋਸ਼ਨ ਨੂੰ ਠੱਲ੍ਹ ਪਾਉਣ ਲਈ ਹੀ, ਸਮੇਂ-ਸਮੇਂ ਸਿਰ, ਮਜ਼੍ਹਬ ਹੋਂਦ ਵਿੱਚ ਆਉਂਦੇ ਰਹੇ ਹਨ।** ਪਰ, ਇਨ੍ਹਾਂ ਮਜ਼੍ਹਬਾਂ ਦੇ ਫ਼ਲਸਫ਼ਿਆਂ ਨਾਲ ਵੀ ਇਹ ਸ਼ਾਤਰ ਤਿੱਕੜੀ ਵੱਡੇ ਪੱਧਰ 'ਤੇ ਛੇੜ-ਛਾੜ ਕਰਨ ਵਿੱਚ ਸਫ਼ਲ ਹੁੰਦੀ ਆ ਰਹੀ ਹੈ। ਇਸ ਬਾਰੇ ਵਿਸਥਾਰ ਨਾਲ ਵੀਚਾਰ ਅੱਗੇ ਜਾ ਕੇ ਕੀਤਾ ਜਾਵੇਗਾ। ਇਹ ਤਿੱਕੜੀ, ਆਮ ਤੌਰ 'ਤੇ ਆਪਣੀ ਖ਼ੁਦਗਰਜ਼ੀ ਅਧੀਨ, ਕਾਦਿਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੀ ਉਲੰਘਣਾ ਕਰ ਕੇ ਹੀ ਆਪਣੀ ਹੋਂਦ ਨੂੰ ਬਰਕਰਾਰ ਰਖਦੀ ਆ ਰਹੀ ਹੈ। ਇਸ ਦੇ ਇਸ ਮਾਨਵ-ਵਿਰੋਧੀ ਕਿਰਦਾਰ ਬਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਸਤਿਗੁਰਾਂ ਵੱਲੋਂ ਅੰਕਿਤ ਕੀਤਾ ਸਰਬ-ਸਾਂਝਾ (ਸਦੀਵਕਾਲੀ) ਗੁਰਮਤਿ ਫ਼ਲਸਫ਼ਾ ਇੰਜ ਸੇਧਾਂ ਬਖ਼ਸ਼ਿਸ਼ ਕਰ ਕੇ ਸਮੁੱਚੀ ਮਨੁੱਖਤਾ ਨੂੰ ਖ਼ਬਰਦਾਰ ਕਰਦਾ ਹੈ -

ਖ਼ੁਦਗਰਜ਼ ਰਾਜਨੀਤਕ (ਰਾਜੇ)

__ਰਾਜੇ ਸੀਂਹ ਮੁਕਦਮ ਕੁਤੇ॥__ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥
__ਜਿਥੈ ਜੀਆਂ ਹੋਸੀ ਸਾਰ॥ ਨਕੀਂ ਵਢੀਂ ਲਾਇਤਬਾਰ__ (ਮ:੧, ੧੨੮੮)

ਭਾਵ : (ਨਾਮ ਤੋਂ ਸੱਖਣੀ ਵਿਦਿਆ ਦਾ ਹਾਲ ਤੱਕੋ), ਰਾਜੇ (ਮਾਨੋਂ) ਸ਼ੇਰ ਹਨ (ਉਨ੍ਹਾਂ ਦੇ ਪੜ੍ਹੇ ਹੋਏ) ਅਹਿਲਕਾਰ (ਮਾਨੋਂ) ਕੁੱਤੇ ਹਨ, ਬੈਠੇ-ਸੁੱਤੇ ਬੰਦਿਆਂ ਨੂੰ (ਭਾਵ, ਵੇਲੇ-ਕੁਵੇਲੇ) ਜਾ ਜਗਾਂਦੇ ਹਨ (ਭਾਵ, ਤੰਗ-ਪ੍ਰੇਸ਼ਾਨ ਕਰਦੇ ਹਨ)। ਇਹ ਅਹਲਕਾਰ (ਮਾਨੋਂ

ਸ਼ੇਰਾਂ ਦੀਆਂ) ਨਹੁੰਦ੍ਰਾਂ ਹਨ, ਜੋ (ਲੋਕਾਂ ਦਾ) ਘਾਤ ਕਰਦੀਆਂ ਹਨ, (ਰਾਜੇ ਸ਼ੀਂਹ ਇਨ੍ਹਾਂ ਮੁਕੱਦਮ) ਕੁੱਤਿਆਂ ਦੀ ਰਾਹੀਂ (ਲੋਕਾਂ ਦਾ) ਲਹੂ ਪੀਂਦੇ ਹਨ।

ਪਰ ਜਿੱਥੇ ਜੀਵਾਂ ਦੀ (ਕਰਣੀ ਦੀ) ਪਰਖ ਹੁੰਦੀ ਹੈ, ਓਥੇ ਅਜੇਹੇ (ਪੜ੍ਹੇ ਹੋਏ ਬੰਦੇ) ਬੇ-ਇਤਬਾਰੇ ਨੱਕ-ਵੱਢੇ (ਸਮਝੇ ਜਾਂਦੇ ਹਨ)।

ਪੁਜਾਰੀ (High Priest)

ਮਨੁੱਖੀ ਸਮਾਜ ਅੰਦਰ ਇਹ ਇੱਕ ਅਜਿਹੀ ਪ੍ਰਜੀਵੀ (Parasite) ਸ਼੍ਰੇਣੀ ਹੈ, ਜੋ ਕਈ ਹਜ਼ਾਰ ਸਾਲ ਤੋਂ, (ਮਨੁੱਖੀ ਸਮਾਜ ਦੀ ਅਗਿਆਨਤਾ ਕਾਰਨ) ਮਨੁੱਖ ਅਤੇ ਰੱਬ ਵਿਚਕਾਰ ਵਿਚੋਲਾ ਬਣੀ ਆ ਰਹੀ ਹੈ ਅਤੇ ਸੰਬੰਧਤ ਮਨੁੱਖੀ ਸਮਾਜ ਨੂੰ, ਅਣ-ਅਧਿਕਾਰਤ ਤੌਰ 'ਤੇ, 'ਫਤਵੇ' ਜਾਂ 'ਹੁਕਮਨਾਮੇ' ਜਾਰੀ ਕਰਨ ਦੇ ਦੈਵੀ-ਅਧਿਕਾਰ (Divine Rights) ਨਾਲ ਆਪਣੇ ਆਪ ਨੂੰ ਲੈਸ ਕਰੀ ਬੈਠੀ ਹੈ। ਜਿੱਥੇ ਇਹ ਜਮਾਤ ਸੰਬੰਧਤ ਸਮਾਜ ਦੇ ਧਾਰਮਿਕ ਆਗੂਆਂ ਦੇ ਰੂਪ ਵਿੱਚ ਵਿੱਚਰਦੀ ਹੈ, ਉੱਥੇ ਜੱਜ (ਨਿਆਂਕਾਰ) ਦਾ ਰੋਲ ਵੀ ਅਦਾ ਕਰਦੀ ਆ ਰਹੀ ਹੈ -

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆਂ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ (ਮ:੧, ੬੬੨)

ਭਾਵ: ਕਾਜ਼ੀ (ਜੇ ਇੱਕ ਪਾਸੇ ਤਾਂ ਇਸਲਾਮੀ ਧਰਮ ਦਾ ਨੇਤਾ ਹੈ ਤੇ ਦੂਜੇ ਪਾਸੇ ਨਿਆਂਕਾਰ ਵੀ ਹੈ, ਰਿਸ਼ਵਤ ਦੀ ਖਾਤਰ ਸ਼ਰਈ ਕਾਨੂੰਨ ਬਾਰੇ) ਝੂਠ ਬੋਲ ਕੇ ਹਰਾਮ ਦਾ ਮਾਲ (ਰਿਸ਼ਵਤ) ਖਾਂਦਾ ਹੈ। ਬ੍ਰਾਹਮਣ (ਕ੍ਰੋੜਾਂ ਸ਼ੂਦਰ ਅਖਵਾਂਦੇ) ਬੰਦਿਆਂ ਨੂੰ ਦੁਖੀ ਕਰ-ਕਰ ਕੇ ਤੀਰਥ-ਇਸ਼ਨਾਨ (ਭੀ) ਕਰਦਾ ਹੈ (ਭਾਵ, ਧਰਮੀ ਹੋਣ ਦਾ ਪਖੰਡ ਵੀ ਕਰਦਾ ਹੈ)। ਜੋਗੀ ਵੀ ਅੰਨ੍ਹਾ ਹੈ ਤੇ ਸਹੀ ਜੀਵਨ ਦੀ ਜਾਚ ਨਹੀਂ ਜਾਣਦਾ। (ਇਹ ਤਿੰਨੇ ਆਪਣੇ ਵੱਲੋਂ ਧਰਮ-ਨੇਤਾ ਹਨ, ਪਰ) ਇਨ੍ਹਾਂ ਤਿੰਨਾਂ ਦੇ ਹੀ ਅੰਦਰ ਆਤਮਿਕ ਜੀਵਨ ਵੱਲੋਂ ਸੁੰਞ ਹੀ ਸੁੰਞ ਹੈ।

ਖ਼ੁਦਗਰਜ਼ ਸਰਮਾਏਦਾਰ (ਮਾਇਆਧਾਰੀ)

ਇਸ ਸ਼੍ਰੇਣੀ ਦਾ ਇਸ਼ਟ ਹੈ ਮਾਇਆ। ਮਾਇਆ (ਦੁਨਿਆਵੀ ਪਦਾਰਥ ਅਤੇ ਐਸ਼ੋ-ਇਸ਼ਰਤ ਦੇ ਸਾਧਨਾਂ) ਦੀ ਪ੍ਰਾਪਤੀ ਲਈ ਇਹ ਖ਼ੁਦਗਰਜ਼ ਸ਼੍ਰੇਣੀ ਕਿਸੇ ਹੱਦ ਤੱਕ ਵੀ ਜਾਣ ਲਈ ਤਿਆਰ ਰਹਿੰਦੀ ਹੈ। ਨੈਤਿਕਤਾ ਨਾਮ ਦੀ ਕੋਈ ਸ਼ੈਅ ਇਸ ਦੀ ਡਿਕਸ਼ਨਰੀ ਵਿੱਚ ਨਹੀਂ ਹੁੰਦੀ -

ਮਾਇਆਧਾਰੀ ਅਤਿ ਅੰਨਾ ਬੋਲਾ ॥ *ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥*
(ਮ: ੩, ੩੧੩)

ਭਾਵ : ਜਿਸ ਮਨੁੱਖ ਨੇ (ਹਿਰਦੇ ਵਿੱਚ) ਮਾਇਆ (ਦਾ ਪਿਆਰ) ਧਾਰਨ ਕੀਤਾ

ਹੋਇਆ ਹੈ, ਉਹ (ਸਤਿਗੁਰੂ ਵੱਲੋਂ) ਅੰਨ੍ਹਾ ਤੇ ਬੋਲਾ ਹੈ (ਭਾਵ, ਨਾ ਸਤਿਗੁਰੂ ਦਾ ਦਰਸ਼ਨ ਕਰ ਕੇ ਪਤੀਜ਼ ਸਕਦਾ ਹੈ, ਤੇ ਨਾ ਹੀ ਉਪਦੇਸ਼ ਸੁਣ ਕੇ)। ਉਹ ਮਨੁੱਖ (ਸਤਿਗੁਰੂ ਦੇ) ਸ਼ਬਦ ਵੱਲ ਧਿਆਨ ਨਹੀਂ ਦੇਂਦਾ, (ਪਰ) (ਮਾਇਆ ਦਾ) ਖਪਾਉਂਣ ਵਾਲਾ (ਭਾਵ, ਸਿਰ-ਦਰਦੀ ਕਰਾਉਣ ਵਾਲਾ) ਰੌਲਾ ਬਹੁਤ (ਪਸੰਦ ਕਰਦਾ ਹੈ)।

1. ਮਨੂੰਵਾਦ (ਵਰਨ-ਆਸ਼ਰਮ ਸਮਾਜਿਕ ਸਿਸਟਮ)

ਉੱਪਰ ਵਰਣਨ ਕੀਤੀ ਖ਼ੁਦਗਰਜ ਤਿੱਕੜੀ ਤੋਂ ਇਲਾਵਾ, ਭਾਰਤ ਵਿੱਚ ਸ਼ਾਤਰ ਬ੍ਰਾਹਮਣ ਵੱਲੋਂ, ਮਨੂੰ ਰਿਸ਼ੀ ਦੀ ਰਚੀ ਦੱਸੀ ਜਾਂਦੀ ਮਨੂੰ-ਸਿੰਮ੍ਰਿਤਿ ਦੇ ਆਧਾਰ 'ਤੇ, ਸਮਾਜ ਵਿੱਚ ਜਾਤ-ਪਾਤੀ ਵੰਡੀਆਂ ਪਾ ਕੇ ਹਜ਼ਾਰਾਂ ਸਾਲਾਂ ਤੋਂ ਸੰਬੰਧਤ ਸਮਾਜ ਦਾ ਸਰਬ-ਪੱਖੀ ਸ਼ੋਸ਼ਨ ਹੁੰਦਾ ਆ ਰਿਹਾ ਹੈ। ਇਹ ਸਮੁੱਚੀ ਵਿਚਾਰਧਾਰਾ ਕਾਦਿਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੀ ਉਲੰਘਣਾ ਕਰਨ ਵਾਲੀ ਮਾਨਵ-ਵਿਰੋਧੀ ਵਿਚਾਰਧਾਰਾ ਹੈ। ਮਨੂੰ ਸਿੰਮ੍ਰਿਤਿ ਬਾਰੇ ਸਰਬ-ਸਾਂਝਾ ਗੁਰਮਤਿ ਫ਼ਲਸਫ਼ਾ ਇੰਜ ਫ਼ੁਰਮਾਂਦਾ ਹੈ -

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ ਜੇਵਰੀ ਲੈ ਹੈ ਆਈ॥੧॥
ਆਪਨ ਨਗਰ ਆਪ ਤੇ ਬਾਧਿਆ॥ ਮੋਹ ਕੈ ਫਾਧਿ ਕਾਲ ਸਰ ਸਾਂਧਿਆ॥੧॥
ਰਹਾਉ॥ ਕਟੀ ਨ ਕਟੈ ਤੂਟਿ ਨਹ ਜਾਈ॥ ਸਾ ਸਾਪਨਿ ਹੋਇ ਜਗ ਕਉ ਖਾਈ॥੨॥
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ। ਕਹੁ ਕਬੀਰ ਮੈ ਰਾਮ ਕਹਿ ਛੂਟਿਆ॥੩॥੩੦॥
(ਕਬੀਰ ਜੀਉ, ੩੨੯)

ਭਾਵ : ਹੇ ਵੀਰ! ਇਹ ਸਿੰਮ੍ਰਿਤੀ ਜੋ ਵੇਦਾਂ ਦੇ ਆਧਾਰ 'ਤੇ ਬਣੀ ਹੈ (ਇਹ ਤਾਂ ਆਪਣੇ ਸ਼ਰਧਾਲੂਆਂ ਵਾਸਤੇ ਵਰਨ-ਆਸ਼ਰਮ ਦੇ, ਮਾਨੋਂ) ਸੰਗਲ ਤੇ (ਕਰਮ-ਕਾਂਡਾਂ ਦੀਆਂ) ਰੱਸੀਆਂ ਲੈ ਕੇ ਆਈ ਹੈ।੧।

(ਇਸ ਸਿੰਮ੍ਰਿਤੀ ਨੇ) ਆਪਣੇ ਸਾਰੇ ਸ਼ਰਧਾਲੂ ਆਪ ਹੀ ਜਕੜੇ ਹੋਏ ਹਨ (ਇਨ੍ਹਾਂ ਨੂੰ ਸਵਰਗ ਆਦਿਕ ਦੇ) ਮੋਹ ਦੀ ਫਾਹੀ ਵਿੱਚ ਫਸਾ ਕੇ (ਇਨ੍ਹਾਂ ਦੇ ਸਿਰ 'ਤੇ) ਮੌਤ (ਦੇ ਸਹਿਮ) ਦਾ ਤੀਰ (ਇਸ ਨੇ) ਖਿੱਚਿਆ ਹੋਇਆ ਹੈ।੧। ਰਹਾਉ।

(ਇਹ ਸਿੰਮ੍ਰਿਤੀ ਰੂਪ ਫਾਹੀ ਸ਼ਰਧਾਲੂਆਂ ਪਾਸੋਂ) ਵੱਢਿਆਂ ਵੱਢੀ ਨਹੀਂ ਜਾ ਸਕਦੀ ਅਤੇ ਨਾ ਹੀ (ਆਪਣੇ-ਆਪ) ਇਹ ਟੁਟਦੀ ਹੈ। (ਹੁਣ ਤਾਂ) ਇਹ ਸੱਪਣੀ ਬਣ ਕੇ ਜਗਤ ਨੂੰ ਖਾ ਰਹੀ ਹੈ (ਭਾਵ, ਜਿਵੇਂ ਸੱਪਣੀ ਆਪਣੇ ਹੀ ਬੱਚਿਆਂ ਨੂੰ ਖਾ ਜਾਂਦੀ ਹੈ, ਤਿਵੇਂ ਇਹ ਸਿੰਮ੍ਰਿਤੀ ਆਪਣੇ ਹੀ ਸ਼ਰਧਾਲੂਆਂ ਦਾ ਆਤਮਿਕ ਜੀਵਨ ਨਾਸ਼ ਕਰ ਰਹੀ ਹੈ)।

ਹੇ ਕਬੀਰ! ਆਖ-ਅਸਾਡੇ ਵੇਖਦਿਆਂ-ਵੇਖਦਿਆਂ ਜਿਸ (ਸਿੰਮ੍ਰਿਤੀ) ਨੇ ਸਾਰੇ ਸੰਸਾਰ ਨੂੰ ਠੱਗ ਲਿਆ ਹੈ, ਮੈਂ ਤਾਂ ਪ੍ਰਭੂ ਦਾ ਸਿਮਰਨ ਕਰ ਕੇ (ਹੁਕਮਿ ਰਜਾਈ ਚੱਲ ਕੇ) ਉਸ ਤੋਂ ਬਚ ਗਿਆ ਹਾਂ।੩।

ਮਨੂੰਵਾਦੀ ਵਿਚਾਰਧਾਰਾ ਬਾਰੇ ਸੰਖੇਪ ਜਾਣਕਾਰੀ ਨੂੰ ਇਥੇ ਦਰਜ ਕਰਨਾ ਪ੍ਰਸੰਗਕ

ਵੀ ਹੈ ਅਤੇ ਮਨੁੱਖਤਾ ਨੂੰ ਸੁਚੇਤ ਕਰਨ ਲਈ ਜ਼ਰੂਰੀ ਵੀ।

ਮਨੂੰਵਾਦ ਦੇ ਕੁੱਝ ਕੁ ਮੁੱਢਲੇ ਅਸੂਲ

1. **ਚਾਰੇ ਵੇਦ (ਰਿਗ ਵੇਦ, ਸਯਾਮ, ਯਜੁਰਵੇਦ, ਅਥਰਵ ਵੇਦ) ਧੁਰੋਂ ਹੀ ਬਣੇ ਬਣਾਏ ਆਏ ਹਨ** ('ਅਲਹਾਮੀ' ਜਾਂ 'ਸਰੁਤੀ' ਹਨ)। ਇਹ ਸਾਰੇ ਹੀ ਦੁਨਿਆਵੀ ਤੇ ਰੂਹਾਨੀ ਗਿਆਨ ਦੇ ਸਰੋਤ (ਸੋਮੇ) ਹਨ। (ਫ਼ੀਅਰ ਜੇ.ਬੀ. : ਆਈ.ਏ. ਭਾਗ 4 (1875), ਪੰਨਾ 123)।
2. **ਈਸ਼ਵਰ ਨੇ (ਬ੍ਰਹਮੇ ਤੋਂ ਸਾਰੀ ਸ੍ਰਿਸ਼ਟੀ ਦੀ ਸਾਜਨਾ ਕਰਵਾ ਕੇ) ਚਾਰ ਜਾਤਾਂ ਜਾਂ ਵਰਣ** (ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ) **ਬਣਾਈਆਂ** (ਜ਼ਾਜ਼ਨਿਕ ਜੇ.ਯੂ. : ਜੇ.ਆਰ.ਏ. ਐਸ.ਬੀ. (1872), ਪੰਨੇ 100-102, ਫ਼ੀਅਰ ਜੇ.ਬੀ. : ਆਈ.ਏ. ਭਾਗ 4(1875)।
3. ਬ੍ਰਹਮਾ ਨੇ ਮਨੂੰ-ਸਿੰਮ੍ਰਿਤੀ ਅਰਥਾਤ ਕਾਨੂੰਨ-ਪ੍ਰਣਾਲੀ ਆਪ ਤਿਆਰ ਕੀਤੀ ਤੇ ਮਨੂੰ ਨੂੰ ਸਮਝਾਈ। ਮਨੂੰ ਨੇ ਇਹ ਅੱਗੇ ਭ੍ਰਿਗੂ ਨੂੰ ਸਿਖਾਈ (ਮਨੂੰ ਸਿੰਮ੍ਰਿਤੀ ਪੰਨਾ 18)।
4. **ਜੋ ਕੁੱਝ ਵੀ ਵੇਦਾਂ ਤੋਂ ਬਾਹਰ ਹੈ ਜਾਂ ਜੋ ਕੁੱਝ ਵੀ ਮਨੂੰ ਦੀ ਸੰਪੂਰਨ ਸਿਆਣਪ ਰਾਹੀਂ ਵੇਦਾਂ ਵਿੱਚੋਂ ਲੈ ਕੇ ਧਰਮ-ਸ਼ਾਸਤਰ ਵਿੱਚ ਨਹੀਂ ਲਿਖਿਆ ਗਿਆ, ਉਹ ਮਨੁੱਖੀ ਕੰਮ ਹੈ, ਬੇਕਾਰ ਹੈ, ਝੂਠ ਹੈ।** ਵੇਦਾਂ ਵਿੱਚ ਵਿਸ਼ਵਾਸ ਨਾ ਕਰਨਾ ਘੋਰ ਪਾਪ ਹੈ। ਜੇ ਕੋਈ 'ਕਾਫ਼ਰ-ਪੁਸਤਕ' ਦਾ ਆਸਰਾ ਲੈ ਕੇ, ਧੁਰੋਂ ਉੱਤਰੇ ਹੋਏ ਵੇਦਾਂ ਅਤੇ ਧਰਮ-ਸ਼ਾਸਤਰਾਂ ਦੇ ਅਧਿਕਾਰ ਉੱਤੇ ਕਿੰਤੂ ਕਰਦਾ ਹੈ, ਉਹ ਕਾਫ਼ਰ ਸਮਝਿਆ ਜਾਣ ਯੋਗ ਹੈ ਅਤੇ ਸਦਾਚਾਰੀ ਲੋਕਾਂ ਦੇ ਸਮਾਜ ਵਿੱਚੋਂ ਛੇਕੇ ਜਾਣ ਯੋਗ ਹੈ [Phear J.B. : I.A. Vol. 4 (1875), P-124]
5. **ਮਨੁੱਖ ਜਨਮ ਤੋਂ ਹੀ ਨਾ-ਬਰਾਬਰ ਹੁੰਦੇ ਹਨ, ਉਨ੍ਹਾਂ ਦੀ ਨਾ-ਬਰਾਬਰੀ ਸਦਾ ਹੀ ਕਾਇਮ ਰਹਿੰਦੀ ਹੈ ਤੇ ਉਨ੍ਹਾਂ ਵਿਚਾਲੇ ਫ਼ਰਕ ਉਤਨਾ ਹੀ ਹੁੰਦਾ ਹੈ ਜਿਤਨਾ ਕੁੱਤੇ ਅਤੇ ਬੰਦੇ ਵਿਚਾਲੇ [Max Weber : P-144]।**
6. ਪਰਜਾਪਤੀ (ਪਰਮੇਸ਼ਰ) ਨੇ ਸ਼ੂਦਰਾਂ ਨੂੰ ਦੂਜੀਆਂ ਜਾਤਾਂ ਦਾ ਗ਼ੁਲਾਮ ਬਣਾ ਕੇ ਪੈਦਾ ਕੀਤਾ ਹੈ [Mahabharta, xii, 2295, 2297]; (Muir, J. : I.A. Vol. 6, P-252)।
7. ਬ੍ਰਾਹਮਣ ਦੀ ਸਿੱਖਿਆ ਮਨੁੱਖ ਵਾਸਤੇ ਸਿੱਕੇਬੰਦ ਹੈ, ਕਿਉਂਕਿ, ਇਸ ਦੀ ਨੀਂਹ ਵੇਦ ਹਨ [Manu, xi, 85; Max Weber, P-59]।

8. **ਬ੍ਰਾਹਮਣ ਭਾਵੇਂ ਪੜ੍ਹਿਆ ਹੋਵੇ ਜਾਂ ਨਾ, ਤੇ ਭਾਵੇਂ ਕਿਰਦਾਰ ਦਾ ਪੁੱਜ ਕੇ ਮਾੜਾ ਵੀ ਹੋਵੇ, ਉਹ ਫਿਰ ਵੀ ਵੱਡਾ ਦੇਵਤਾ ਹੁੰਦਾ ਹੈ [Manu, ix, 317, 319]।**

9. **ਇਸਤਰੀ, ਸ਼ੂਦਰ, ਕੁੱਤੇ ਅਤੇ ਕਾਂ ਝੂਠ ਦਾ ਨਮੂੰਨਾ ਹਨ (ਸਤਪਤ ਬ੍ਰਾਹਮਣ ਗ੍ਰੰਥ : xiv, 1.1.31)।**

10. ਪਤੀ ਦਾ ਆਪਣੀ ਪਤਨੀ ਉੱਤੇ ਪੂਰਾ ਅਧਿਕਾਰ ਹੈ। ਉਹ ਉਸ ਨੂੰ ਮਾਰ-ਪਿੱਟ ਸਕਦਾ ਹੈ। ਜੇ ਪਤਨੀ ਜ਼ਰਾ ਵੀ ਕੌੜੀ ਗੱਲ ਕਰੇ ਤਾਂ ਉਸ ਨੂੰ ਇੱਕ-ਦਮ ਤਿਆਗ ਸਕਦਾ ਹੈ ਅਤੇ ਪਤਨੀ ਲਈ ਉਚਿਤ ਹੈ ਕਿ ਉਹ ਆਪਣੇ ਪਤੀ ਨੂੰ ਦੇਵਤਾ ਸਮਝ ਕੇ ਪੂਜਾ ਕਰੇ, ਭਾਵੇਂ ਉਸ ਵਿੱਚ ਕੋਈ ਗੁਣ ਨਾ ਵੀ ਹੋਵੇ ਅਤੇ ਭਾਵੇਂ ਉਹ ਵਿਭਚਾਰੀ ਵੀ ਹੋਵੇ [Manu, vii, 299]।

11. **ਰੱਬ ਵੀ ਅਵਤਾਰ ਧਾਰ ਕੇ ਜੂਨਾਂ ਵਿੱਚ ਆਉਂਦਾ ਹੈ। ਰਾਮ ਚੰਦਰ, ਕ੍ਰਿਸ਼ਨ ਆਦਿ ਰੱਬ (ਵਿਸ਼ਨੂੰ) ਦੇ ਅਵਤਾਰ ਹਨ।**

12. ਅਵਤਾਰ ਦੀ ਪੂਜਾ ਤੋਂ ਇਲਾਵਾ, ਆਪਣੇ ਕਿਸੇ ਮਨ-ਪਸੰਦ ਦੇਵੀ-ਦੇਵਤੇ ਦੀ ਪੂਜਾ ਕਰਨੀ ਵੀ ਜ਼ਰੂਰੀ ਹੈ।

13. ਆਪੋ-ਆਪਣੀ ਜਾਤ ਲਈ (ਬ੍ਰਾਹਮਣ ਵੱਲੋਂ ਮੁਕੱਰਰ ਕੀਤੀਆਂ) ਰੀਤਾਂ, ਰਸਮਾਂ, ਰਵਾਇਤਾਂ, ਪਰੰਪਰਾਵਾਂ (ਮਨੂੰ ਦੇ ਧਰਮ-ਸ਼ਾਸਤਰ ਅਨੁਸਾਰ) ਦੀ ਪਾਲਣਾ ਕਰਨੀ, ਧਰਮੀ ਹੋਣ ਲਈ, ਅਤੀ ਲਾਜ਼ਮੀ ਹੈ।

ਅਜਿਹਾ ਨਾ ਕਰਨ ਦੀ ਹਾਲਤ ਵਿੱਚ ਕਿਸੇ ਵਿਅਕਤੀ ਨੂੰ ਜਾਤ-ਪਾਤੀ ਸਮਾਜ ਵਿੱਚੋਂ ਛੇਕਿਆ ਜਾ ਸਕਦਾ ਹੈ ਅਤੇ ਫ਼ਿਰਕਿਆਂ ਦਾ ਜਾਤ-ਪਾਤੀ ਰੁਤਬਾ ਨੀਵਾਂ ਕੀਤਾ ਜਾ ਸਕਦਾ ਹੈ। [Bharatiya, Vol. i, P-493; Crooke, W.: E.R.E. Vol. 6; Muir, J. : J.R.A.S. (1866) P-286-87; Max Weber, PP-35, 106; Manu, ii, 23; Phear J.B.: I.A. Vol. 4(1875), P-127)]

14. ਬ੍ਰਾਹਮਣ ਦਾ ਆਦਰ-ਸਨਮਾਨ ਕਰਨਾ ਅਤਿ ਜ਼ਰੂਰੀ ਹੈ। ਉਲੰਘਣਾ ਕਰਨ ਵਾਲੇ ਫ਼ਿਰਕਿਆਂ ਦਾ ਜਾਤੀ ਰੁਤਬਾ ਨੀਵਾਂ ਕੀਤਾ ਜਾ ਸਕਦਾ ਹੈ [Phear, J.B. : I.A. Vol. 4 (1875), P-127]।

15. **ਜਾਤ ਜੱਦੀ ਹੈ, ਇਸ ਨੂੰ ਬਦਲਿਆ ਨਹੀਂ ਜਾ ਸਕਦਾ। ਜੇ ਕੋਈ ਆਪਣੀ ਜਾਤ ਲਈ ਵਰਜਤ ਰਸਮਾਂ ਕਰਨ ਦੀ ਜੁਰਅੱਤ ਕਰੇ ਤਾਂ ਉਸ ਨੂੰ ਕਤਲ ਕੀਤਾ ਜਾਣਾ, ਜਾਤ-ਪਾਤੀ ਕਾਨੂੰਨ ਦੇ ਐਨ ਮੁਤਾਬਕ ਹੈ [Senart, PP-38, 43; Max Weber, P-106; Hutton, P-79)]।**

16. ਜਾਤ-ਪਾਤ ਦਾ ਰੁਤਬਾ ਬਾਕੀ ਸਾਰੇ ਆਰਥਿਕ, ਸਮਾਜਿਕ, ਰਾਜਸੀ ਰੁਤਬਿਆਂ ਤੋਂ ਉੱਚਾ ਹੈ। ਬ੍ਰਾਹਮਣ (ਪ੍ਰੋਹਤ) ਦਾ ਜਾਤੀ ਰੁਤਬਾ ਛਤਰਪਤੀ ਰਾਜੇ ਦੇ ਜਾਤੀ ਰੁਤਬੇ ਤੋਂ ਉੱਚਾ ਹੈ। (ਐਸਾ ਅਖੌਤੀ ਧਾਰਮਿਕ ਰੀਤਾਂ ਤੇ ਰਸਮਾਂ ਦੀ ਮਨੌਤ ਨੂੰ ਵੱਡੀ ਮਾਨਤਾ ਮਿਲਣ ਕਾਰਨ ਹੋਇਆ ਅਤੇ ਪੁਜਾਰੀ ਜਮਾਤ ਇਸ ਹੱਦ ਤੱਕ ਸਿਰ ਚੜ੍ਹ ਗਈ ਕਿ ਜਿਸ ਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀਂ ਮਿਲਦੀ। **ਬ੍ਰਾਹਮਣ ਜਾਤ ਦੀ ਸਰਦਾਰੀ ਜਾਤ-ਪਾਤੀ ਸਮਾਜ ਦਾ ਕੇਂਦਰੀ ਸਿਧਾਂਤ ਬਣ ਗਿਆ)** [(Max Weber, P-30), (Senart, P-18-19, 36, 85); Hutton, P-71; Gart, E.A.: E.R.E., Vol. 3, P-236]।

17. ਇਸਤਰੀ, ਵੈਸ਼ ਅਤੇ ਸ਼ੂਦਰ ਇੱਕੋ ਸ਼੍ਰੇਣੀ ਵਿੱਚ ਰੱਖੇ ਗਏ ਹਨ ਅਤੇ ਇਨ੍ਹਾਂ ਨੂੰ ਰੱਬ ਦੀ ਭਗਤੀ ਕਰਨ ਦਾ ਅਧਿਕਾਰ ਨਹੀਂ (ਭਗਵਤ ਗੀਤਾ, ii, 32)।

18. ਵਿਧਵਾ ਇਸਤਰੀ ਵਿਆਹ ਨਹੀਂ ਕਰ ਸਕਦੀ [(Manu, V, 156-57); ਯਜਨਾਵਾਲਕਯਾ, 1.75।

19. ਜੋ ਮਨੁੱਖ ਆਪਣੇ ਜਾਤੀ-ਧਰਮ (ਜਾਤ ਨਾਲ ਸਬੰਧਤ ਰਸਮਾਂ, ਰੀਤਾਂ, ਕਰਮ-ਕਾਂਡ) ਨੂੰ ਨਹੀਂ ਮੰਨਦਾ, ਉਹ ਦੈਂਤ ਦੀ ਜੂਨ ਵਿੱਚ ਪੈਂਦਾ ਹੈ [Manu, xii, 71-72; Mcuie Williams: J.R.A.S. (1866)]।

ਇਸ ਮਨੂੰਵਾਦੀ ਵਿਚਾਰਧਾਰਾ ਅਨੁਸਾਰ, ਰਾਜਨੀਤਕ ਸੱਤਾ, ਤੇ ਸਮਾਜਿਕ ਰੁਤਬੇ, ਪੁਜਾਰੀ (ਪ੍ਰੋਹਤ) ਦੀ ਧਾਰਮਿਕ ਗ਼ੁਲਾਮੀ ਦੇ ਜੂਲੇ ਹੇਠਾਂ ਜੁੱਤ ਕੇ ਵਗਦੇ ਹਨ। ਇਥੇ ਹੀ ਬੱਸ ਨਹੀਂ, ਵਰਨ-ਆਸ਼ਰਮ ਸਮਾਜ ਵਿਚਲੇ ਵੈਸ਼, ਸ਼ੂਦਰ ਤੇ ਇਸਤਰੀ ਵਰਗ ਕਾਵਾਂ-ਕੁੱਤਿਆਂ ਦੇ ਬਰਾਬਰ ਰੱਖੇ ਗਏ ਹਨ। ਜੇਕਰ ਅਜਿਹੀ ਮਾਨਵ-ਵਿਰੋਧੀ ਵਿਚਾਰਧਾਰਾ ਨੂੰ ਅਤੰਕਵਾਦੀ ਵਿਚਾਰਧਾਰਾ ਘੋਸ਼ਿਤ ਕਰ ਦਿੱਤਾ ਜਾਵੇ ਤਾਂ ਕੀ ਇਹ ਕੋਈ ਅਤਿ-ਕਥਨੀ ਹੋਵੇਗੀ ?

ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਅਸੂਲ ਨੂੰ ਮਾਨਤਾ ਦੇਣ ਵਾਲੇ ਸਰਬ-ਸਾਂਝੇ ਰੱਬੀ-ਗਿਆਨ ਦਾ ਫ਼ਲਸਫ਼ਾ, ਮਨੂੰਵਾਦ ਦੇ ਉੱਪਰ ਦਰਜ਼ ਕੀਤੇ ਸਾਰੇ ਦੇ ਸਾਰੇ ਮਾਨਵ-ਵਿਰੋਧੀ ਅਸੂਲਾਂ ਨੂੰ, ਅਕੱਟ-ਦਲੀਲਾਂ ਦੇ ਆਧਾਰ 'ਤੇ, ਮੁੱਢੋਂ ਹੀ ਰੱਦ ਕਰਦਾ ਹੈ।

ਉੱਪਰ, ਮਨੂੰਵਾਦੀ ਵਿਚਾਰਧਾਰਾ ਦਾ ਇੱਕ 'ਟ੍ਰੇਲਰ' ਹੀ ਪੇਸ਼ ਕੀਤਾ ਗਿਆ ਹੈ। ਸਮੁੱਚੀ ਵਿਚਾਰਧਾਰਾ ਦੀ ਪੜਚੋਲ ਕਰਨ ਲਈ ਇੱਕ ਵੱਡ-ਆਕਾਰੀ ਪੁਸਤਕ ਲਿਖਣ ਦੀ ਲੋੜ ਪਵੇਗੀ। ਮਨੂੰਵਾਦ ਦੀ ਵਿਚਾਰਧਾਰਾ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਨਾਲ ਨਿਪਟਣ ਲਈ, ਮਨੂੰਵਾਦੀ (ਚਾਣਕੀਯਾ ਕੂਟਨੀਤੀ ਦੀ ਵਰਤੋਂ ਕਰ ਕੇ) ਵਿਰੋਧੀ ਧਿਰ ਦਾ ਖੁਰਾ-ਖੋਜ਼ ਮਿਟਾਉਂਣ ਲਈ, ਗੌਤਮ ਬੁੱਧ ਦੇ ਸਮੇਂ ਤੋਂ (537 ਪੁਰਾਣਾ ਕਾਲ) ਹੀ, ਇੱਕ

ਵਿਸ਼ੇਸ਼ ਫ਼ਾਰਮੂਲੇ ਦੀ ਸਫ਼ਲਤਾ ਨਾਲ ਵਰਤੋਂ ਕਰਦੇ ਆ ਰਹੇ ਹਨ। ਇਸ ਬਾਰੇ ਵੀ ਸੰਖੇਪ ਵਿਚਾਰ ਕਰਨੀ ਹਥਲੇ ਵਿਸ਼ੇ ਲਈ ਪਰਸੰਗਕ ਲਗਦੀ ਹੈ।

ਮਨੂੰਵਾਦੀ (ਚਾਣਕੀਯਾ) ਕੂਟਨੀਤੀ

ਇਸ ਮੱਕਾਰ ਤੇ ਮਾਨਵ-ਵਿਰੋਧੀ ਨੀਤੀ ਦਾ ਘੜਨਹਾਰਾ ਇੱਕ ਕੌਟਲਿਆ ਨਾਮ ਦਾ ਬ੍ਰਾਹਮਣ ਹੈ ਜਿਹੜਾ ਬੋਧੀ-ਰਾਜ (ਮੌਰੀਆ ਰਾਜ-ਕਾਲ) ਸਮੇਂ ਇੱਕ ਮੰਤਰੀ ਹੁੰਦਾ ਸੀ। ਇਸ ਨੀਤੀ ਦੇ ਅਸੂਲ ਹਨ :-

(ੳ) **ਸਾਮ (ਸ਼ਰਣ)** - ਜੇਕਰ ਵਿਰੋਧੀ ਧਿਰ ਤੁਹਾਡੇ ਨਾਲੋਂ ਜ਼ਿਆਦਾ ਤਾਕਤਵਰ ਹੋਵੇ ਅਤੇ ਸਿੱਧੀ ਟੱਕਰ ਨਾਲ ਉਸ ਨੂੰ ਕਾਬੂ ਨਾ ਕੀਤਾ ਜਾ ਸਕਦਾ ਹੋਵੇ ਤਾਂ ਉਸ ਦੀ ਸ਼ਰਣ (ਸ਼ਾਮ) ਪੈਣ ਦਾ ਪਾਖੰਡ ਕਰ ਕੇ ਉਸ ਦੇ ਪੈਰਾਂ 'ਤੇ ਢਹਿ ਪੈਣਾ ਚਾਹੀਦਾ ਹੈ। ਪਰ, ਮਨ ਅੰਦਰ ਹਮੇਸ਼ਾਂ ਇਹ ਖਿਆਲ ਰੱਖਣਾ ਹੈ ਕਿ ਯੋਗ ਸਮਾਂ ਮਿਲਣ 'ਤੇ ਉਸ ਦੇ ਪੈਰ ਕੱਟ ਦੇਣੇ ਹਨ ਅਤੇ ਉਸ ਦਾ 'ਘੋਗਾ ਚਿੱਤ ਕਰ ਦੇਣਾ' ਹੈ। ਯਾਨੀ ਕਿ, **ਛਲ-ਕਪਟ ਤੇ ਝੂਠ ਮਨੂੰਵਾਦੀ ਕਿਰਦਾਰ ਦੇ ਪ੍ਰਵਾਨਤ ਅਸੂਲ ਹਨ।**

(ਅ) **ਦਾਮ (ਰਿਸ਼ਵਤ)** - ਜੇਕਰ ਵਿਰੋਧੀ ਤਾਕਤਵਰ ਧਿਰ 'ਸਾਮ' ਦੇ ਦਾਅ-ਪੇਚਾਂ ਨਾਲ ਕਾਬੂ ਨਾ ਆਵੇ. ਤਾਂ ਉਸ ਨੂੰ ਰਿਸ਼ਵਤ (ਜ਼ਰ, ਜ਼ੋਰੂ, ਜ਼ਮੀਨ ਦੀ) ਦੇ ਜ਼ੋਰ ਨਾਲ ਖ੍ਰੀਦ ਕੇ ਵੱਸ ਕਰਨ ਦੇ ਯਤਨ ਕੀਤੇ ਜਾਣ। ਯਾਨੀ ਕਿ, **ਭ੍ਰਿਸ਼ਟਾਚਾਰ ਮਨੂੰਵਾਦ ਵਿੱਚ ਪ੍ਰਵਾਨ ਹੈ।**

(ੲ) **ਦੰਡ (ਸਜ਼ਾ)** - ਸਮੇਂ-ਸਮੇਂ ਸਿਰ, ਵਿਰੋਧੀ ਧਿਰ ਨੂੰ ਕਮਜ਼ੋਰ ਕਰ ਕੇ, ਵਿਸਾਹ-ਘਾਤ ਕਰ ਕੇ, ਗੁਮਰਾਹ ਕਰ ਕੇ, ਵਹਿਸ਼ੀ ਤਾਕਤ ਦੀ ਵਰਤੋਂ ਨਾਲ ਨੇਸਤੋ-ਨਾਬੂਦ ਕਰ ਦਿੱਤਾ ਜਾਵੇ। ਯਾਨੀ ਕਿ, **ਮਨੂੰਵਾਦ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਨਾਲ ਵਿਸ਼ਵਾਸ਼ਘਾਤ ਕਰ ਕੇ ਉਨ੍ਹਾਂ 'ਤੇ ਵਹਿਸ਼ੀਆਨਾ ਜ਼ੁਲਮ ਕਰਨੇ ਵੀ ਮਨੂੰਵਾਦੀ ਵਿਚਾਰਧਾਰਾ ਦੇ ਬੁਨਿਆਦੀ ਅਸੂਲ ਹਨ।**

(ਸ) **ਭੇਦ (ਮੱਤ-ਭੇਦ)** - ਜੇਕਰ 'ਸਾਮ', 'ਦਾਮ' ਤੇ 'ਦੰਡ' ਦੇ ਤਿੰਨੋਂ ਦਾਅ-ਪੇਚ ਕਾਮਯਾਬ ਨਾ ਹੋਣ ਤਾਂ ਵਿਰੋਧੀ ਧਿਰ ਦੇ ਕੁੱਝ ਕੁ ਸਿਰ-ਕੱਢ ਖ਼ੁਦਗਰਜ਼ (ਸੁਆਰਥੀ ਤੇ ਹਲਕੇ ਕਿਰਦਾਰ ਵਾਲੇ) ਲੀਡਰਾਂ ਅਤੇ ਉਨ੍ਹਾਂ ਦੇ ਪਿੱਛ-ਲੱਗ ਕੱਚੇ-ਪਿੱਲੇ ਸਮਰਥਕਾਂ ਨੂੰ, ਕਿਸੇ ਵੀ ਢੰਗ ਨਾਲ (ਆਮਤੌਰ 'ਤੇ ਦੂਸ਼ਤ ਪ੍ਰਚਾਰ ਦੁਆਰਾ) ਉਨ੍ਹਾਂ ਦਾ 'ਬ੍ਰੇਨ-ਵਾਸ਼' (ਮੱਤ-ਪਰਿਵਰਤਨ) ਕਰ ਕੇ, ਉਨ੍ਹਾਂ ਨੂੰ, ਉਨ੍ਹਾਂ ਦੀ ਜਥੇਬੰਦੀ ਦੇ ਅਸੂਲਾਂ ਤੋਂ ਭਟਕਾ ਕੇ, ਵਿਰੋਧੀ ਧਿਰ ਅੰਦਰ 'ਖਾਨਾ-ਜੰਗੀ' (ਭਰਾ-ਮਾਰੂ ਝਗੜੇ) ਦਾ ਵਾਤਾਵਰਣ ਪੈਦਾ ਕੀਤਾ ਜਾਵੇ ਤਾਂ ਕਿ ਵਿਰੋਧੀ ਧਿਰ ਆਪਸ-ਵਿੱਚ ਲੜ-ਮਰ ਕੇ ਹੀ ਕਮਜ਼ੋਰ ਹੋ ਜਾਵੇ। ਇਸ ਤਰ੍ਹਾਂ, ਉਸ ਨੂੰ ਸੌਖਿਆਂ ਹੀ ਕਾਬੂ ਕੀਤਾ ਜਾ ਸਕਦਾ ਹੈ। **ਯਾਨੀ**

ਕਿ, ਸਮਾਜ ਵਿੱਚ, ਦੁਸ਼-ਪ੍ਰਚਾਰ ਰਾਹੀਂ, ਆਪਸੀ ਮੱਤ-ਭੇਦ ਪੈਦਾ ਕਰਾ ਕੇ ਝਗੜੇ ਤੇ ਵੈਰ-ਵਿਰੋਧ ਪੈਦਾ ਕਰਨੇ ਮਨੂੰਵਾਦੀ ਵਿਚਾਰਧਾਰਾ ਦੇ ਅਟੁੱਟ ਅੰਸ਼ ਹਨ।

ਵਿਰੋਧੀ ਧਿਰ ਦਾ ਸਰਬਨਾਸ਼ ਕਰਨ ਲਈ ਮਨੂੰਵਾਦੀ ਫ਼ਾਰਮੂਲਾ

(ੳ) **ਘੁਸਪੈਠ ਤੇ ਭਗਵਾਂਕਰਨ** - ਵਿਰੋਧੀ ਧਿਰ ਅੰਦਰ, (ਵਿਰੋਧੀ ਧਿਰ ਦੇ ਪੈਰੋਕਾਰਾਂ ਦਾ ਹੀ ਰੂਪ ਧਾਰ ਕੇ), ਵੱਡੀ ਪੱਧਰ 'ਤੇ ਦਾਖ਼ਲ ਹੋ ਜਾਣਾ ਅਤੇ ਉਸ ਧਿਰ ਦੇ ਪ੍ਰਚਾਰਕ ਬਣ ਕੇ ਉਸ ਦੀ ਵਿਚਾਰਧਾਰਾ (ਫ਼ਲਸਫ਼ਾ) ਵਿੱਚ ਮਨੂੰਵਾਦੀ ਖੋਟ ਮਿਲਾ ਕੇ (ਉਸ ਦੀ ਵਿਚਾਰਧਾਰਾ ਨੂੰ ਗੰਧਲਾ ਕਰਨ ਲਈ), ਉਸ ਨੂੰ ਭੰਬਲਭੂਸਿਆਂ 'ਚ ਪਾ ਕੇ, ਹੌਲੀ-ਹੌਲੀ, ਧਰਮ ਦੇ ਨਾਂ 'ਤੇ, ਮਨੂੰਵਾਦੀ ਕਰਮ-ਕਾਂਡਾਂ ਦੇ ਧਾਰਨੀ ਬਣਾਉਣਾ। ਯਾਨੀ ਕਿ, ਉਸ ਧਿਰ ਦੇ ਫ਼ਲਸਫ਼ੇ ਨੂੰ ਮਨੂੰਵਾਦੀ ਫ਼ਲਸਫ਼ੇ ਦੀ ਰੰਗਤ ਚਾੜ੍ਹਨੀ।

(ਅ) **ਵਿਰੋਧੀ ਧਿਰ ਨੂੰ ਅਨਪੜ੍ਹ, ਵਿਹਲੜ, ਨਸ਼ੇੜੀ ਤੇ ਵਿਭਚਾਰੀ ਬਣਾ ਕੇ ਕਮਜ਼ੋਰ ਕਰਨਾ** - ਵਿਰੋਧੀ ਮੱਤ (ਮਜ਼੍ਹਬ) ਦੇ ਬਾਨੀ ਦਾ ਚਰਿੱਤ੍ਰਘਾਤ ਕਰਨ ਅਤੇ ਵਿਰੋਧੀ ਮੱਤ ਦੇ ਫ਼ਲਸਫ਼ੇ ਇਤਿਹਾਸ ਤੇ ਸਭਿਆਚਾਰ ਨੂੰ ਗੰਧਲਾ ਕਰਨ ਲਈ ਮਨ-ਘੜਤ (ਨਕਲੀ) ਸਾਹਿਤ ਲਿਖ-ਲਿਖਾ ਕੇ ਵੱਡੇ ਪੱਧਰ 'ਤੇ ਪ੍ਰਚਾਰਨਾ ਤਾਕਿ ਨਿਸ਼ਾਨੇ 'ਤੇ ਰੱਖੇ ਮੱਤ ਦੇ ਪੈਰੋਕਾਰਾਂ ਨੂੰ ਅਨਪੜ੍ਹ, ਵਿਹਲੜ, ਨਸ਼ੇੜੀ ਤੇ ਵਿਭਚਾਰੀ ਬਣਾ ਕੇ ਹਰ ਪੱਖ ਤੋਂ ਕਮਜ਼ੋਰ ਕੀਤਾ ਜਾ ਸਕੇ। ਨਸ਼ੇੜੀ ਮਨੁੱਖ, ਸੁਭਾਵਕ ਹੀ, ਵਿਹਲੜ, ਵਿਭਚਾਰੀ ਤੇ ਅਪਰਾਧਕ ਰੁਚੀਆਂ ਦਾ ਧਾਰਨੀ ਬਣ ਜਾਂਦਾ ਹੈ।

(ੲ) **ਵਿਰੋਧੀ ਧਿਰ ਦੀਆਂ ਕੇਂਦਰੀ ਜਥੇਬੰਦੀਆਂ/ਸੰਸਥਾਵਾਂ 'ਤੇ ਕਬਜ਼ਾ** - ਆਪਣੀ ਕੌਮੀ ਵਿਚਾਰਧਾਰਾ, ਇਤਿਹਾਸ ਤੇ ਸਭਿਆਚਾਰ ਨਾਲੋਂ ਟੁੱਟੀ ਹੋਈ ਨਸ਼ੇੜੀ, ਵਿਹਲੜ, ਅਨਪੜ੍ਹ, ਤੇ ਆਚਰਣਹੀਣ ਹੋਈ ਕੌਮ ਦੀਆਂ ਕੇਂਦਰੀ ਜਥੇਬੰਦੀਆਂ/ਸੰਸਥਾਵਾਂ 'ਤੇ ਕਬਜ਼ਾ ਕਰਨਾ ਮਨੂੰਵਾਦੀਆਂ ਲਈ ਔਖਾ ਕੰਮ ਨਹੀਂ ਹੁੰਦਾ, ਕਿਉਂਕਿ, ਮਨੂੰਵਾਦੀ ਵਿਚਾਰਧਾਰਾ ਤੋਂ ਪ੍ਰਭਾਵਤ ਹੋ ਚੁੱਕੇ ਵਿਰੋਧੀ ਮੱਤ ਦੇ ਲੀਡਰਾਂ ਨੂੰ ਚਾਣਕੀਯਾ ਕੂਟਨੀਤੀ ਦੀ ਵਰਤੋਂ ਦੁਆਰਾ ਕਾਬੂ ਕਰ ਕੇ ਸਹਿਜੇ ਹੀ, ਇਹ ਕੰਮ ਕੀਤਾ ਜਾ ਸਕਦਾ ਹੈ।

(ਸ) **ਵਿਰੋਧੀ ਧਿਰ ਵਿੱਚ ਧਰਮ ਦੇ ਨਾਂ 'ਤੇ ਵੰਡੀਆਂ** - ਨਿਰਸੰਦੇਹ, ਵਿਰੋਧੀ ਧਿਰ ਦੇ ਸਾਰੇ ਲੀਡਰ ਤੇ ਪੈਰੋਕਾਰ ਮਨੂੰਵਾਦੀਆਂ ਦੀ ਸਾਜਿਸ਼ ਦਾ ਸ਼ਿਕਾਰ ਨਹੀਂ ਹੋ ਸਕਦੇ। ਵਿਰੋਧੀ ਧਿਰ ਦਾ ਜਾਗਰੂਕ ਹਿੱਸਾ ਮਨੂੰਵਾਦੀਆਂ ਦੀਆਂ ਉਪਰੋਕਤ ਕਾਰਵਾਈਆਂ ਦਾ, (ਵਿੱਤ-ਅਨੁਸਾਰ) ਵਿਰੋਧ ਕਰਦਾ ਰਹਿੰਦਾ ਹੈ। ਇਸ ਤਰ੍ਹਾਂ, ਹੌਲੀ-ਹੌਲੀ, ਵਿਰੋਧੀ ਧਿਰ, ਧਰਮ ਦੇ ਨਾਂ 'ਤੇ, ਅਲੱਗ-ਅਲੱਗ ਖੇਮਿਆਂ ਵਿੱਚ ਵੰਡੀ ਜਾਣੀ ਸ਼ੁਰੂ ਹੋ ਜਾਂਦੀ ਹੈ ਅਤੇ ਕਮਜ਼ੋਰ ਹੋਈ ਜਾਂਦੀ ਹੈ।

(ਹ) ਵਿਸ਼ਵਾਸਘਾਤ ਤੇ ਵਹਿਸ਼ੀਆਨਾ ਤਾਕਤ ਦੀ ਵਰਤੋਂ

ਨਿਸ਼ਾਨੇ 'ਤੇ ਰੱਖੀ ਵਿਰੋਧੀ ਕੌਮ ਜਾਂ ਧਾਰਮਿਕ ਘੱਟ ਗਿਣਤੀ ਨੂੰ ਨੇਸਤੋ-ਨਾਬੂਦ ਕਰਨ ਲਈ ਮਨੂੰਵਾਦੀਏ, (ਅਤੀਤ ਵਿੱਚ) ਉਸ ਧਿਰ ਨਾਲ ਕਿਸੇ ਮਜ਼ਬੂਰੀ-ਵੱਸ ਕੀਤੇ ਲਿਖਤੀ ਜਾਂ ਜ਼ੁਬਾਨੀ ਕੌਲਾਂ-ਇਕਰਾਰਾਂ ਨੂੰ ਬੇ-ਸ਼ਰਮੀ ਤੇ ਢੀਠਤਾਈ ਨਾਲ ਠੁਕਰਾ ਕੇ, ਉਸ ਧਿਰ ਦੀ, ਹਰ ਸੰਭਵ ਢੰਗ ਨਾਲ (ਦੇਸ਼ ਦੇ ਫ਼ੌਜੀ, ਨੀਮ-ਫ਼ੌਜੀ ਅਤੇ ਪੁਲਿਸ ਬਲਾਂ ਦੀ ਦੁਰਵਰਤੋਂ ਕਰ ਕੇ ਵੀ), ਸਮੇਂ-ਸਮੇਂ ਸਿਰ, ਨਸਲਕੁਸ਼ੀ ਦੇ ਪ੍ਰੋਗਰਾਮ ਸਿਰੇ ਚਾੜ੍ਹਦੇ ਰਹਿੰਦੇ ਹਨ।

ਮਨੂੰਵਾਦੀ ਅਜਗਰ ਨੇ ਸੁਤੰਤਰ ਬੁੱਧ-ਮੱਤ ਤੇ ਜੈਨ-ਮੱਤ ਨੂੰ ਨਿਗਲਿਆ

ਬੋਧੀ ਰਾਜਿਆਂ ਨੇ ਈਸਵੀ ਸੰਨ ਤੋਂ ਪਹਿਲਾਂ ਦੀਆਂ ਪੰਜ ਸਦੀਆਂ ਅਤੇ ਈਸਵੀ ਸੰਨ ਦੀਆਂ ਮੁੱਢਲੀਆਂ ਤਕਰੀਬਨ ਛੇ ਸਦੀਆਂ ਦੌਰਾਨ (ਤਕਰੀਬਨ 11 ਸੌ ਸਾਲ ਤੱਕ) ਭਾਰਤ ਦੇ ਇੱਕ ਵੱਡੇ ਹਿੱਸੇ 'ਤੇ ਰਾਜ ਕੀਤਾ ਸੀ ਅਤੇ ਆਪਣੇ ਰਾਜ-ਕਾਲ ਦੌਰਾਨ ਮੂਰਤੀ-ਪੂਜਾ 'ਤੇ ਪਾਬੰਦੀ ਲਗਾ ਦਿੱਤੀ ਸੀ। ਭਾਵੇਂ ਬੋਧੀ ਰਾਜੇ ਬ੍ਰਾਹਮਣਾਂ ਦਾ ਆਦਰ ਕਰਦੇ ਰਹੇ ਸਨ, ਪਰ ਬ੍ਰਾਹਮਣ ਦੀ ਰੋਜ਼ੀ-ਰੋਟੀ ਦੇ ਸਾਧਨਾਂ ਨੂੰ, ਮੂਰਤੀ-ਪੂਜਾ 'ਤੇ ਪਾਬੰਦੀ ਕਾਰਨ, ਤਕੜੀ ਸੱਟ ਵੱਜੀ ਸੀ। ਇਸ ਕਰ ਕੇ, ਜਦੋਂ ਰਾਜਪੂਤਾਂ ਨੇ ਜ਼ੋਰ ਫੜਿਆ ਤਾਂ ਬ੍ਰਾਹਮਣਾਂ ਨੇ ਰਾਜਪੂਤ-ਰਜਵਾੜਿਆਂ ਨਾਲ ਮਿਲ ਕੇ ਬੋਧੀਆਂ ਦਾ ਸਰਬਨਾਸ਼ ਕੀਤਾ, ਕਿਉਂਕਿ, ਬੋਧੀ ਰਾਜਿਆਂ ਦੇ ਅਮੀਰ-ਵਜ਼ੀਰ, (ਪੜ੍ਹੇ-ਲਿਖੇ ਹੋਣ ਕਰ ਕੇ) ਅਕਸਰ ਬ੍ਰਾਹਮਣ ਹੀ ਹੁੰਦੇ ਸਨ।

ਜਿਸ ਬੁੱਧ-ਮੱਤ ਦਾ ਭਾਰਤ ਉੱਪ-ਮਹਾਂਦੀਪ ਦੇ ਵੱਡੇ ਹਿੱਸੇ ਵਿੱਚ ਤਕਰੀਬਨ ਗਿਆਰਾਂ ਸੌ ਸਾਲ ਤੱਕ ਰਾਜਸੀ ਦਬ-ਦਬਾਅ ਅਤੇ ਬੋਲਬਾਲਾ ਰਿਹਾ ਸੀ ਅੱਜ ਭਾਰਤ ਵਿੱਚ ਕੋਈ ਟਾਵਾਂ-ਟਾਵਾਂ ਬੋਧੀ ਹੀ ਨਜ਼ਰ ਆਉਂਦਾ ਹੈ, ਹਾਲਾਂਕਿ ਬੁੱਧ-ਮੱਤ ਦਾ ਜਨਮ ਭਾਰਤ ਵਿੱਚ ਹੀ ਹੋਇਆ ਸੀ। ਅਜਿਹਾ ਦੁੱਖਦਾਈ ਭਾਣਾ ਕਿਵੇਂ ਵਰਤ ਗਿਆ? ਅਜਿਹਾ ਕਹਿਰ ਇਸ ਲਈ ਵਰਤਿਆ ਕਿ ਮਨੂੰਵਾਦ ਆਪਣੇ ਪ੍ਰਭਾਵ ਅਧੀਨ ਖੇਤਰ ਵਿੱਚ ਹੋਰ ਕਿਸੇ ਵੀ ਸੁਤੰਤਰ ਮੱਤ (ਮਜ਼ਬ) ਦੀ ਹੋਂਦ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਭਾਰਤ ਵਿੱਚ ਸੁਤੰਤਰ ਜੈਨ-ਮੱਤ ਸਰਬਨਾਸ਼ ਤੋਂ ਇਸ ਲਈ ਬਚ ਨਿਕਲਿਆ ਕਿ ਇਸ ਨੇ, ਮਨੂੰਵਾਦ ਦੀ ਸਰਦਾਰੀ ਕਬੂਲ ਕਰ ਕੇ, ਦੇਵੀ-ਦੇਵਤਿਆਂ ਦੀ ਪੂਜਾ ਕਰਨੀ ਪਰਵਾਨ ਕਰ ਲਈ ਸੀ।

ਮਨੂੰਵਾਦੀ ਅਜਗਰ ਸਿੱਖ-ਮੱਤ ਨੂੰ ਵੀ ਨਿਗਲਣ ਲੱਗਾ

1469 'ਚ ਸਿੱਖ-ਮੱਤ ਦੇ ਜਨਮ ਤੋਂ ਬਾਅਦ, ਭਾਰਤ ਦਾ ਕਾਫ਼ੀ ਹਿੱਸਾ ਪਠਾਣ ਤੇ ਮੁਗ਼ਲ ਬਾਦਸ਼ਾਹੀਆਂ ਦੀ ਗ਼ੁਲਾਮੀ ਅਧੀਨ ਆ ਗਿਆ। ਇਸ ਗ਼ੁਲਾਮੀ ਦਾ ਵੱਡਾ ਕਾਰਨ ਵੀ ਭਾਰਤ ਵਿੱਚ ਮਨੂੰਵਾਦ ਦੀ ਹੋਂਦ ਹੀ ਕਿਹਾ ਜਾ ਸਕਦਾ ਹੈ, ਕਿਉਂਕਿ, ਜਾਤ-ਪਾਤੀ ਵਰਨ-ਵੰਡ ਦੇ ਕਾਰਨ ਇਥੋਂ ਦਾ ਸਮਾਜਕ ਤਾਣਾ-ਬਾਣਾ ਆਪਸੀ ਫੁੱਟ, ਨਫ਼ਰਤ ਤੇ

ਆਚਰਣਹੀਣਤਾ ਦਾ ਸ਼ਿਕਾਰ ਹੋ ਕੇ ਜ਼ਰਜ਼ਰਾ ਹੋ ਚੁੱਕਿਆ ਸੀ। ਜ਼ਾਲਮ ਮੁਗ਼ਲ ਰਾਜ ਦੌਰਾਨ ਮਨੂੰਵਾਦੀਆਂ ਦੀ ਹਾਲਤ ਬਹੁਤ ਹੀ ਤਰਸਯੋਗ ਤੇ ਜ਼ਲਾਲਤ-ਭਰਪੂਰ ਹੋ ਗਈ। ਉਸ ਤੋਂ ਬਾਅਦ ਅੰਗਰੇਜ਼ੀ ਸਾਮਰਾਜ ਅਧੀਨ ਵੀ ਮਨੂੰਵਾਦੀਏ ਸਾਹਸਤਹੀਣ ਹੋਏ ਰਹੇ ਅਤੇ ਸਿੱਖ-ਮੱਤ ਦਾ ਬਹੁਤਾ ਨੁਕਸਾਨ ਕਰ ਸਕਣ ਦੀ ਹਾਲਤ ਵਿੱਚ ਨਹੀਂ ਸਨ ਰਹੇ। ਪਰ, ਇਨ੍ਹਾਂ ਨੇ 20ਵੀਂ ਸਦੀ ਦੀ ਭਾਰਤ ਦੀ ਆਜ਼ਾਦੀ ਦੀ ਜਦੋਜਹਿਦ ਦੌਰਾਨ ਬਹਾਦਰ ਸਿੱਖ ਕੌਮ ਦੀ ਭੋਲੀ-ਭਾਲੀ ਲੀਡਰਸ਼ਿਪ ਨੂੰ ਝੂਠੇ ਲਿਖਤੀ ਤੇ ਜ਼ਬਾਨੀ ਕੌਲਾਂ-ਇਕਰਾਰਾਂ ਦੇ ਜਾਲ ’ਚ ਫਸਾ ਕੇ ਵਿਸ਼ਵਾਸ਼ ਵਿੱਚ ਲੈ ਲਿਆ। **ਅਣਖ਼ੀਲੀ ਸਿੱਖ ਕੌਮ ਨੇ ਭਾਰਤ ਦੀ ਅਜ਼ਾਦੀ ਦੀ ਜਦੋਜਹਿਦ ਵਿੱਚ 80% ਤੋਂ ਵੀ ਵੱਧ ਕੁਰਬਾਨੀਆਂ ਦੇ ਕੇ ਅਗੱਸਤ 1947 ’ਚ ਭਾਰਤ ਨੂੰ ਆਜ਼ਾਦ ਕਰਵਾਇਆ। ਭਾਰਤ ਤਾਂ ਜ਼ਰੂਰ ਆਜ਼ਾਦ ਹੋ ਗਿਆ, ਪਰ, ਸਿੱਖ ਕੌਮ ਅੰਗਰੇਜ਼ਾਂ ਦੀ ਗ਼ੁਲਾਮੀ ’ਚੋਂ ਨਿਕਲ ਕੇ ਮਨੂੰਵਾਦੀਆਂ ਦੀ ਅੰਗਰੇਜ਼ਾਂ ਤੋਂ ਵੀ ਬਦਤਰ, ਗ਼ੁਲਾਮੀ ਵਿੱਚ ਫਸ ਗਈ।**

ਜਿਸ ਫ਼ਾਰਮੂਲੇ ਦੀ ਵਰਤੋਂ ਕਰ ਕੇ (ਇਸ ਦਾ ਉੱਪਰ ਜ਼ਿਕਰ ਕੀਤਾ ਜਾ ਚੁਕਾ ਹੈ) ਮਨੂੰਵਾਦੀਆਂ ਨੇ ਮਾਨਵ-ਵਾਦੀ ਬੁੱਧ-ਮੱਤ ਦਾ ਸਰਬਨਾਸ਼ ਕੀਤਾ ਸੀ, ਹੂ-ਬ-ਹੂ ਉਸੇ ਫ਼ਾਰਮੂਲੇ ਦੀ ਵਰਤੋਂ ਕਰ ਕੇ ਸਿੱਖ-ਮੱਤ ਦਾ ਵੀ ਸਰਬਨਾਸ਼ ਕਰਨ ਦੇ ਰਾਹ ’ਤੇ ਤੁਰੇ ਹੋਏ ਹਨ। ਜੇਕਰ ਸਿੱਖ ਕੌਮ ਨੇ ਸਰਬਨਾਸ਼ ਤੋਂ ਬਚਣਾ ਹੈ ਤਾਂ ਸ਼ਬਦ-ਗੁਰੂ ਦੀ ਸ਼ਰਣ ਵਿੱਚ ਰਹਿ ਕੇ ਗੁਰਮਤਿ-ਜੁਗਤਿ ਅਨੁਸਾਰ ਜਥੇਬੰਦ ਹੋ ਕੇ, ਸੁਚੇਤ ਰਹਿ ਕੇ, ਗੁਰੂ ਨਾਨਕ ਸਾਹਿਬ ਦੇ ਦੱਸੇ ਹੋਏ ਰਾਹ ’ਤੇ ਦ੍ਰਿੜਤਾ ਨਾਲ ਅੱਗੇ ਵਧਣਾ ਪਵੇਗਾ।

1947 ਤੋਂ ਬਾਅਦ, ਭਾਰਤੀ ਰਾਜ-ਤੰਤਰ ’ਤੇ ਹਾਵੀ ਹੋਕੇ, ਮਨੂੰਵਾਦੀਏ, ਭਾਰਤ ਵਿਚਲੀਆਂ ਛੋਟੀਆਂ ਕੌਮਾਂ, ਧਾਰਮਿਕ ਘੱਟ ਗਿਣਤੀਆਂ ਅਤੇ ਨਸਲੀ ਫ਼ਿਰਕਿਆਂ ਦਾ ਸਫ਼ਾਇਆ ਕਰਨ ਲਈ ਹੂ-ਬ-ਹੂ ਉਸੇ ਫ਼ਾਰਮੂਲੇ (ਜਿਸ ਦਾ ਜ਼ਿਕਰ ਉੱਪਰ ਕੀਤਾ ਜਾ ਚੁੱਕਾ ਹੈ) ਦੀ ਵਰਤੋਂ ਕਰਦੇ ਆ ਰਹੇ ਹਨ। ਅਸਲ ਵਿੱਚ, **ਸਿੱਖ-ਮੱਤ ਤੇ ਸਿੱਖ ਕੌਮ ਤਾਂ, ਗੁਰੂ ਨਾਨਕ ਸਾਹਿਬ ਦੇ ਵਕਤ ਤੋਂ ਹੀ, ਮਨੂੰਵਾਦੀਆਂ ਦੇ ਨਿਸ਼ਾਨੇ ’ਤੇ ਹੈ, ਕਿਉਂਕਿ, - ਸਰਬ-ਸਾਂਝਾ ਗੁਰਮਤਿ ਫ਼ਲਸਫ਼ਾ ਪੁਜਾਰੀ (ਪ੍ਰੋਹਿਤ) ਸ਼੍ਰੇਣੀ ਦੀ ਹੋਂਦ ਨੂੰ ਸਿਧਾਂਤਕ ਪੱਖ ਤੋਂ ਮੁੱਢੋਂ ਹੀ ਰੱਦ ਕਰਦਾ ਹੈ, ਜਾਤ-ਪਾਤ ਦੇ ਆਧਾਰ ’ਤੇ ਖੜ੍ਹੇ ਵਰਨ-ਆਸ਼ਰਮ ਸਮਾਜਿਕ ਸਿਸਟਮ ਨੂੰ, ਅਕੱਟ ਦਲੀਲਾਂ ਦੇ ਆਧਾਰ ’ਤੇ ਨਿਕਾਰਦਾ ਹੈ, ਵੇਦਾਂ ਦੀ ਅਸਲੀਅਤ ਬਿਆਨ ਕਰ ਕੇ, ਇਨ੍ਹਾਂ ਦੇ ਈਸ਼ਵਰੀ ਕਿਰਤ ਹੋਣ ਤੋਂ ਇਨਕਾਰੀ ਹੈ, ਦੇਵੀ-ਦੇਵਤਿਆਂ ਦੀ ਮੂਰਤੀ-ਪੂਜਾ ਦਾ ਖੰਡਨ ਕਰਦਾ ਹੈ, ਅਵਤਾਰਵਾਦ ਦੇ ਸਿਧਾਂਤ ਦਾ ਖੰਡਨ ਕਰਦਾ ਹੈ, ‘ਬ੍ਰਾਹਮਣ ਦੇ ਆਪਣੇ-ਆਪ ਨੂੰ ਦਿੱਤੇ ‘ਜਗਤ-ਗੁਰੂ’ ਦੇ ਨਕਲੀ**

ਰੁਤਬੇ ਨੂੰ ਰੱਦ ਕਰਦਾ ਹੈ, 'ਬ੍ਰਾਹਮਣ ਦੇਵਤਾ' ਨੂੰ ਹੀਰੋ ਤੋਂ ਜ਼ੀਰੋ ਬਣਾਉਂਦਾ ਹੈ, ਤੇ ਇਸ ਤਰ੍ਹਾਂ, ਮਨੂੰਵਾਦ ਦੀ ਸਮੁੱਚੀ ਮਾਨਵ-ਵਿਰੋਧੀ ਵਿਚਾਰਧਾਰਾ ਨੂੰ ਹੀ ਰੱਦ ਕਰਦਾ ਹੈ। ਸਿੱਖ ਕੌਮ ਦਾ ਪਿਛਲੀਆਂ ਤਕਰੀਬਨ ਪੰਜ ਸਦੀਆਂ ਦਾ ਇਤਿਹਾਸ, ਮਨੂੰਵਾਦੀਆਂ ਵੱਲੋਂ ਸਿੱਖ ਕੌਮ ਅਤੇ ਸਿੱਖ ਸਿਧਾਂਤ (ਗੁਰਮਤਿ) ਨਾਲ ਕੀਤੀ ਜਾ ਰਹੀ ਨਫ਼ਰਤ ਤੇ ਦੁਸ਼ਮਣੀ ਦੇ ਵਰਤਾਰੇ ਦੀ, ਬੁਲੰਦ ਆਵਾਜ਼ ਵਿੱਚ ਪੁਸ਼ਟੀ ਕਰਦਾ ਆ ਰਿਹਾ ਹੈ। ਪਰ, ਮੀਡੀਆ ਦੀ ਦੁਰ-ਵਰਤੋਂ ਅਤੇ ਡਿਪਲੋਮੇਸੀ ਦੇ ਸਾਧਨਾਂ ਦੀ ਕੂਟਨੀਤਕ ਵਰਤੋਂ (ਕੁ-ਵਰਤੋਂ) ਦੁਆਰਾ, ਭਾਰਤੀ ਰਾਜਤੰਤਰ 'ਤੇ ਹਾਵੀ ਹੋਏ ਆ ਰਹੇ ਮਨੂੰਵਾਦੀਏ, ਇਸ ਹਕੀਕਤ ਨੂੰ ਸੰਸਾਰ ਦੀਆਂ ਨਜ਼ਰਾਂ ਤੋਂ ਛੁਪਾ ਕੇ ਰੱਖਣ ਵਿੱਚ ਸਫਲ ਹੁੰਦੇ ਆ ਰਹੇ ਹਨ। ਪਰ, ਕਾਦਿਰ ਦੀ ਕੁਦਰਤਿ ਦਾ ਇਹ ਇੱਕ ਅਟੱਲ ਨਿਯਮ ਹੈ ਕਿ ਸੱਚ ਸੌ ਪੜਦੇ ਫਾੜ ਕੇ ਵੀ, ਕਦੇ-ਨਾ-ਕਦੇ, ਪ੍ਰਗਟ ਹੋ ਹੀ ਜਾਂਦਾ ਹੈ ਅਤੇ ਇਹ ਸੱਚ ਵੀ ਕਦੇ-ਨਾ-ਕਦੇ ਪ੍ਰਗਟ ਜ਼ਰੂਰ ਹੋਵੇਗਾ।

2. ਹਿੰਦੂਤਵ (ਨਵੀਨ ਬ੍ਰਾਹਮਣਵਾਦ)

ਹੁਣ ਮਨੂੰਵਾਦ ਦੇ ਪੈਰੋਕਾਰ ਅਤੇ ਜੋਗ-ਮੱਤ ਦੇ ਪੈਰੋਕਾਰ, (ਮਨੁੱਖੀ ਸਮਾਜ ਦਾ ਸਾਂਝੇ ਤੌਰ 'ਤੇ ਸ਼ੋਸ਼ਨ ਕਰਨ ਲਈ), ਆਪਸ ਵਿੱਚ ਇਕੱਠੇ ਹੋ ਗਏ ਹਨ ਅਤੇ ਇਸ ਸਾਂਝੇ ਸੰਗਠਨ ਦਾ ਨਾਮ ਹੈ 'ਹਿੰਦੂਤਵ'। **ਮਨੂੰਵਾਦੀ ਵਰਨ-ਆਸ਼ਰਮ ਸਮਾਜਿਕ ਸਿਸਟਮ (ਨਵੀਨ ਬ੍ਰਾਹਮਣਵਾਦ) ਨੂੰ ਪ੍ਰੋਮੋਟ ਕਰਨ ਵਾਲੀ ਕੇਂਦਰੀ ਜਥੇਬੰਦੀ ਦਾ ਨਾਮ ਹੈ ਰਾਸ਼ਟਰੀਆ ਸਵੈਮਸੇਵਕ ਸੰਘ (ਆਰ.ਐਸ.ਐਸ.)। ਇਸ ਸੰਗਠਨ ਦੀ 'ਸਿਆਸੀ ਸੰਤਾਨ' ਦਾ ਨਾਮ ਹੈ ਜਨਸੰਘ ਪਾਰਟੀ (ਮੌਜੂਦਾ ਭਾਰਤੀ ਜਨਤਾ ਪਾਰਟੀ)।** ਆਰੀਆ ਸਮਾਜ ਵੀ ਇਸੇ ਸਨਾਤਨੀ ਵਿਚਾਰਧਾਰਾ (ਵਰਨ-ਆਸ਼ਰਮ ਸਿਸਟਮ) 'ਚੋਂ ਨਿਕਲੀ ਹੋਈ ਇੱਕ ਸ਼ਾਖ ਹੈ ਜੋ ਐਲਾਨੀਆ ਤੌਰ 'ਤੇ ਜਾਤ-ਪਾਤ ਨੂੰ ਮਾਨਤਾ ਤਾਂ ਨਹੀਂ ਦੇਂਦੀ, ਪਰ, ਵੇਦਾਂ ਨੂੰ ਈਸ਼ਵਰੀ-ਕਿਰਤ ਮੰਨਦੀ ਹੈ। ਭਾਰਤ ਵਿੱਚ 'ਸਾਧੂ-ਸਮਾਜ' ਮਨੂੰਵਾਦ ਦਾ 'ਧਾਰਮਿਕ ਸੰਗਠਨ' ਹੈ। ਬਜਰੰਗ ਦਲ, ਸ਼ਿਵ-ਸੈਨਾ, ਵਿਸ਼ਵ ਹਿੰਦੂ-ਪ੍ਰੀਸ਼ਦ, ਹਿੰਦੂ ਮਹਾਂਸਭਾ, ਅਭਿਨਵ ਭਾਰਤ ਆਦਿ ਹਿੰਦੂ ਜਥੇਬੰਦੀਆਂ ਦੀਆਂ ਲੜੀਆਂ ਵੀ ਮਨੂੰਵਾਦ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਸਾਰੇ ਸੰਗਠਨਾਂ ਦਾ ਸਾਂਝਾ ਏਜੰਡਾ ਹੈ ਭਾਰਤ ਵਿਚਲੀਆਂ ਕੌਮਾਂ, ਧਾਰਮਕ ਘੱਟ ਗਿਣਤੀ ਵਰਗਾਂ, ਨਸਲੀ ਫਿਰਕਿਆਂ, ਤੇ ਪਿਛੜੀਆਂ ਸ਼੍ਰੇਣੀਆਂ ਨੂੰ, (ਹਰ ਹਰਬਾ ਵਰਤ ਕੇ) ਦੁਬੇਲ ਅਤੇ ਗ਼ੁਲਾਮ ਬਣਾ ਕੇ ਰੱਖਣਾ, ਤਾਕਿ ਭਾਰਤ ਉੱਪ-ਮਹਾਂਦੀਪ ਨੂੰ ਇੱਕ 'ਹਿੰਦੂ-ਰਾਸ਼ਟਰ' ਦਾ ਰੂਪ ਦਿੱਤਾ ਜਾ ਸਕੇ। ਇਨ੍ਹਾਂ ਵੱਲੋਂ ਸ਼ਰ੍ਹੇਆਮ ਮਾਰਿਆ ਜਾ ਰਿਹਾ ਨਾਅਰਾ, 'ਹਿੰਦੀ-ਹਿੰਦੂ-ਹਿੰਦੁਸਤਾਨ' ਇਸੇ ਨਾਪਾਕ ਏਜੰਡੇ ਦਾ ਖੁਲਾਸਾ ਕਰਦਾ ਹੈ। ਇਸ ਹਕੀਕਤ ਦੀ ਪੁਸ਼ਟੀ ਆਰ.ਐਸ.ਐਸ. ਦੇ ਮੌਜੂਦਾ ਮੁੱਖੀ ਮੋਹਨ ਭਾਗਵਤ ਦੇ ਰੋਜ਼ਾਨਾ ਸਪੋਕਸਮੈਨ ਵਿੱਚ 29 ਅਗੱਸਤ 2009 ਨੂੰ ਛਪੇ ਹੇਠ ਲਿਖੇ ਬਿਆਨ ਤੋਂ ਭਲੀ-ਭਾਂਤ ਹੋ ਜਾਂਦੀ ਹੈ -

25-30 ਸਾਲਾਂ ਵਿੱਚ ਭਾਰਤ ਨੂੰ ਹਿੰਦੂ-ਰਾਸ਼ਟਰ ਬਣਾ ਦੇਵਾਂਗੇ - ਆਰ.ਐਸ.ਐਸ. ਮੁੱਖੀ ਭਾਗਵਤ

ਨਵੀਂ ਦਿੱਲੀ, 28 ਅਗੱਸਤ: ਆਰ.ਐਸ.ਐਸ. ਦੇ ਆਗੂ ਆਪਣੀ ਇਸ ਅੜੀ ਨੂੰ ਛੱਡਣ ਲਈ ਤਿਆਰ ਨਹੀਂ ਕਿ ਭਾਵੇਂ ਇਸ ਦੇਸ਼ ਵਿੱਚ ਦੂਜੇ ਧਰਮ ਵੀ ਪਿਛਲੀਆਂ ਕੁੱਝ ਸਦੀਆਂ ਵਿੱਚ ਇਸ ਦੇਸ਼ ਦਾ ਭਾਗ ਬਣ ਚੁੱਕੇ ਹਨ, ਪਰ ਸੰਘ ਵਾਲੇ ਇਸ ਦੇਸ਼ ਨੂੰ 25-30 ਸਾਲਾਂ ਵਿੱਚ ਹਿੰਦੂ-ਰਾਸ਼ਟਰ ਬਣਾ ਕੇ ਰਹਿਣਗੇ। ਇਹ ਐਲਾਨ ਅੱਜ ਸੰਘ ਮੁੱਖੀ ਭਾਗਵਤ ਨੇ ਦੁਹਰਾਇਆ। ਉਨ੍ਹਾਂ ਕਿਹਾ ਕਿ ਸੰਘ ਹਿੰਦੂ ਸਮਾਜ ਨੂੰ ਸੰਗਠਤ ਕਰ ਰਿਹਾ ਹੈ ਅਤੇ ਆਉਂਣ ਵਾਲੇ 25-30 ਸਾਲਾਂ ਵਿੱਚ ਭਾਰਤ ਨੂੰ ਹਿੰਦੂ-ਰਾਸ਼ਟਰ ਬਣਾ ਕੇ ਆਪਣਾ ਟੀਚਾ ਹਾਸਿਲ ਕਰ ਲਵਾਂਗੇ। (ਰੋਜ਼ਾਨਾ ਸਪੋਕਸਮੈਨ, 29 ਅਗੱਸਤ, 2009)

ਗੁਜਰਾਤ ਦੇ ਮੁੱਖ-ਮੰਤਰੀ ਨਰਿੰਦਰ ਮੋਦੀ ਨੂੰ ਭਾਰਤੀ ਜਨਤਾ ਪਾਰਟੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਾਮਜ਼ਦ ਕਰ ਕੇ, ਭਾਰਤੀ ਸੰਸਦ ਦੀਆਂ ਅਪ੍ਰੈਲ-ਮਈ 2014 ਵਿੱਚ ਹੋ ਰਹੀਆਂ ਚੋਣਾਂ ਦੇ ਮੈਦਾਨ ਵਿੱਚ ਉਤਾਰਿਆ ਹੈ। ਫ਼ਰਵਰੀ 2002 ਵਿੱਚ ਗੋਧਰਾ ਕਾਂਡ ਨਾਲ ਸੰਬੰਧਤ ਗੁਜਰਾਤ ਵਿੱਚ ਮੁਸਲਮਾਨਾਂ ਦੇ ਹੋਏ ਕਤਲੇਆਮ ਲਈ ਨਰਿੰਦਰ ਮੋਦੀ 'ਤੇ (ਜੋ ਉਸ ਵਕਤ ਵੀ ਗੁਜਰਾਤ ਦਾ ਮੁੱਖ ਮੰਤਰੀ ਸੀ) ਗੰਭੀਰ ਕਿਸਮ ਦੇ ਦੋਸ਼ ਲਗਦੇ ਆ ਰਹੇ ਹਨ। ਅਜਿਹੇ ਵਿਵਾਦਤ ਵਿਅਕਤੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਾਮਜ਼ਦ ਕਰਨਾ ਕੀ ਆਰ.ਐਸ.ਐਸ. ਦੇ ਉਪਰੋਕਤ ਪਲਾਨ ਦਾ ਅਹਿਮ ਹਿੱਸਾ ਤਾਂ ਨਹੀਂ? (ਵੇਖੋ ਅੰਤਿਕਾ-4)

3. (ਮਨੂੰਵਾਦ ਤੋਂ ਪ੍ਰਭਾਵਤ) ਵਰਤਮਾਨ ਭਾਰਤੀ ਰਾਜਤੰਤਰ

1947 ਤੋਂ ਹੀ, ਮਨੂੰਵਾਦੀ ਲਾਬੀ (coterie) ਭਾਰਤੀ ਰਾਜ-ਤੰਤਰ ਦੇ ਚਾਰੋਂ ਹੀ ਥੰਮ੍ਹਾਂ ਅੰਦਰ ਮਜ਼ਬੂਤੀ ਨਾਲ ਸਥਾਪਤ ਹੋ ਕੇ, ਭਾਰਤ ਵਿਚਲੀਆਂ ਛੋਟੀਆਂ ਕੌਮਾਂ, ਧਾਰਮਿਕ ਘੱਟ ਗਿਣਤੀਆਂ ਅਤੇ ਪਿਛੜੇ ਸਮਾਜਕ ਵਰਗਾਂ ਬਾਰੇ ਝੂਠਾ ਪ੍ਰਚਾਰ ਕਰ ਕੇ, ਇਨ੍ਹਾਂ ਨੂੰ ਅੰਤਰ-ਰਾਸ਼ਟਰੀ (international) ਪੱਧਰ 'ਤੇ ਬਦਨਾਮ ਕਰਦੀ ਆ ਰਹੀ ਹੈ ਤਾਂ ਕਿ ਇਨ੍ਹਾਂ ਦਬਾਅ ਕੇ ਰੱਖੇ ਗਏ ਸਮਾਜਕ ਵਰਗਾਂ ਨਾਲ ਭਾਰਤ ਵਿੱਚ ਹੋ ਰਹੀਆਂ ਧੱਕੇਸ਼ਾਹੀਆਂ ਤੇ ਬੇ-ਇਨਸਾਫ਼ੀਆਂ ਬਾਰੇ ਕੌਮਾਂਤਰੀ ਪੱਧਰ 'ਤੇ ਹਮਦਰਦੀ ਦਾ ਮਾਹੌਲ ਨਾ ਬਣ ਸਕੇ ਅਤੇ, ਹੌਲੀ-ਹੌਲੀ, ਇਨ੍ਹਾਂ ਦਾ ਸਰਬਨਾਸ਼ ਵੀ ਕੀਤਾ ਜਾ ਸਕੇ। ਭਾਰਤ ਵਿੱਚ ਘੱਟ ਗਿਣਤੀਆਂ ਦੇ ਮਨੁੱਖੀ ਹੱਕਾਂ ਦੇ ਕੀਤੇ ਜਾ ਰਹੇ ਘਾਣ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲਿਆਂ ਨਾਲ ਸਰਕਾਰੀ ਪੱਧਰ 'ਤੇ ਵਧੀਕੀਆਂ ਕੀਤੀਆਂ ਜਾਂਦੀਆਂ ਹਨ ਤਾ ਕਿ ਕੋਈ ਭਾਰਤੀ ਸਟੇਟ ਦੇ ਅੱਤਵਾਦ ਦੇ ਖ਼ਿਲਾਫ਼ ਆਵਾਜ਼ ਨਾ ਚੁੱਕ ਸਕੇ (ਵੇਖੋ ਅੰਤਿਕਾ-1)। ਸਿੱਖ-ਮੱਤ, ਬੁੱਧ-ਮੱਤ ਤੇ ਜੈਨ-ਮੱਤ ਵਰਗੇ ਸੁਤੰਤਰ ਮੱਤਾਂ ਨੂੰ ਭਾਰਤੀ ਸੰਵਿਧਾਨ ਦੀ ਧਾਰਾ 25(2)(ਬੀ) ਹੇਠ ਮਨੋਕਲਪਿਤ ਹਿੰਦੂ-ਮੱਤ ਦੀਆਂ ਸ਼ਾਖ਼ਾਂ ਦੇ ਤੌਰ 'ਤੇ ਦਰਜ਼ ਕਰਨਾ ਇਸ ਹਕੀਕਤ ਦਾ ਪ੍ਰਤੱਖ ਸਬੂਤ ਹੈ।

ਭਾਰਤੀ ਰਾਜਤੰਤਰ ਜਾਤ-ਪਾਤ ਨੂੰ ਬਰਕਰਾਰ ਰੱਖਣ ਲਈ ਪੱਬਾਂ-ਭਾਰ - ਮਨੂੰਵਾਦੀ ਬਿੱਲੀ ਭਾਰਤੀ ਲੋਕ-ਤੰਤਰ ਦੇ ਥੈਲੇ 'ਚੋਂ ਬਾਹਰ ਆਈ

ਸੰਸਾਰ ਦੇ ਸਭਿਅਕ ਅਤੇ ਵਿਕਸਤ ਦੇਸ਼, ਮਨੁੱਖੀ ਸਮਾਜ 'ਚੋਂ ਜਾਤ-ਪਾਤ ਦੇ ਮਾਨਵ-ਵਿਰੋਧੀ ਵਰਤਾਰੇ ਦਾ ਖਾਤਮਾ ਕਰਨ ਲਈ, ਕਾਫ਼ੀ ਅਰਸੇ ਤੋਂ ਯਤਨ ਕਰਦੇ ਆ ਰਹੇ ਹਨ। ਪਰ, ਆਪਣੇ ਆਪ ਨੂੰ ਸੈਕੂਲਰ ਡੈਮੋਕਰੈਟਿਕ ਰੀਪਬਲਕ ਅਖਵਾਉਣ ਵਾਲਾ ਭਾਰਤੀ ਉੱਪ-ਮਹਾਂਦੀਪ, ਜਾਤ-ਪਾਤ ਦੇ ਕਲੰਕ ਨੂੰ, ਭਾਰਤ ਦੇ ਮੱਥੇ 'ਤੇ ਚਿਪਕਾਈ ਰੱਖਣ ਲਈ ਸਿਰਤੋੜ ਯਤਨ ਕਰਦਾ ਆ ਰਿਹਾ ਹੈ। ਭਲਾ ਕਿਉਂ ? ਕਿਉਂਕਿ, ਜੇਕਰ ਯੂ.ਐਨ.ਓ. ਜਾਤ-ਪਾਤੀ ਸਿਸਟਮ ਨੂੰ ਮਨੁੱਖੀ ਹੱਕਾਂ ਦੀ ਉਲੰਘਣਾ ਕਰਨ ਵਾਲਾ ਐਲਾਨ ਕੇ ਇਸ ਸਬੰਧੀ ਇੱਕ ਕੌਮਾਂਤਰੀ ਕਾਨੂੰਨ ਹੋਂਦ ਵਿੱਚ ਲੈ ਆਉਂਦਾ ਹੈ ਤਾਂ ਮਨੂੰਵਾਦੀਆਂ ਦੇ ਭਾਰਤ ਨੂੰ ਹਿੰਦੂ-ਰਾਸ਼ਟਰ ਐਲਾਨਣ ਦੇ ਸਾਰੇ ਮਨਸੂਬੇ ਧਰੇ-ਧਰਾਏ ਰਹਿ ਜਾਣਗੇ। ਕੀ ਅਜੇ ਵੀ ਕਿਸੇ ਕਿਸਮ ਦੀ ਸ਼ੱਕ ਦੀ ਗੁੰਜ਼ਾਇਸ਼ ਬਾਕੀ ਰਹਿ ਜਾਂਦੀ ਹੈ ਕਿ **ਭਾਰਤੀ ਰਾਜ-ਤੰਤਰ ਦਾ ਰੀਮੋਟ ਕੰਟਰੋਲ ਭਾਰਤੀ ਰਾਜ-ਤੰਤਰ 'ਤੇ ਛਾਈ ਹੋਈ ਮਨੂੰਵਾਦੀ ਲਾਬੀ (coterie) ਦੇ ਨਾਪਾਕ ਹੱਥਾਂ ਵਿੱਚ ਹੈ ? ਇਸ ਹਕੀਕਤ ਦੀ ਪੁਸ਼ਟੀ ਮੀਡੀਆ 'ਚ ਪ੍ਰਕਾਸ਼ਤ ਹੋ ਰਹੀਆਂ ਰੀਪੋਰਟਾਂ ਤੋਂ ਭਲੀ ਭਾਂਤ ਹੋ ਜਾਂਦੀ ਹੈ। ਮਿਸਾਲ ਦੇ ਤੌਰ 'ਤੇ, ਹੇਠਾਂ ਦਿੱਤੀਆਂ ਰੀਪੋਰਟਾਂ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ -**

"ਯੂ.ਐਨ.ਓ. ਦੀ ਮਾਨਵ ਅਧਿਕਾਰ ਕੌਂਸਲ ਨੇ ਚਾਰ ਮਹੀਨੇ ਪਹਿਲਾਂ ਇੱਕ ਖਰੜਾ ਸਾਰੇ ਦੇਸ਼ਾਂ ਨੂੰ ਭੇਜਿਆ ਸੀ ਜਿਸ ਅਧੀਨ ਜਾਤ-ਪਾਤ ਅਧਾਰਤ ਵਿਤਕਰਾ, ਅੱਗੇ ਤੋਂ ਮਾਨਵ-ਅਧਿਕਾਰਾਂ ਦੀ ਉਲੰਘਣਾ ਮੰਨਿਆ ਜਾਵੇਗਾ। ਮਾਮਲਾ ਇਸੇ ਤਰ੍ਹਾਂ ਹਮਾਇਤ ਪ੍ਰਾਪਤ ਕਰਦਾ ਰਿਹਾ ਤਾਂ ਯੂ.ਐਨ.ਓ. ਹਿਊਮਨ ਰਾਈਟਸ ਕੌਂਸਲ ਇਸ ਸਬੰਧੀ ਅਸੂਲ, ਨਿਯਮ ਤੇ ਦਿਸ਼ਾ-ਨਿਰਦੇਸ਼ ਤਿਆਰ ਕਰ ਕੇ ਯੂ.ਐਨ.ਓ. ਦੇ ਜਨਰਲ ਹਾਊਸ ਨੂੰ ਭੇਜ ਦੇਵੇਗੀ, ਜਿੱਥੇ ਪਾਸ ਹੋਣ ਮਗਰੋਂ, ਇਹ ਅੰਤਰ-ਰਾਸ਼ਟਰੀ ਕਾਨੂੰਨ ਬਣ ਜਾਵੇਗਾ। ਇਸ ਤੋਂ ਪਹਿਲਾਂ, 2001 ਵਿੱਚ, ਡਰਬਨ ਵਿੱਚ ਹੋਈ ਨਸਲਵਾਦ ਵਾਰੇ ਕਾਨਫ਼ਰੰਸ ਵਿੱਚ ਵੀ ਇਹ ਮਤਾ ਪਾਸ ਹੋਣ ਹੀ ਵਾਲਾ ਸੀ, ਪਰ, ਭਾਰਤ ਸਰਕਾਰ ਉਦੋਂ ਇਸ ਨੂੰ ਰੋਕਣ ਵਿੱਚ ਕਾਮਯਾਬ ਹੋ ਗਈ ਸੀ।...

ਜਦ ਦੇਸ਼ ਅੰਦਰਲੇ, ਸਾਰੇ ਵੱਡੇ ਯਤਨ ਫੇਲ੍ਹ ਹੋਏ ਹਨ ਤਾਂ ਯੂ.ਐਨ.ਓ. ਦਾ ਦਖਲ ਇੱਕ ਆਸ ਦੀ ਕਿਰਨ ਲੈ ਕੇ ਆਇਆ ਹੈ। ...ਪਰ, ਜੇ ਭਾਰਤ ਸਰਕਾਰ ਨੇ ਇਸ ਯਤਨ ਦੀ ਵਿਰੋਧਤਾ ਜਾਰੀ ਰੱਖੀ ਤਾਂ ਦੁਨੀਆਂ ਜਾਣ ਜਾਵੇਗੀ ਕਿ ਮੂੰਹ-ਜ਼ਬਾਨੀ, ਜਾਤ-ਪਾਤ ਦੀ ਨਿੰਦਾ ਕਰਨ ਵਾਲੇ, ਦਿਲੋਂ ਇਸ ਨੂੰ ਕਾਇਮ ਰੱਖਣਾ ਚਾਹੁੰਦੇ ਹਨ ਤੇ ਉਨ੍ਹਾਂ ਦੀ ਲੱਲੋ-

ਫੱਫੋ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ।" (ਰੋਜ਼ਾਨਾ ਸਪੋਕਸਮੈਨ, 29 ਸਤੰਬਰ 2009)

ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਿਆ ਜਾਵੇ, ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕੀਤੀ ਮੰਗ

ਕਠੂਆ, 18 ਅਪ੍ਰੈਲ: ਵਿਸ਼ਵ ਹਿੰਦੂ ਪ੍ਰੀਸ਼ਦ ਨੇ ਅੱਜ ਮੰਗ ਕੀਤੀ ਕਿ ਭਾਰਤ ਨੂੰ ਹਿੰਦੂ ਦੇਸ਼ ਐਲਾਨਿਆ ਜਾਵੇ ਕਿਉਂਕਿ ਇਸ ਕਾਰਵਾਈ ਨਾਲ ਹੀ ਅਤਿਵਾਦ ਸਣੇ ਹੋਰਨਾਂ ਬੁਰਾਈਆਂ ਨੂੰ ਨੱਥ ਪਾਈ ਜਾ ਸਕਦੀ ਹੈ। ਜਥੇਬੰਦੀ ਦੇ ਜਨਰਲ ਸਕੱਤਰ ਪ੍ਰਵੀਨ ਤੋਗੜੀਆ ਨੇ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ, "ਵਿਸ਼ਵ ਹਿੰਦੂ ਪ੍ਰੀਸ਼ਦ ਇੰਗਲੈਂਡ ਦੀ ਤਰਜ਼ 'ਤੇ ਦੁਨੀਆਂ ਦੇ ਸਭ ਤੋਂ ਵੱਡੇ ਲੋਕ-ਤੰਤਰ ਨੂੰ ਹਿੰਦੂ ਰਾਸ਼ਟਰ ਬਨਾਉਣਾ ਚਾਹੁੰਦੀ ਹੈ ਜਿੱਥੇ ਇੱਕ ਧਾਰਮਿਕ ਆਗੂ ਹੀ ਸੱਤਾ 'ਤੇ ਕਾਬਜ਼ ਹੋਵੇ। ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਨਾਲ ਹੀ ਅਤਿਵਾਦ ਵਰਗੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕਦਾ ਹੈ।"...ਉਨ੍ਹਾਂ ਕਿਹਾ ਸਭ ਤੋਂ ਅਹਿਮ ਗੱਲ ਇਹ ਹੈ ਕਿ ਕੋਈ ਘੱਟ ਗਿਣਤੀਆਂ ਲਈ ਰਾਖਵੇਂਕਰਨ ਦੀ ਮੰਗ ਨਹੀਂ ਕਰੇਗਾ.... ਉਨ੍ਹਾਂ ਕਿਹਾ ਪੁਰਾਤਨ ਸਮਿਆਂ ਤੋਂ ਭਾਰਤ ਹਿੰਦੂ ਦੇਸ਼ ਰਿਹਾ ਹੈ। ਅਸੀਂ ਇਸ ਰੁਤਬੇ ਨੂੰ ਬਹਾਲ ਕਰਨਾ ਹੈ। (ਪੀ.ਟੀ.ਆਈ), ਰੋਜ਼ਾਨਾ ਸਪੋਕਸਮੈਨ, 19 ਅਪ੍ਰੈਲ 2010)

ਟਿੱਪਣੀ: ਪ੍ਰਵੀਨ ਤੋਗੜੀਆ ਦਾ ਉਪਰੋਕਤ ਬਿਆਨ ਮਨੂੰਵਾਦੀ ਵਿਚਾਰਧਾਰਾ ਦੀ ਹੀ ਪ੍ਰੋੜਤਾ ਕਰਦਾ ਹੈ। ਇਤਿਹਾਸਕ ਪੱਖ ਤੋਂ ਵੀ ਇਹ ਬਿਆਨ ਗੁਮਰਾਹਕੁਨ ਤੇ ਝੂਠ ਦਾ ਪੁਲੰਦਾ ਹੈ, ਕਿਉਂਕਿ, ਭਾਰਤ ਉੱਪ-ਮਹਾਂਦੀਪ ਅੰਦਰ ਹਜ਼ਾਰਾਂ ਸਾਲ, ਕਈ ਦਰਜਨ ਸੁਤੰਤਰ ਦੇਸ਼, ਹੋਂਦ ਵਿੱਚ ਰਹੇ ਹਨ ਅਤੇ ਇਹ ਉੱਪ-ਮਹਾਂਦੀਪ, ਅਤੀਤ ਵਿੱਚ, ਕਦੇ ਵੀ ਹਿੰਦੂ ਦੇਸ਼ ਨਹੀਂ ਰਿਹਾ। 1947 ਤੱਕ ਭਾਰਤ ਅੰਗਰੇਜ਼ੀ ਸਾਮਰਾਜ ਅਧੀਨ ਸੀ। ਉਸ ਵਕਤ ਵੀ ਭਾਰਤ ਵਿੱਚ ਤਕਰੀਬਨ ਛੇ ਸੌ ਖ਼ੁਦਮੁਖਤਿਆਰ ਰਿਆਸਤਾਂ ਮੌਜੂਦ ਸਨ ਅਤੇ ਇਨ੍ਹਾਂ ਵਿੱਚੋਂ ਕੋਈ ਵੀ ਨਿਰੋਲ ਹਿੰਦੂ ਰਿਆਸਤ ਨਹੀਂ ਸੀ। ਇਥੇ ਹੀ ਬੱਸ ਨਹੀਂ, ਰਣਜੀਤ ਸਿੰਘ ਦੇ ਸਿੱਖ ਰਾਜ ਤੋਂ ਇਲਾਵਾ ਸਤਲੁਜ ਦਰਿਆ ਦੇ ਪੂਰਬ ਵੱਲ ਦੇ ਭਾਰਤ ਵਿੱਚ ਹੀ ਅੱਧੀ ਕੁ ਦਰਜਨ ਨਿਰੋਲ ਸਿੱਖ ਰਿਆਸਤਾਂ (ਪਟਿਆਲਾ, ਨਾਭਾ, ਜੀਂਦ, ਕੈਥਲ, ਬੂੜੀਆ, ਫਰੀਦਕੋਟ, ਨਾਲਾਗੜ੍ਹ ਆਦਿ) ਵੀ ਸਨ।

ਯੋਰਪੀਅਨ ਪਾਰਲੀਮੈਂਟ ਦਾ ਹੋਕਾ : ਜਾਤ-ਪਾਤ ਦੇ ਕੋਹੜ ਨੂੰ ਵੱਢੋ !

"ਜਾਤ-ਪਾਤ ਦੇ ਕੋਹੜ ਨੂੰ ਭਾਰਤ ਦਾ ਸਭ ਤੋਂ ਵੱਡਾ ਕੋਹੜ ਮੰਨਿਆ ਜਾਂਦਾ ਹੈ, ਜੋ ਬਾਹਰੋਂ ਆਏ ਆਰੀਆ ਲੋਕਾਂ ਨੇ, ਸਥਾਨਕ ਲੋਕਾਂ ਕੋਲੋਂ ਆਪਣੀ (ਬ੍ਰਾਹਮਣ ਦੀ) ਸਰਦਾਰੀ ਮਨਵਾਉਣ ਲਈ ਹੋਂਦ ਵਿੱਚ ਲਿਆਂਦਾ। ਦਾਅਵਾ ਕੀਤਾ ਗਿਆ ਕਿ ਪਰਮਾਤਮਾ ਨੇ ਆਪਣੇ ਮੱਥੇ ਦੇ ਮਾਸ ਨਾਲ ਬ੍ਰਾਹਮਣ ਪੈਦਾ ਕੀਤੇ, ਬਾਹਵਾਂ ਦੇ ਮਾਸ ਨਾਲ ਖੱਤਰੀ, ਪੇਟ ਦੇ ਮਾਸ ਨਾਲ ਵੈਸ਼ ਅਤੇ ਪੈਰਾਂ ਦੇ ਮਾਸ ਨਾਲ ਸ਼ੂਦਰ। ਕੀ ਪਰਮਾਤਮਾ ਦੇ ਪੈਰ ਏਨੇ ਹੀ ਮਾੜੇ ਹਨ ਕਿ ਉਨ੍ਹਾਂ ਦੇ ਮਾਸ ਨਾਲ ਬਣੇ ਮਨੁੱਖ 'ਅਛੂਤ' ਸਮਝੇ ਜਾਣੇ ਜ਼ਰੂਰੀ ਹਨ? ਇੱਕ ਆਮ ਮਹਾਂ ਪੁਰਸ਼ (ਮਨੁੱਖ) ਦੇ ਪੈਰਾਂ ਨੂੰ 'ਚਰਨ-ਕਮਲ' ਕਹਿ ਕੇ ਬੜਾ ਸਤਿਕਾਰਿਆ ਜਾਂਦਾ ਹੈ, ਪਰ ਜਦੋਂ ਪਰਮਾਤਮਾਂ ਦੇ ਪੈਰਾਂ ਦੀ ਗੱਲ ਆਵੇ ਤਾਂ ਉਨ੍ਹਾਂ ਨੂੰ ਏਨਾ ਘਟੀਆ ਪੇਸ਼ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੇ ਮਾਸ ਨਾਲ ਬਣੇ ਮਨੁੱਖ, ਅਛੂਤ ਅਤੇ ਸ਼ੂਦਰ ਮੰਨੇ ਜਾਣ ਲਗਦੇ ਹਨ। ਦਲੀਲ ਦੇ ਸਾਹਮਣੇ ਤਾਂ ਗੱਲ ਟਿੱਕ ਨਹੀਂ ਸਕਦੀ, ਪਰ ਧਰਮ ਵਾਲਿਆਂ ਨੇ ਸਦਾ ਤੋਂ ਹੀ ਹਰ ਬੇ-ਦਲੀਲੀ ਅਤੇ ਗ਼ਲਤ ਗੱਲ, ਪਵਿੱਤਰ ਗ੍ਰੰਥਾਂ ਵਿੱਚ ਲਿਖੀਆਂ ਗੱਲਾਂ ਅਤੇ ਪੁਜਾਰੀ-ਫ਼ਤਵਿਆਂ ਨੂੰ, ਮਨੁੱਖ ਦੇ ਗਲੇ ਹੇਠ ਜਬਰੀ ਉਤਾਰਨ ਦੀ ਕੋਸ਼ਿਸ਼ ਕੀਤੀ ਹੈ। **ਜਾਤ-ਪਾਤ ਵਰਗੀ ਬੇ-ਦਲੀਲੀ ਗੱਲ ਦਾ ਵੀ ਹੋਰ ਕੋਈ ਆਧਾਰ ਨਹੀਂ ਤੇ ਕੋਈ ਜਾਇਜ਼ ਕਾਰਨ ਨਹੀਂ...ਸਿਵਾਏ ਇਸ ਦੇ ਕਿ ਅਜਿਹਾ ਧਰਮ-ਗ੍ਰੰਥਾਂ ਵਿੱਚ ਲਿਖਿਆ ਹੋਇਆ ਹੈ ਤੇ 'ਗ੍ਰੰਥਾਂ' ਵਿੱਚ ਦਰਜ ਕਿਸੇ ਵੀ ਗੱਲ ਨੂੰ ਗ਼ਲਤ ਕਹਿਣਾ, ਪਾਪ ਹੈ!!**

ਖ਼ੈਰ, ਖ਼ੁਸ਼ੀ ਦੀ ਗੱਲ ਹੈ ਕਿ ਇਸ ਕੋਹੜ ਵਿਰੁੱਧ ਹੁਣ 10 ਅਕਤੂਬਰ ਨੂੰ ਯੌਰਪੀਅਨ ਪਾਰਲੀਮੈਂਟ ਨੇ ਇੱਕ ਮਤਾ ਪਾਸ ਕੀਤਾ ਹੈ ਤੇ ਨਵੀਂ ਗੱਲ ਇਹ ਦੱਸੀ ਹੈ ਕਿ ਭਾਰਤ ਤੋਂ ਇਲਾਵਾ ਕੁੱਝ ਹੋਰ ਦੇਸ਼ਾਂ ਵਿੱਚ ਵੀ, ਜਾਤ-ਪਾਤ ਦਾ ਕੋਹੜ, ਆਪਣਾ ਕੰਮ ਕਰ ਰਿਹਾ ਹੈ ਤੇ ਜਾਤ-ਪਾਤ ਕਾਰਨ, ਲੋਕਾਂ ਦੇ ਮਾਨਵੀ ਅਧਿਕਾਰਾਂ ਨੂੰ ਕੁਚਲਿਆ ਜਾ ਰਿਹਾ ਹੈ। ਯੋਰਪੀਅਨ ਪਾਰਲੀਮੈਂਟ ਦੇ ਦੱਸਣ ਅਨੁਸਾਰ, ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ, ਇਸ ਵੇਲੇ 26 ਕਰੋੜ ਲੋਕ, ਜਾਤ-ਪਾਤ ਕਾਰਨ, ਭਾਰੀ ਵਿਤਕਰੇ ਅਤੇ ਜ਼ੁਲਮ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਦੇਸ਼ਾਂ ਵਿੱਚ ਭਾਰਤ, ਨੇਪਾਲ, ਪਾਕਿਸਤਾਨ, ਬੰਗਲਾ ਦੇਸ਼ ਅਤੇ ਸ੍ਰੀਲੰਕਾ ਸ਼ਾਮਲ ਹਨ। ਭਾਰਤ ਵਿੱਚ ਸੱਭ ਤੋਂ ਵੱਧ ਦਲਿਤਾਂ, ਖ਼ਾਸ ਤੌਰ ’ਤੇ ਦਲਿਤ ਔਰਤਾਂ ਨੂੰ, ਜ਼ੁਲਮ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਯੋਰਪੀਅਨ ਪਾਰਲੀਮੈਂਟ ਨੇ ਖ਼ਾਸ ਤੌਰ ’ਤੇ ਦਲਿਤ ਔਰਤਾਂ ਉੱਤੇ ਢਾਹੇ ਜਾ ਰਹੇ ਜ਼ੁਲਮ ਦੀ ਨਿਖੇਧੀ ਕੀਤੀ ਹੈ। ਦਲਿਤਾਂ ਦੇ ਨਾਲ ਹੀ ਘੱਟ-ਗਿਣਤੀਆਂ ਵਾਲਿਆਂ ਨੂੰ ਵੀ, ਧਰਮ ਦੇ ਬਿਨਾਅ ’ਤੇ, ਇਨ੍ਹਾਂ ਦੇਸ਼ਾਂ ਵਿੱਚ ਵਿਤਕਰੇ ਅਤੇ ਜ਼ੁਲਮ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ।

ਯੋਰਪੀਅਨ ਪਾਰਲੀਮੈਂਟ ਨੇ ਇਹ ਵੀ ਨੋਟ ਕੀਤਾ ਹੈ ਕਿ ਦਲਿਤ ਲੋਕ ਜਦ ਦੇਸ਼ ਤੋਂ ਬਾਹਰ, ਵਿਦੇਸ਼ ਵਿੱਚ ਚਲੇ ਜਾਂਦੇ ਹਨ, ਤਾਂ ਉੱਥੇ ਵੀ ਉਨ੍ਹਾਂ ਨੂੰ ਲੇਬਰ ਮਾਰਕੀਟ ਵਿੱਚ, ਕੰਮ ਰੁਜ਼ਗਾਰ ਮਿਲਣ ਦੇ ਮਾਮਲੇ ਵਿੱਚ, ਡਾਢੇ ਧੱਕੇ ਦਾ ਸਾਹਮਣਾ ਕਰਨਾ ਪੈਂਦਾ ਹੈ। ਯੋਰਪੀਅਨ ਪਾਰਲੀਮੈਂਟ ਵਿੱਚ ਯੋਰਪ ਦੇ 28 ਦੇਸ਼ ਬੈਠਦੇ ਹਨ ਤੇ ਇਨ੍ਹਾਂ ਸਾਰਿਆਂ ਵੱਲੋਂ ਇਸ ਜ਼ਰੂਰੀ

ਮਸਲੇ 'ਤੇ, ਮਤਾ ਪਾਸ ਕਰਨਾ, ਬੜੀ ਮਹੱਤਵਪੂਰਨ ਗੱਲ ਹੈ ਤੇ ਆਸ ਕੀਤੀ ਜਾਂਦੀ ਹੈ ਕਿ ਯੋਰਪੀਅਨ ਪਾਰਲੀਮੈਂਟ ਦੀ ਗੱਲ ਸੁਣ ਕੇ, ਭਾਰਤ ਤੇ ਹੋਰ ਜਾਤ-ਪਾਤ ਨੂੰ ਮੰਨਣ ਵਾਲੇ ਦੇਸ਼ ਵੀ ਸਾਰੇ ਮਨੁੱਖਾਂ ਨੂੰ 'ਏਕ ਪਿਤਾ' ਦੇ ਬਰਾਬਰ ਬੱਚੇ ਸਮਝਣ ਵਾਲੇ ਪਾਸੇ ਇੱਕ ਦਿਨ ਜ਼ਰੂਰ ਚੱਲ ਪੈਣਗੇ"। (ਸੰਪਾਦਕੀ ਰੋਜ਼ਾਨਾ ਸਪੋਕਸਮੈਨ, 22 ਅਕਤੂਬਰ 2013)।

ਸੰਨ 2000 ਵਿੱਚ ਭਾਰਤ ਸਰਕਾਰ ਨੇ ਭਾਰਤੀ ਸੰਵਿਧਾਨ ਦੀ ਨਜ਼ਰਸਾਨੀ ਕਰਨ ਲਈ ਸੁਪਰੀਮ ਕੋਰਟ ਦੇ ਸਾਬਕਾ ਚੀ.ਫ ਜਸਟਿਸ ਐਮ.ਐਨ. ਵੈਂਕਟਚਲੈਈਆ ਦੀ ਅਗੁਵਾਈ ਹੇਠ, ਇੱਕ ਉੱਚ-ਤਾਕਤੀ ਕਮਿਸ਼ਨ ਸਥਾਪਤ ਕਰ ਦਿੱਤਾ। ਇਸ ਕਮਿਸ਼ਨ ਵਿੱਚ ਜਸਟਿਸ ਸਰਕਾਰੀਆ, ਜਸਟਿਸ ਜੀਵਨ ਰੈਡੀ ਅਤੇ ਸ੍ਰੀ ਸੋਲੀ ਸੋਰਾਬਜੀ ਸਮੇਤ, 11 ਉੱਘੇ ਕਾਨੂੰਨੀ ਮਾਹਰ ਮੈਂਬਰ ਸ਼ਾਮਿਲ ਸਨ। ਸਿੱਖ ਕੌਮ ਨੇ ਸੰਵਿਧਾਨ ਦੀ ਧਾਰਾ 25(2)(ਬੀ) ਵਿੱਚ ਸੋਧ ਕਰ ਕੇ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਸ਼ਾਖ ਵਜੋਂ ਰੱਦ ਕਰ ਕੇ ਸੁਤੰਤਰ ਧਰਮ ਦੇ ਤੌਰ 'ਤੇ ਦਰਜ ਕਰਾਉਂਣ ਲਈ ਆਪਣਾ ਕੇਸ (ਦਲੀਲਾਂ ਸਹਿਤ) ਕਮਿਸ਼ਨ ਅੱਗੇ ਪੇਸ਼ ਕੀਤਾ। ਮਾਰਚ 2002 ਵਿੱਚ, ਇਸ ਕਮਿਸ਼ਨ ਨੇ ਸਿੱਖ-ਮੱਤ ਨੂੰ ਇਸ ਧਾਰਾ ਵਿੱਚੋਂ ਕੱਢਣ ਦੀ ਸਿਫਾਰਿਸ਼ ਵੀ ਕਰ ਦਿੱਤੀ। ਪਰ, ਲਗਦਾ ਹੈ ਕਿ ਭਾਰਤੀ ਰਾਜ-ਤੰਤ੍ਰ ਅੰਦਰ ਮਜ਼ਬੂਤੀ ਨਾਲ ਸਥਾਪਤ ਹੋ ਚੁੱਕੀ ਮਨੂੰਵਾਦੀ ਲਾਬੀ (coterie) ਅਜਿਹਾ ਹੋਣ ਨਹੀਂ ਦੇ ਰਹੀ। ਸਦ ਅ.ਫਸੋਸ!

ਜਦੋਂ ਤੱਕ ਵਰਤਮਾਨ ਭਾਰਤ ਰਾਜ-ਤੰਤ੍ਰ ਨੂੰ ਮਨੂੰਵਾਦੀ ਲਾਬੀ ਦੇ ਦੂਰ-ਪ੍ਰਭਾਵ ਤੋਂ ਮੁਕਤ ਨਹੀਂ ਕੀਤਾ ਜਾਂਦਾ, ਇਥੇ ਅਸਲੀ ਲੋਕਰਾਜ (ਯਾਨੀ ਕਿ, ਚੰਗੇ ਸਮਾਜ ਪ੍ਰਬੰਧ ਦੀ ਸਿਰਜਨਾ) ਦੀ ਸਥਾਪਨਾ ਵੱਲ ਨਹੀਂ ਵਧਿਆ ਜਾ ਸਕਦਾ। ਇਹ ਇੱਕ ਦੁਖਦਾਈ ਹਕੀਕਤ ਹੈ ਕਿ ਇਸ ਉੱਪ-ਮਹਾਂਦੀਪ ਅੰਦਰ ਸਿੱਖ ਕੌਮ ਅਤੇ ਹੋਰ ਘੱਟ-ਗਿਣਤੀਆਂ ਅਨ-ਐਲਾਨੀ ਗ਼ੁਲਾਮੀ ਵਾਲੀ ਹਾਲਤ ਹੰਢਾਉਂਦੀਆਂ ਆ ਰਹੀਆਂ ਹਨ-ਭਾਰਤੀ ਰਾਜ-ਤੰਤ੍ਰ ਵੱਲੋਂ ਇਨ੍ਹਾਂ ਉੱਪਰ ਕੀਤੇ ਜਾ ਰਹੇ ਜ਼ੁਲਮ, ਵਿਤਕਰੇ ਅਤੇ ਬੇ-ਇਨਸਾਫ਼ੀਆਂ ਅਤੇ ਨਸਲਕੁਸ਼ੀਆਂ ਦੀ ਸੂਚੀ ਬਹੁਤ ਲੰਮੀ ਹੈ। ਪਰਮੇਸ਼ਰ ਮਿਹਰ ਕਰੇ, ਤਾਕਿ ਸੰਸਾਰ ਦੇ ਇਸ ਖੇਤਰ ਅੰਦਰ ਵੀ ਮਨੁੱਖੀ ਬਰਾਬਰਤਾ ਦਾ ਸਿਧਾਂਤ ਲਾਗੂ ਹੋ ਸਕੇ!

ਇਹ ਜਾਤ-ਪਾਤ ਦੀ ਬੀਮਾਰੀ ਵੀ (ਮਨੂੰਵਾਦ ਦੀ ਬਦੌਲਤ), ਪਿਛਲੀਆਂ ਤਕਰੀਬਨ ਢਾਈ ਸਦੀਆਂ ਤੋਂ, ਦੁਬਾਰਾ ਸਿੱਖ ਕੌਮ ਵਿੱਚ ਫੈਲ ਚੁੱਕੀ ਹੈ ਅਤੇ ਜਾਤ-ਅਧਾਰਤ ਗੁਰਦਵਾਰੇ ਵੀ ਹੋਂਦ ਵਿੱਚ ਆ ਚੁੱਕੇ ਹਨ, ਕਈ ਥਾਈਂ। ਚੰਗੇ ਸਮਾਜ ਪ੍ਰਬੰਧ ਦੀ ਸਿਰਜਨਾ ਦੇ ਰਾਹ ਵਿੱਚ ਇਹ ਵੀ ਇੱਕ ਵੱਡੀ ਚੁਣੌਤੀ ਦਾ ਰੂਪ ਧਾਰ ਕੇ ਸਾਡੇ ਸਾਹਮਣੇ ਖੜ੍ਹੀ ਹੈ।

ਅਸਲੀ ਮਾਨਵਵਾਦੀ ਮੱਤਾਂ ਦੀ ਥਾਂ ਨਕਲੀ ਮੱਤ ਹੋਂਦ ਵਿੱਚ ਆਉਂਦੇ ਰਹੇ!!

ਜਿਸ ਤਰ੍ਹਾਂ ਪਿੱਛੇ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਮਨੁੱਖਤਾ ਨੂੰ **'ਰਾਜਨੀਤਕ-ਪੁਜਾਰੀ-ਸਰਮਾਏਦਾਰ' ਦੀ ਤਿੱਕੜੀ ਦੇ ਸ਼ੋਸ਼ਨ ਅਤੇ ਲੁੱਟ-ਖਸੁੱਟ ਤੋਂ ਖ਼ਲਾਸੀ ਦਿਵਾਉਂਣ ਲਈ, ਸਮੇਂ-ਸਮੇਂ ਸਿਰ, ਇਨਕਲਾਬੀ ਮਹਾਂ ਪੁਰਖ (ਪੈ.ਗੰਬਰ, ਰਹਿਬਰ, ਆਦਿ) ਪੈਦਾ ਹੁੰਦੇ ਆਏ ਹਨ।** ਇਨ੍ਹਾਂ ਕਰਾਂਤੀਕਾਰੀ ਰੂਹਾਂ ਨੇ ਹੱਕ, ਸੱਚ ਤੇ ਇਨਸਾਫ਼ ਦੀ ਆਵਾਜ਼ ਬੁਲੰਦ ਕੀਤੀ, ਸਥਾਪਤ ਲੋਟੂ ਤਿੱਕੜੀ ਦੇ ਖਿਲਾਫ਼ ਜਦੋ-ਜਹਿਦ ਕੀਤੀ ਅਤੇ ਮਨੁੱਖਤਾ ਦੇ ਕੁੱਝ ਕੁ ਹਿੱਸੇ ਨੂੰ ਰੱਬੀ-ਸੱਚ ਦੇ ਮਾਰਗ 'ਤੇ ਪਾ ਕੇ ਆਪਣੀ ਮਾਨਵਵਾਦੀ ਵਿਚਾਰਧਾਰਾ (ਮਜ਼ਬ ਦੀ ਫ਼ਿਲਾਸਫ਼ੀ) ਦਾ ਪ੍ਰਚਾਰ ਤੇ ਪਾਸਾਰ ਕੀਤਾ। **ਪਰ, ਬਦਕਿਸਮਤੀ ਨਾਲ ਮਨੁੱਖਤਾ ਦੇ ਇਨ੍ਹਾਂ ਰਹਿਬਰਾਂ ਨੇ ਆਪੋ-ਆਪਣੇ ਮੱਤ (ਮਜ਼੍ਹਬ) ਦੇ ਫ਼ਲਸਫ਼ੇ ਨੂੰ ਆਪਣੇ ਜੀਵਨਕਾਲ ਦੌਰਾਨ ਨਾਂ ਤਾਂ ਆਪ ਹੀ ਕਲਮਬੰਦ ਕੀਤਾ ਅਤੇ ਨਾਂ ਹੀ ਆਪਣੇ ਕਿਸੇ ਪੈਰੋਕਾਰ ਪਾਸੋਂ ਆਪਣੀ ਨਿਗਰਾਨੀ 'ਚ ਕਲਮਬੰਦ ਕਰਾਇਆ। ਇਸ ਹਕੀਕਤ ਦਾ ਨਾਜ਼ਾਇਜ਼ ਫਾਇਦਾ ਉਠਾ ਕੇ, ਇਹ ਲੋਟੂ 'ਤਿੱਕੜੀ', ਇਨ੍ਹਾਂ ਹੀ ਰਹਿਬਰਾਂ ਦੀ ਵਿਚਾਰਧਾਰਾ ਨੂੰ 'ਆਪਣੇ ਮੁਆਫਕ ਆਉਣ ਵਾਲੀ ਵਿਚਾਰਧਾਰਾ ਵਿੱਚ ਬਦਲ ਕੇ', ਇਨ੍ਹਾਂ ਹੀ ਰਹਿਬਰਾਂ ਦੇ ਨਾਂ 'ਤੇ, ਨਕਲੀ ਮੱਤ ਪ੍ਰਚੱਲਤ ਕਰਨ ਵਿੱਚ ਸ.ਫਲ ਹੁੰਦੀ ਰਹੀ।** ਅਜਿਹਾ ਕਰਨ ਲਈ ਇਸ 'ਤਿੱਕੜੀ' ਨੇ ਇਨ੍ਹਾਂ ਰਹਿਬਰਾਂ ਨੂੰ ਕਰਾਮਾਤੀ ਸ਼ਕਤੀਆਂ ਦੇ ਮਾਲਿਕ ਬਣਾ ਕੇ ਉਨ੍ਹਾਂ ਨੂੰ ਰੱਬ ਵੱਲੋਂ ਸਿੱਧੇ ਹੀ ਮਿਲੇ ਗਿਆਨ ਦੇ ਆਧਾਰ 'ਤੇ (ਉਨ੍ਹਾਂ ਦੇ ਨਾਂ 'ਤੇ) ਨਕਲੀ ਧਾਰਮਿਕ ਗ੍ਰੰਥ ਤਿਆਰ ਕਰਵਾਏ ਅਤੇ ਪ੍ਰਚਾਰ ਕੀਤਾ ਕਿ ਇਨ੍ਹਾਂ ਗ੍ਰੰਥਾਂ 'ਤੇ ਕੋਈ ਵੀ ਕਿੰਤੂ-ਪ੍ਰੰਤੂ ਨਹੀਂ ਕੀਤਾ ਜਾ ਸਕਦਾ। ਅਜਿਹਾ ਕਰਨਾ ਇਸ ਲਈ ਜ਼ਰੂਰੀ ਸੀ ਕਿ ਮਨੁੱਖੀ ਸਮਾਜ ਆਪਣੇ ਦਿਮਾਗ਼ ਦੀ ਵਰਤੋਂ ਕਰ ਕੇ ਸੱਚ ਦੇ ਮਾਰਗ 'ਤੇ ਨਾ ਚੱਲ ਸਕੇ, ਅੰਦਰੂਨੀ-ਫੁੱਟ ਦਾ ਸ਼ਿਕਾਰ ਹੋ ਕੇ ਆਪਸ ਵਿੱਚ ਹੀ ਲੜਦਾ-ਮਰਦਾ ਰਹੇ ਅਤੇ ਫ਼ੋਕਟ ਕਰਮ-ਕਾਂਡਾਂ ਤੇ ਮਰਿਯਾਦਾਵਾਂ ਦੇ ਜਾਲ ਵਿੱਚ ਫਸਿਆ ਇਸ ਤਿੱਕੜੀ ਦੇ ਰਹਿਮੋ-ਕਰਮ 'ਤੇ ਹੀ ਨਿਰਭਰ ਰਹੇ।

ਇਨ੍ਹਾਂ ਰਹਿਬਰਾਂ ਦੇ ਨਾਂ 'ਤੇ ਪ੍ਰਚੱਲਤ ਕੀਤੇ ਜਾ ਚੁੱਕੇ ਨਕਲੀ ਧਾਰਮਿਕ ਗ੍ਰੰਥਾਂ ਵਿੱਚ ਇਨ੍ਹਾਂ ਰਹਿਬਰਾਂ ਦੇ ਫ਼ਲਸਫ਼ੇ ਦੇ ਵੀ ਕੁੱਝ ਅਸਲੀ ਅੰਸ਼ ਮਿਲ ਜਾਂਦੇ ਹਨ। ਪਰ, **ਮਨੁੱਖਤਾ ਵਿੱਚ ਧਰਮ ਦੇ ਨਾਂ 'ਤੇ ਵੰਡੀਆਂ ਪਾਉਣੀਆਂ, ਵੱਖਰੀ ਸੋਚ ਰੱਖਣ ਵਾਲੇ ਮਨੁੱਖਾਂ 'ਤੇ ਜ਼ੁਲਮ ਕਰਨੇ, ਮਨੁੱਖੀ ਸਮਾਜ ਵਿੱਚ ਧਰਮ ਦੇ ਨਾਂ 'ਤੇ ਨ.ਫ਼ਰਤ ਪੈਦਾ ਕਰਨੀ, ਵਿਤਕਰੇ ਕਰਨੇ, ਫ਼ਿਰਕਾਪ੍ਰਸਤੀ ਨੂੰ ਹਵਾ ਦੇਣੀ, .ਗੈਰ-ਮੱਤਾਂ ਵਾਲਿਆਂ ਦੀ ਨਸਲਕੁਸ਼ੀ ਕਰਨੀ, ਇਤਿਆਦਿ ਇਨ੍ਹਾਂ ਰਹਿਬਰਾਂ ਦੇ ਅਸਲੀ .ਫ਼ਲਸ.ਫ਼ੇ ਦੇ ਅੰਸ਼ ਕਦਾਚਿਤ ਨਹੀਂ ਹੋ ਸਕਦੇ - ਅਜਿਹੇ ਮਾਨਵ-ਵਿਰੋਧੀ ਅੰਸ਼ਾਂ ਦਾ ਪ੍ਰਚਲਤ ਮੱਤਾਂ ਵਿੱਚ ਮੌਜੂਦ ਹੋਣਾ ਹੀ ਸਭ ਤੋਂ ਵੱਡਾ ਸਬੂਤ ਹੈ ਇਨ੍ਹਾਂ ਦੇ ਨਕਲੀ ਹੋਣ ਦਾ।** ਲੇਖਕ ਦਾ ਦ੍ਰਿੜ ਵਿਸ਼ਵਾਸ਼ ਹੈ ਕਿ ਸਾਰੇ ਹੀ ਮੱਤਾਂ ਦੇ ਸਤਿਕਾਰਯੋਗ ਬਾਨੀ ਸਰਬੱਤ ਦਾ ਭਲਾ ਲੋਚਣ ਵਾਲੇ, ਮਨੁੱਖਤਾ ਵਿੱਚ ਪ੍ਰਚੱਲਤ ਹੋ ਚੁੱਕੀਆਂ ਊਚ-ਨੀਚ ਦੀਆਂ ਭਾਵਨਾਵਾਂ ਅਤੇ ਵਹਿਮਾਂ-ਭਰਮਾਂ ਨੂੰ ਰੱਦ ਕਰਨ ਵਾਲੇ, ਮਨੁੱਖੀ

ਸਮਾਜ ਅੰਦਰ ਇਸ ਲੋਟੂ ਤਿੱਕੜੀ ਦੁਆਰਾ ਪਾਈਆਂ ਗਈਆਂ ਵੰਡੀਆਂ ਨੂੰ ਮਿਟਾਉਣ ਵਾਲੇ, ਮਨੁੱਖ ਦੇ ਮਨੁੱਖ ਵਲੋਂ, ਕੀਤੇ ਜਾ ਰਹੇ ਸਰਬ-ਪੱਖੀ ਸ਼ੋਸ਼ਨ ਨੂੰ ਖ਼ਤਮ ਕਰਨ ਵਾਲੇ ਅਤੇ ਪ੍ਰਸਪਰ ਪ੍ਰੇਮ-ਭਾਵਨਾਵਾਂ ਦੇ ਧਾਰਨੀ ਮਨੁੱਖੀ ਭਾਈਚਾਰੇ ਦੀ ਸਿਰਜਨਾ ਕਰਨ ਲਈ ਜਦੋਜਹਿਦ ਕਰਨ ਵਾਲੇ ਸਨ। ਪਰ, **ਇਸ ਸ਼ਾਤਰ ਮਾਨਵ-ਵਿਰੋਧੀ ਤਿੱਕੜੀ ਨੇ ਇਨ੍ਹਾਂ ਰਹਿਬਰਾਂ ਨੂੰ ਹੀ (ਇਨ੍ਹਾਂ ਮਜ਼੍ਹਬਾਂ ਦੇ ਪ੍ਰਚੱਲਤ ਹੋ ਚੁੱਕੇ ਨਕਲੀ ਫ਼ਲਸਫ਼ਿਆਂ ਅੰਦਰ), ਐਨ ਇਸ ਦੇ ਉਲਟ ਕਿਰਦਾਰ ਵਾਲੇ ਬਣਾ ਕੇ ਪੇਸ਼ ਕਰ ਦਿੱਤਾ।** ਸਦ ਅਫ਼ਸੋਸ!

ਸੰਨ 1469 ਵਿੱਚ, ਰਾਇ ਭੋਇੰ ਦੀ ਤਲਵੰਡੀ (ਮੌਜੂਦਾ ਨਨਕਾਣਾ ਸਾਹਿਬ) ਵਿਖੇ, ਗੁਰੂ ਨਾਨਕ ਸਾਹਿਬ ਪ੍ਰਗਟ ਹੋਏ। **ਉਨ੍ਹਾਂ ਨੇ ਨੌਂ ਸਾਲ ਦੀ ਨਿੱਕੀ ਜਿਹੀ ਆਯੂ ਵਿੱਚ ਹੀ,** ਮਨੂੰਵਾਦੀ ਵਿਚਾਰਧਾਰਾ (ਅਸਲ ਵਿੱਚ, ਭਾਰਤ ਵਿੱਚ ਉਸ ਵਕਤ ਪ੍ਰਚੱਲਤ ਵਰਨ-ਆਸ਼ਰਮ ਦੀ ਕਰਮ-ਕਾਂਡੀ ਵਿਚਾਰਧਾਰਾ) ਅਧੀਨ, ਮਨੁੱਖੀ ਸਮਾਜ ਵਿੱਚ ਧਰਮ ਦੇ ਨਾਂਅ 'ਤੇ ਵੰਡੀਆਂ ਪਾਉਂਣ ਵਾਲੀ **ਗ਼ੈਰ-ਕੁਦਰਤੀ ਤੇ ਮਾਨਵ-ਵਿਰੋਧੀ ਜਨੇਊ ਧਾਰਨ ਕਰਨ ਦੀ ਅਹਿਮ ਰਸਮ ਨੂੰ, ਭਰੀ ਸਭਾ ਵਿੱਚ, ਅਕੱਟ ਦਲੀਲਾਂ ਦੇ ਆਧਾਰ 'ਤੇ ਰੱਦ ਕਰ ਕੇ, ਇੱਕ ਆਦਰਸ਼ਕ ਮਨੁੱਖੀ ਸਮਾਜ ਦੀ ਸਿਰਜਨਾ ਲਈ, ਇੱਕ ਲਾ-ਸਾਨੀ ਇਨਕਲਾਬ ਦੇ ਅਰੰਭ ਕਰਨ ਦਾ ਬਿਗੁਲ ਵਜਾ ਦਿੱਤਾ** - ਇੱਕ ਅਜਿਹਾ ਸਦੀਵਕਾਲੀ ਤੇ ਸਰਬਦੇਸ਼ੀ ਇਨਕਲਾਬ ਜਿਸ ਦਾ ਮਨੋਰਥ, ਮਨੁੱਖ ਦੀ ਹਰ ਪੱਖ ਤੋਂ ਬਰਾਬਰਤਾ ਦੇ ਅਧਾਰ 'ਤੇ, ਵਿਸ਼ਵ-ਪੱਧਰੀ ਹਲੇਮੀ ਰਾਜ (ਰੱਬੀ-ਰਾਜ) ਦੀ ਸਥਾਪਨਾ ਕਰਨਾ ਸੀ। ਜੁੱਗੋ-ਜੁੱਗ ਅਟੱਲ, ਨਿਰੰਕਾਰ ਪ੍ਰਭੂ ਦੇ ਸ਼ਬਦ-ਸਰੂਪ, ਗੁਰੂ ਗ੍ਰੰਥ ਸਾਹਿਬ ਵਿੱਚ '੧ੳ' ਤੋਂ ਲੈ ਕੇ "ਤਨੁ ਮਨੁ ਥੀਵੈ ਹਰਿਆ" ਤੱਕ ਦਾ ਗੁਰਮਤਿ ਫ਼ਲਸਫ਼ਾ ਇਸ ਇਨਕਲਾਬੀ ਲਹਿਰ ਦੀ ਵਿਚਾਰਧਾਰਾ ਦਾ ਧੁਰਾ ਬਣਿਆ। **ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ 'ਮੱਤ' ਨੂੰ 'ਸਿੱਖ-ਮੱਤ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਅਸਲ ਵਿੱਚ, 'ਸਿੱਖ-ਮੱਤ', ਇੱਕ ਵਿਲੱਖਣ ਮੱਤ (ਧਰਮ) ਹੋਣ ਦੇ ਨਾਲ-ਨਾਲ ਪ੍ਰਭੂ-ਪਿਤਾ ਦੇ ਸਰਬ-ਸਾਂਝੇ 'ਬ੍ਰਹਮ-ਗਿਆਨ' ਦੇ ਪ੍ਰਕਾਸ਼ (ਗੁਰਮਤਿ) ਦਾ ਵਿਸ਼ਵ-ਪੱਧਰੀ ਪ੍ਰਚਾਰ ਤੇ ਪਾਸਾਰ ਕਰਨ ਲਈ ਇੱਕ ਸਦੀਵਕਾਲੀ ਇਨਕਲਾਬੀ ਲਹਿਰ ਵੀ ਹੈ।**

ਸੁਭਾਵਕ ਹੈ, ਕਿ ਗੁਰੂ ਨਾਨਕ ਸਾਹਿਬ ਨੇ ਜਿੱਥੇ ਉਸ ਵਕਤ ਤੱਕ ਪ੍ਰਚੱਲਤ ਹੋ ਚੁੱਕੇ ਮੱਤਾਂ ਦਾ ਡੂੰਘਾ ਅਧਿਐਨ ਕੀਤਾ, ਉੱਥੇ ਇਸ ਖ਼ੁਦਗਰਜ਼ ਤੇ ਸ਼ਾਤਰ ਤਿੱਕੜੀ ਦੇ ਕਿਰਦਾਰ ਬਾਰੇ ਵੀ ਬੜੀ ਬਾਰੀਕੀ ਨਾਲ ਸਾਰੇ ਪੱਖਾਂ ਤੋਂ ਵਿਚਾਰ ਕੀਤਾ। ਇਸ ਹਕੀਕਤ ਦੀ ਪੁਸ਼ਟੀ ਸਤਿਗੁਰਾਂ ਦੁਆਰਾ ਪ੍ਰਗਟ ਹੋਈ ਸਰਬਸਾਂਝੀ ਗੁਰਬਾਣੀ ਦੇ ਅਧਿਐਨ ਤੋਂ ਸਹਿਜੇ ਹੀ ਹੋ ਜਾਂਦੀ ਹੈ। **ਗੁਰੂ ਨਾਨਕ ਸਾਹਿਬ ਵੱਲੋਂ 1478 ਵਿੱਚ ਅਰੰਭ ਕੀਤੇ ਲਾਸਾਨੀ ਇਨਕਲਾਬ ਦਾ ਟੀਚਾ ਸੰਸਾਰ ਵਿੱਚ, ਪੜਾਅ-ਦਰ-ਪੜਾਅ, ਰੱਬੀ-ਰਾਜ ਦੀ ਸਥਾਪਨਾ ਕਰ ਕੇ ਸਰਬੱਤ ਦੇ ਭਲੇ ਦਾ ਸਦੀਵਕਾਲੀ ਬਾਨ੍ਹਣੂ ਬੰਨ੍ਹਣਾ ਹੈ - ਇੱਕ ਅਜਿਹੇ ਆਦਰਸ਼ਕ ਸਮਾਜ-ਪ੍ਰਬੰਧ ਦੀ ਸਥਾਪਨਾ ਜਿਸ ਦੁਆਰਾ ਸਿਆਸੀ-ਸੱਤਾ ਦੀ ਕਾਣੀ**

ਵੰਡ, ਸਮਾਜਕ ਰੁਤਬਿਆਂ ਦੀ ਕਾਂਣੀ ਵੰਡ ਤੇ ਆਰਥਕ ਸਾਧਨਾਂ ਦੀ ਅਸਾਵੀਂ ਵੰਡ ਵਾਲੇ ਨਿਜ਼ਾਮ ਨੂੰ ਜੜ੍ਹੋਂ ਉਖਾੜ ਕੇ ਇਸ ਦੀ ਥਾਂ 'ਸਭੇ ਸਾਂਝੀਵਾਲ ਸਦਾਇਨਿ', ਵਾਲੇ ਫ਼ਲਸਫ਼ੇ ਨੂੰ ਅਮਲੀ ਰੂਪ ਦੇ ਕੇ ਸੰਸਾਰ ਵਿੱਚ ਸਦੀਵੀ ਸੁਖ-ਸ਼ਾਂਤੀ ਤੇ ਹੱਕ, ਸੱਚ ਤੇ ਇਨਸਾਫ਼ ਦਾ ਜਾਮਨ ਨਿਜ਼ਾਮ ਸਥਾਪਤ ਕਰ ਕੇ, ਇਸ ਧਰਤੀ 'ਤੇ ਹੀ, ਸਵੱਰਗ ਦਾ ਮਾਡਲ ਕਾਇਮ ਕਰਨਾ ਹੈ। ਇਸ ਲਾਸਾਨੀ ਇਨਕਲਾਬ ਦੀ ਅਗੁਵਾਈ ਕਰਦਿਆਂ ਗੁਰੂ ਨਾਨਕ ਸਾਹਿਬ ਦੇ ਤਿੰਨ ਉਤਰਾਧਿਕਾਰੀ ਗੁਰੂ ਜਾਮਿਆਂ (ਗੁਰੂ ਅਰਜੁਨ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ) ਨੂੰ ਸ਼ਹਾਦਤਾਂ ਦੇਣੀਆਂ ਪਈਆਂ। ਦਸਮੇਸ਼ ਜੀ ਨੇ ਤਾਂ ਆਪਣਾ ਸਰਬੰਸ ਹੀ ਇਸ ਇਨਕਲਾਬ ਦੇ ਲੇਖੇ ਲਾ ਦਿੱਤਾ। ਇਥੇ ਹੀ ਬੱਸ ਨਹੀਂ; **ਸਿੱਖ-ਮੱਤ ਦੇ ਧਾਰਨੀ ਲੱਖਾਂ ਹੀ ਪ੍ਰਾਣੀਆਂ, ਜਿਨ੍ਹਾਂ ਵਿੱਚ ਮਰਦ, ਇਸਤਰੀਆਂ ਅਤੇ ਸ਼ੀਰ-ਖੋਰ ਮਾਸੂਮ ਬੱਚੇ ਵੀ ਸ਼ਾਮਿਲ ਹਨ, ਨੇ ਮਨੁੱਖਤਾ ਦੇ ਭਲੇ ਲਈ, ਇਸ ਇਨਕਲਾਬੀ ਲਹਿਰ ਦੇ ਵਿਕਾਸ ਲਈ, ਕੁਰਬਾਨੀਆਂ ਦਿੱਤੀਆਂ।**

ਸ਼ਾਇਦ ਪਹਿਲੇ ਹੋ ਚੁੱਕੇ ਮੱਤਾਂ ਦੇ ਬਾਨੀਆਂ ਦੇ ਮਾਨਵਵਾਦੀ ਫ਼ਲਸਫ਼ਿਆਂ ਦੇ ਹੋ ਚੁੱਕੇ ਹਸ਼ਰ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਹੀ, ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਨੇ ਗੁਰਮਤਿ ਫ਼ਲਸਫ਼ੇ ਨੂੰ, ਸਮੇਂ-ਸਮੇਂ ਸਿਰ, ਖ਼ੁਦ ਕਲਮਬੰਦ ਕਰ ਕੇ, ਜੁੱਗੋ-ਜੁੱਗ ਅਟੱਲ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦਾ ਸਰੂਪ ਆਪਣੀ ਨਿੱਜੀ ਦੇਖ-ਰੇਖ ਹੇਠ ਤਿਆਰ ਕਰਵਾ ਕੇ ਮਨੁੱਖਤਾ ਦੀ ਸਦੀਵਕਾਲੀ ਅਗੁਵਾਈ ਲਈ 6 ਅਕਤੂਬਰ 1708 ਦੇ ਦਿਨ, ਸਦਾ ਵਾਸਤੇ ਗੁਰਗੱਦੀ 'ਤੇ ਸ਼ੁਸ਼ੋਭਤ ਕਰ ਦਿੱਤਾ। ਪਰ, 'ਹਾਕਮ-ਪੁਜਾਰੀ-ਸਰਮਾਏਦਾਰ' ਦੀ ਖ਼ੁਦਗਰਜ਼ ਤਿੱਕੜੀ ਵੀ ਚੈਨ ਨਾਲ ਟਿਕ ਕੇ ਨਹੀਂ ਬੈਠੀ। ਇਸ ਨੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ, ਗੁਰਮਤਿ ਫ਼ਲਸਫ਼ੇ ਨੂੰ ਗੰਧਲਾ ਕਰ ਕੇ ਮਨੁੱਖਤਾ ਨੂੰ ਭੰਬਲ-ਭੂਸਿਆਂ 'ਚ ਪਾ ਕੇ, ਇਸ ਇਨਕਲਾਬੀ ਲਹਿਰ ਨੂੰ ਪੁੱਠਾ ਗੇੜ ਦੇਣ ਦੇ ਸਿਰਤੋੜ ਯਤਨ ਜਾਰੀ ਰੱਖੇ ਹੋਏ ਹਨ ਅਤੇ ਇਹ ਤਿੱਕੜੀ ਆਪਣੇ ਨਾਪਾਕ ਮਿਸ਼ਨ ਵਿੱਚ ਕਾਫ਼ੀ ਹੱਦ ਸਫ਼ਲਤਾ ਵੀ ਪ੍ਰਾਪਤ ਕਰ ਚੁੱਕੀ ਹੈ। ਯਾਨੀ ਕਿ, **ਜਿਨ੍ਹਾਂ ਵਹਿਮਾਂ-ਭਰਮਾਂ, ਕਰਮ-ਕਾਂਡਾਂ, ਮਰਿਯਾਦਾਵਾਂ, ਫੋਕਟ ਰਸਮਾਂ-ਰੀਤਾਂ, ਊਚ-ਨੀਚ ਦੀਆਂ ਭਾਵਨਾਵਾਂ ਅਤੇ ਵਿਤਕਰਿਆਂ ਦਾ ਗੁਰੂ-ਬਾਣੀ ਸਖਤੀ ਨਾਲ ਖੰਡਨ ਕਰਦੀ ਹੈ, ਉਨ੍ਹਾਂ ਨੂੰ ਹੀ ਗੁਰਮਤਿ ਦੇ ਲੇਬਲ ਹੇਠ ਪ੍ਰਚਾਰ ਕੇ ਪ੍ਰਚਲਤ ਕਰਨ ਦੇ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਇਥੇ ਹੀ ਬੱਸ ਨਹੀਂ, ਅਖੌਤੀ ਦਸਮ ਗ੍ਰੰਥ, ਸਰਬਲੋਹ ਗ੍ਰੰਥ, ਪ੍ਰੇਮ ਸੁਮਾਰਗ ਗ੍ਰੰਥ ਆਦਿ ਗੁਰਮਤਿ ਵਿਰੋਧੀ ਰਚਨਾਵਾਂ ਨੂੰ ਦਸਮੇਸ਼ ਜੀ ਦੇ ਨਾਮ ਨਾਲ ਜੋੜ ਕੇ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ ਸਥਾਪਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ।** ਧਰਮਸ਼ਾਲਾ (ਗੁਰਦਵਾਰਾ), ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਅਕਾਲੀ ਦਲ, ਸ੍ਰੋ. ਗੁਰਦਵਾਰਾ ਪ੍ਰਬੰਧਕ ਕਮੇਟੀ ਆਦਿ ਸੰਸਥਾਵਾਂ/ਜਥੇਬੰਦੀਆਂ ਦਾ ਭਗਵਾਂਕਰਨ ਕਰ ਕੇ ਇਨ੍ਹਾਂ ਨੂੰ ਆਰ.ਐਸ.ਐਸ. ਦੇ ਅਧੀਨ ਕੀਤਾ ਜਾ ਰਿਹਾ ਹੈ। ਇੱਕ ਅਤਿ ਖ਼ਤਰਨਾਕ ਬਿੱਪਰਵਾਦੀ ਸਾਜਿਸ਼ ਅਧੀਨ ਸਿੱਖ-ਮੱਤ ਦੀ ਵਿਲੱਖਣ ਤੇ ਅੱਡਰੀ ਹੋਂਦ ਨੂੰ ਭਾਰਤੀ ਸੰਵਿਧਾਨ ਦੀ ਧਾਰਾ 25(2)(ਬੀ)

ਰਾਹੀਂ ਖ਼ਤਮ ਕਰ ਕੇ ਸਿੱਖ ਕੌਮ ਨੂੰ ਮਨੂੰਵਾਦ ਦੀ ਦੁਬੇਲ ਬਣਾ ਕੇ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ, ਹਾਲਾਂ ਕਿ ਸਿੱਖ ਫ਼ਲਸਫ਼ੇ ਅਤੇ 'ਹਿੰਦੂ-ਮੱਤ' (ਮਨੂੰਵਾਦ) ਦੇ ਫ਼ਲਸਫ਼ੇ 'ਚ, ਕਿਸੇ ਪੱਖ ਤੋਂ ਵੀ, ਕਿਸੇ ਸਿਧਾਂਤ ਦੀ ਸਾਂਝ ਹੀ ਨਹੀਂ ਹੈ। ਅਸਲ ਵਿੱਚ (ਜਿਵੇਂ ਕਿ ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ), ਸਿੱਖ ਫ਼ਲਸਫ਼ਾ 'ਹਿੰਦੂ-ਮੱਤ' ਦੇ ਫ਼ਲਸਫ਼ੇ ਨੂੰ ਮੁਕੰਮਲ ਤੌਰ 'ਤੇ (ਅਕੱਟ ਦਲੀਲਾਂ ਦੇ ਅਧਾਰ 'ਤੇ) ਰੱਦ ਕਰਦਾ ਹੈ। ਫਿਰ, ਸਿੱਖ-ਮੱਤ, 'ਹਿੰਦੂ-ਮੱਤ' ਦੀ ਇੱਕ ਸ਼ਾਖ ਕਿਵੇਂ ਬਣ ਗਿਆ ? ਸਪੱਸ਼ਟ ਹੈ ਕਿ, ਸਿੱਖ-ਮੱਤ ਨੂੰ 'ਹਿੰਦੂ-ਮੱਤ' ਵਿੱਚ ਜਜ਼ਬ ਕਰਨ ਲਈ ਹੀ ਅਜਿਹੀਆਂ ਬੇਸਿਰ-ਪੈਰ ਅਤੇ ਕੋਝੀਆਂ ਸਾਜਿਸ਼ੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਸਦ ਅਫ਼ਸੋਸ!!

1980 ਦੇ ਆਸ-ਪਾਸ, ਰਾਸ਼ਟਰੀਆ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀ ਸਰਪ੍ਰਸਤੀ ਅਧੀਨ 'ਰਾਸ਼ਟਰੀਆ ਸਿੱਖ ਸੰਗਤ' ਨਾਮ ਦੀ ਇੱਕ ਜਥੇਬੰਦੀ ਕਾਇਮ ਕੀਤੀ ਗਈ ਸੀ। ਸਿੱਖ ਕੌਮ ਅੰਦਰ ਘੁਸਪੈਠ ਕਰ ਕੇ ਸਿੱਖ ਕੌਮ ਦਾ ਭਗਵਾਂਕਰਨ ਕਰਨ ਲਈ ਇਹ ਆਰ.ਐਸ.ਐਸ. ਦੀ ਅਤਿ ਕੋਝੀ ਸਾਜਿਸ਼ ਦੀ ਹੀ ਇੱਕ ਕੜੀ ਹੈ। ਇਸ ਜਥੇਬੰਦੀ ਵਿੱਚ ਸ਼ਾਮਿਲ ਹੋਣ ਵਾਲੇ ਪ੍ਰਾਣੀਆਂ ਨੂੰ ਸਿੱਖੀ ਸਰੂਪ ਧਾਰਨ ਕਰਵਾ ਕੇ ਸਿੱਖ ਸਿਧਾਂਤ, ਗੁਰ-ਇਤਿਹਾਸ, ਸਿੱਖ-ਇਤਿਹਾਸ ਅਤੇ ਸਿੱਖ-ਸਭਿਆਚਾਰ ਦਾ ਭਗਵਾਂਕਰਨ ਕਰਨ ਲਈ ਪ੍ਰਚਾਰਕਾਂ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨਾਲੋਂ ਟੁੱਟੇ ਹੋਏ 'ਸਿੱਖ' ਸਹਿਜੇ ਹੀ ਇਸ ਨਾਪਾਕ ਸਾਜਿਸ਼ ਦਾ ਸ਼ਿਕਾਰ ਹੁੰਦੇ ਆ ਰਹੇ ਹਨ। ਰਹਿੰਦੀ-ਖੂੰਹਦੀ ਕਸਰ ਸ਼ਬਦ-ਗੁਰੂ ਤੋਂ ਬੇ-ਮੁੱਖ ਹੋਈ ਸਿੱਖ ਲੀਡਰਸ਼ਿਪ ਨੇ ਮਨੂੰਵਾਦੀਆਂ ਨਾਲ ਪੱਕੀਆਂ ਯਾਰੀਆਂ ਪਾ ਕੇ ਪੂਰੀ ਕਰ ਦਿੱਤੀ ਹੈ।

ਹੋਰ ਵੀ ਅਨੇਕਾਂ ਧੱਕੇਸ਼ਾਹੀਆਂ ਕੀਤੀਆਂ ਗਈਆਂ ਹਨ, ਕੌਮ ਦੀ ਨਸਲਕੁਸ਼ੀ ਦੇ ਪ੍ਰੋਗਰਾਮ ਸਿਰੇ ਚਾੜ੍ਹੇ ਗਏ ਹਨ। ਭਵਿੱਖ ਦੇ ਗਰਭ ਵਿੱਚ ਅਜੇ ਹੋਰ ਕੀ ਕੁੱਝ ਹੈ, ਪਤਾ ਨਹੀਂ।

✫✫✫

17. ਵਰਤਮਾਨ ਕੌਮੀ ਹਾਲਾਤ

ਸੰਖੇਪ ਪਿਛੋਕੜ

ਜਿਵੇਂ ਕਿ ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ, ਸਿੱਖ-ਮੱਤ, ਕਾਦਿਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਦੀ ਪਾਲਣਾ ਕਰਨ ਵਾਲੇ ਆਦਰਸ਼ਕ ਸਮਾਜ ਦੀ ਸਿਰਜਨਾ ਕਰ ਕੇ, ਸਦੀਵਕਾਲੀ ਵਿਸ਼ਵ-ਪੱਧਰੀ ਹਲੇਮੀ-ਰਾਜ (ਭਾਵ, ਅਸਲੀ ਲੋਕਰਾਜ) ਦੀ ਸਥਾਪਨਾ ਲਈ ਹੀ ਹੋਂਦ ਵਿੱਚ ਆਇਆ ਹੈ। ਇਸ ਮਿਸ਼ਨ ਦੀ ਪ੍ਰਾਪਤੀ ਲਈ ਸਿੱਖ-ਮੱਤ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ 1478 ਵਿੱਚ ਇੱਕ ਲਾਸਾਨੀ (ਗੁਰਮਤਿ) ਇਨਕਲਾਬੀ ਲਹਿਰ ਦਾ ਆਗਾਜ਼ ਕੀਤਾ ਸੀ। ਇਹ ਸਮੁੱਚੀ ਮਨੁੱਖਤਾ ਦੇ ਭਲੇ ਲਈ, ਮਨੁੱਖ ਦੀ ਬਰਾਬਰਤਾ ਦੇ ਕੁਦਰਤੀ ਨਿਯਮ 'ਤੇ ਆਧਾਰਤ, ਸਰਬ-ਸਾਂਝੀ ਅਤੇ ਸਦੀਵਕਾਲੀ ਇਨਕਲਾਬੀ ਲਹਿਰ ਹੈ। ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦਾ ਸਰਬ-ਸਾਂਝਾ (ਸਦੀਵਕਾਲੀ) ਫ਼ਲਸਫ਼ਾ ਇਸ ਇਨਕਲਾਬੀ ਲਹਿਰ ਦੀ ਵਿਚਾਰਧਾਰਾ ਦਾ ਧੁਰਾ ਹੈ।

ਹਲੇਮੀ-ਰਾਜ ਦੀ ਸਥਾਪਤੀ ਤੇ ਪਤਨ

ਇਸ ਇਨਕਲਾਬੀ ਲਹਿਰ ਦੀ ਬਦੌਲਤ, ਮਈ 1710 ਵਿੱਚ ਕਰਨਾਲ ਤੇ ਲਾਹੌਰ ਦੇ ਵਿਚਕਾਰਲੇ ਛੇ ਸੂਬਿਆਂ 'ਚ, ਅਕਾਲ ਪੁਰਖ ਦੀ ਪਾਤਿਸ਼ਾਹੀ ਅਧੀਨ, ਖ਼ਾਲਸਾ ਹਲੇਮੀ-ਰਾਜ ਸਥਾਪਤ ਹੋ ਗਿਆ ਸੀ। ਹਲੇਮੀ-ਰਾਜ ਦਾ ਨਾਨਕਸ਼ਾਹੀ ਸਿੱਕਾ ਤੇ ਮੁਹਰ ਵੀ ਜਾਰੀ ਕਰ ਦਿੱਤੇ ਗਏ ਸਨ। ਪਰ, ਤੱਤਕਾਲੀਨ ਨਿੱਕੀ ਜਿਹੀ ਸਿੱਖ ਕੌਮ, ਭਾਰਤ ਵਿੱਚ ਸ਼ਕਤੀਸ਼ਾਲੀ ਜ਼ਾਲਮ ਮੁਗ਼ਲ ਹਕੂਮਤ ਦੇ ਖਿਲਾਫ਼ ਇਸ ਹਲੇਮੀ-ਰਾਜ ਨੂੰ ਜ਼ਿਆਦਾ ਦੇਰ ਤੱਕ ਕਾਇਮ ਨਾ ਰੱਖ ਸਕੀ ਤੇ 1716 ਵਿੱਚ ਖ਼ਾਲਸਾ ਕੌਮ ਦੇ ਜਰਨੈਲ ਬੰਦਾ ਸਿੰਘ ਬਹਾਦਰ (ਤੇ ਉਸ ਦੇ ਸਾਰੇ ਦੇ ਸਾਰੇ ਸਿਰਕੱਢ ਸਾਥੀਆਂ) ਦੀ ਸ਼ਹਾਦਤ ਤੋਂ ਬਾਅਦ, ਇਸ ਹਲੇਮੀ-ਰਾਜ ਦਾ ਪਤਨ ਹੋ ਗਿਆ। 1765 ਤੱਕ, ਦਲ ਖ਼ਾਲਸਾ ਦੇ ਜਥਿਆਂ ਨੇ ਇਨ੍ਹਾਂ ਛੇ ਸੂਬਿਆਂ ਦੇ ਇਲਾਕੇ ਫਿਰ ਤੋਂ ਆਪਣੇ ਕਬਜ਼ੇ ਹੇਠ ਕਰ ਲਏ ਅਤੇ ਲਾਹੌਰ ਤੋਂ ਦੁਬਾਰਾ ਨਾਨਕਸ਼ਾਹੀ ਸਿੱਕਾ ਤੇ ਮੁਹਰ ਜਾਰੀ ਕਰ ਦਿੱਤੇ। ਪਰ, ਸਿੱਖ ਕੌਮ ਦੇ ਕਮਜ਼ੋਰ ਕੇਂਦਰੀ ਜਥੇਬੰਦਕ ਸਿਸਟਮ ਦੇ ਕਾਰਨ 1716 ਵਿੱਚ ਗੁਆਚੇ ਹਲੇਮੀ-ਰਾਜ ਦੇ ਮਾਡਲ ਦੀ ਪੁਨਰ-ਸਥਾਪਤੀ ਨਾ ਕੀਤੀ ਜਾ ਸਕੀ। ਅਜਿਹੇ ਡਾਵਾਂਡੋਲਤਾ ਵਾਲੇ ਮਾਹੌਲ ਵਿੱਚ, ਸ਼ੁਕਰਚੱਕੀਆ ਮਿਸਲ ਦਾ ਨੌਜਵਾਨ ਆਗੂ ਰਣਜੀਤ ਸਿੰਘ, ਬਹੁਤ ਸਾਰੀਆਂ ਸਿੱਖ ਮਿਸਲਾਂ (ਦਲ ਖ਼ਾਲਸਾ ਦੇ ਜਥੇ) ਨੂੰ ਕਾਬੂ ਕਰ ਕੇ, ਆਪਣਾ ਸ਼ਖ਼ਸੀ ਸਿੱਖ ਰਾਜ ਕਾਇਮ ਕਰਨ ਵਿੱਚ ਸਫ਼ਲ ਹੋ ਗਿਆ।

1839 ਵਿੱਚ ਮਹਾਰਾਜਾ ਰਣਜੀਤ ਸਿੰਘ ਚੜ੍ਹਾਈ ਕਰ ਗਿਆ ਅਤੇ 'ਸਿੱਖ ਰਾਜ' ਦੇ ਤੱਤਕਾਲੀਨ ਪ੍ਰਧਾਨ ਮੰਤਰੀ (ਜੰਮੂ ਦੇ ਡੋਗਰੇ ਭਰਾ ਧਿਆਨ ਸਿੰਹੁ ਤੇ ਬਾਅਦ ਵਿੱਚ ਉਸ ਦਾ ਭਰਾ ਗੁਲਾਬ ਸਿੰਹੁ) ਤੇ ਸਿੱਖ ਫ਼ੌਜਾਂ ਦੇ ਤੱਤਕਾਲੀਨ ਮੁੱਖੀ ਮਿਸ਼ਰ ਲਾਲ ਸਿੰਹੁ ਤੇ ਮਿਸ਼ਰ ਤੇਜ ਸਿੰਹੁ (ਪੂਰਬੀਏ ਬ੍ਰਾਹਮਣ) ਨੇ ਸਿੱਖ ਕੌਮ ਨਾਲ ਗ਼ਦਾਰੀਆਂ ਕਰ ਕੇ ਅੰਗ੍ਰੇਜ਼ੀ ਸਾਮਰਾਜ ਨਾਲ ਗੰਢ-ਤੁੱਪ ਕਰ ਕੇ, ਪੰਜਾਬ ਦੇ ਸਿੱਖ ਰਾਜ ਦਾ ਖਾਤਮਾ ਕਰਾ ਕੇ, 1849 'ਚ ਪੰਜਾਬ ਨੂੰ ਫ਼ਰੰਗੀਆਂ ਦੀ ਗ਼ੁਲਾਮੀ 'ਚ ਧੱਕ ਦਿੱਤਾ।

ਸਿੱਖ ਕੌਮ ਦੀ ਆਜ਼ਾਦੀ ਲਈ ਦੂਜੀ ਜਦੋਜਹਿਦ

1849 ਵਿੱਚ ਹੀ, ਭਾਈ ਮਹਾਰਾਜ ਸਿੰਘ (ਨੌਰੰਗਾਬਾਦ ਵਾਲੇ) ਅਤੇ ਮਹਾਰਾਣੀ ਜਿੰਦ ਕੌਰ ਦੀ ਸਰਪ੍ਰਸਤੀ ਅਧੀਨ, ਪੰਜਾਬ ਨੂੰ ਅੰਗ੍ਰੇਜ਼ੀ ਸਾਮਰਾਜ ਦੀ ਗ਼ੁਲਾਮੀ 'ਚੋਂ ਆਜ਼ਾਦ ਕਰਾਉਣ ਲਈ ਜਦੋਜਹਿਦ ਅਰੰਭ ਹੋ ਗਈ ਸੀ। ਬਾਅਦ ਵਿੱਚ, ਯੁਵਰਾਜ ਦਲੀਪ ਸਿੰਘ (ਪੁੱਤਰ ਮਹਾਰਾਜਾ ਰਣਜੀਤ ਸਿੰਘ) ਨੇ ਵੀ ਇਸ ਜਦੋਜਹਿਦ ਵਿੱਚ ਸ਼ਮੂਲੀਅਤ ਕੀਤੀ, ਪਰ ਇਸ ਜਦੋਜਹਿਦ ਨੂੰ ਸਫ਼ਲਤਾ ਨਾ ਮਿਲੀ।

1873 ਦੇ ਆਸ-ਪਾਸ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਗੁਰਮਤਿ ਇਨਕਲਾਬ ਦੀ ਪੁਨਰ-ਸੁਰਜੀਤੀ ਲਈ, ਪੰਜਾਬ ਵਿੱਚ ਸਿੰਘ ਸਭਾ ਲਹਿਰ ਦੇ ਰੂਪ ਵਿੱਚ ਗੁਰਮਤਿ ਚੇਤਨਾ ਲਹਿਰ ਦਾ ਆਗਾਜ਼ ਹੋਇਆ। ਪ੍ਰੋ: ਗੁਰਮੁੱਖ ਸਿੰਘ, ਭਾਈ ਦਿੱਤ ਸਿੰਘ ਤੇ ਜਵਾਹਰ ਸਿੰਘ ਵਰਗੇ ਸਿਦਕੀ ਸਿੰਘਾਂ ਨੇ ਇਸ ਲਹਿਰ ਦੀ ਅਗੁਵਾਈ ਕੀਤੀ। ਇਸੇ ਗੁਰਮਤਿ ਲਹਿਰ ਵਿੱਚੋਂ ਹੀ ਗੁਰਦਵਾਰਾ ਸੁਧਾਰ ਲਹਿਰ ਦਾ ਜਨਮ ਹੋਇਆ ਜਿਸ ਨੇ 1921 ਤੱਕ ਬਹੁਤ ਸਾਰੇ ਇਤਿਹਾਸਕ ਗੁਰਦਵਾਰੇ ਭ੍ਰਿਸ਼ਟ ਅਤੇ ਆਚਰਨਹੀਣ ਮਹੰਤਾਂ ਦੇ ਕਬਜ਼ੇ 'ਚੋਂ, ਦਿਲ-ਕੰਬਾਊ ਸ਼ਾਂਤਮਈ ਕੁਰਬਾਨੀਆਂ ਦੇ ਕੇ, ਆਜ਼ਾਦ ਕਰਵਾਏ।

ਇਸੇ ਦੌਰਾਨ, ਸਿੱਖ ਕੌਮ ਤੇ ਪੰਜਾਬ ਨੂੰ ਅੰਗ੍ਰੇਜ਼ੀ ਸਾਮਰਾਜ ਦੀ ਗ਼ੁਲਾਮੀ 'ਚੋਂ ਆਜ਼ਾਦ ਕਰਾਉਣ ਲਈ ਗ਼ਦਰ ਲਹਿਰ (1913-18) ਤੇ ਬਬਰ ਅਕਾਲੀ ਲਹਿਰ (1921-25) ਦੇ ਰੂਪ ਵਿੱਚ ਹਥਿਆਰਬੰਦ ਜਦੋਜਹਿਦ ਚਲਦੀ ਰਹੀ।

ਨਵੰਬਰ 1920 ਵਿੱਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਅਤੇ ਦਸੰਬਰ 1920 ਵਿੱਚ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆਇਆ। ਇਸ ਤਰ੍ਹਾਂ ਸਿੱਖ ਕੌਮ ਦੀ ਆਜ਼ਾਦੀ ਦੀ ਜਦੋਜਹਿਦ ਲਈ ਇਹ ਦੋਵੇਂ ਹੀ ਕੇਂਦਰੀ ਜਥੇਬੰਦੀਆਂ ਦੇ ਤੌਰ 'ਤੇ ਕਾਰਜਸ਼ੀਲ ਹੋ ਗਈਆਂ।

ਸਿੱਖ ਕੌਮ ਨਾਲ ਵਿਸਾਹਘਾਤ ਕਰ ਕੇ ਮਨੂੰਵਾਦੀਆਂ ਦੀ ਸਾਜਿਸ਼ੀ-ਠੱਗੀ

ਪੰਜਾਬ ਨੂੰ ਆਜ਼ਾਦ ਕਰਾਉਣ ਲਈ ਸਿੱਖ ਕੌਮ ਦਾ ਸੰਘਰਸ਼ ਦਿਨੋ-ਦਿਨ ਚੜ੍ਹਦੀ ਕਲਾ ਵੱਲ ਵਧਦਾ ਜਾ ਰਿਹਾ ਸੀ। ਉਸ ਵਕਤ ਹਿੰਦੁਸਤਾਨ (ਮੌਜੂਦਾ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼) ਵਿੱਚ ਕਾਂਗਰਸ ਪਾਰਟੀ ਆਜ਼ਾਦੀ ਲਈ ਸ਼ਾਂਤਮਈ ਅੰਦੋਲਨ ਚਲਾ ਰਹੀ ਸੀ। ਇਸ ਦੇ ਲੀਡਰਾਂ (ਮੋਹਨ ਦਾਸ ਕਰਮਚੰਦ ਗਾਂਧੀ, ਮੋਤੀ ਲਾਲ ਨਹਿਰੂ, ਜਵਾਹਰ ਲਾਲ

ਨਹਿਰੂ, ਵੱਲਭ ਭਾਈ ਪਟੇਲ ਆਦਿਕ) ਨੇ ਸਿੱਖ ਕੌਮ ਦੇ ਲੀਡਰਾਂ ਨਾਲ ਮਤਿਆਂ ਦੇ ਰੂਪ ਵਿੱਚ ਹੇਠ ਲਿਖੇ ਲਿਖਤੀ ਵਾਅਦੇ ਕਰ ਕੇ, ਸਿੱਖ ਕੌਮ ਦਾ ਪੰਜਾਬ ਨੂੰ ਆਜ਼ਾਦ ਕਰਾਉਣ ਦਾ ਸੰਘਰਸ਼ ਵਿੱਚ-ਵਿਚਾਲੇ ਛੁਡਵਾ ਕੇ, ਸਿੱਖ ਕੌਮ ਨੂੰ ਹਿੰਦੁਸਤਾਨ ਦੀ ਆਜ਼ਾਦੀ ਦੀ ਜਦੋਜਹਿਦ ਵਿੱਚ ਮੂਹਰਲੀਆਂ ਸਫ਼ਾਂ ਵਿੱਚ ਹੋ ਕੇ ਲੜਨ-ਮਰਨ ਲਈ ਝੋਂਕ ਦਿੱਤਾ -

1. **ਕਾਂਗਰਸ ਪਾਰਟੀ ਸਿੱਖ ਕੌਮ ਨੂੰ ਪੱਕਾ ਭਰੋਸਾ ਦਵਾਂਦੀ ਹੈ ਕਿ ਆਜ਼ਾਦ ਭਾਰਤ ਦਾ ਕੋਈ ਵੀ ਸੰਵਿਧਾਨ ਐਸਾ ਨਹੀਂ ਬਣਾਇਆ ਜਾਵੇਗਾ ਜੋ ਇਸ ਨੂੰ ਪ੍ਰਵਾਨ ਨਹੀਂ ਹੋਵੇਗਾ।**

2. **"ਪੰਜਾਬ ਦੀ ਬਹਾਦਰ ਸਿੱਖ ਕੌਮ ਵਿਸ਼ੇਸ਼ ਮਹੱਤਤਾ ਦੀ ਧਾਰਨੀ ਹੈ। ਮੇਰੇ ਵਿਚਾਰ ਵਿੱਚ ਸਾਨੂੰ ਕਿਸੇ ਨੂੰ ਵੀ ਇਸ ਸੰਬੰਧ ਵਿੱਚ ਕੋਈ ਆਪਤੀ ਨਹੀਂ ਹੋਣੀ ਚਾਹੀਦੀ ਕਿ ਆਜ਼ਾਦੀ ਮਿਲਣ ਉਪਰੰਤ ਉੱਤਰ-ਪੱਛਮ ਭਾਰਤ ਵਿੱਚ ਇੱਕ ਅਜਿਹਾ ਇਲਾਕਾ ਅਤੇ ਇੰਤਜ਼ਾਮ ਸਿੱਖ ਕੌਮ ਲਈ ਰਾਖਵਾਂ ਰੱਖਿਆ ਜਾਵੇ, ਜਿਸ ਦੁਆਰਾ ਇਹ ਵੀ ਆਜ਼ਾਦੀ ਦਾ ਅਨੰਦ ਮਾਣ ਸਕੇ" (ਜੁਲਾਈ 1946 ਵਿੱਚ ਕਲਕੱਤਾ ਵਿਖੇ ਆਲ ਇੰਡੀਆ ਕਾਂਗਰਸ ਕਮੇਟੀ ਦੀ ਮੀਟਿੰਗ ਦੇ ਮੌਕੇ ਪ੍ਰੈਸ-ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਜਵਾਹਰ ਲਾਲ ਨਹਿਰੂ ਦਾ ਬਿਆਨ)।**

3. **ਕੁੱਝ ਕੁ ਵਿਭਾਗਾਂ ਨੂੰ ਛੱਡ ਕੇ ਦੇਸ਼ ਦੇ ਸਾਰੇ ਪ੍ਰਾਂਤ, ਆਪੋ-ਆਪਣੇ ਖੇਤਰ ਵਿੱਚ, ਮੁਕੰਮਲ ਤੌਰ 'ਤੇ ਖ਼ੁਦ-ਮੁਖਤਾਰ ਹੋਣਗੇ।**

ਸਿੱਖ ਕੌਮ ਨਾਲ ਕੀਤੇ ਉਪਰੋਕਤ ਵਾਅਦਿਆਂ ਨੂੰ ਕਾਂਗਰਸੀ ਲੀਡਰ ਸਮੁੱਚੀ ਮਨੁੱਖਤਾ ਅਤੇ ਰੱਬ ਦੇ ਰੂ-ਬ-ਰੂ ਚੁੱਕੀਆਂ ਪਵਿੱਤਰ ਧਾਰਮਿਕ ਕਸਮਾਂ ਦਾ ਦਰਜਾ ਦੇਂਦੇ ਰਹੇ ਸਨ। ਇਨ੍ਹਾਂ ਪਵਿੱਤਰ ਕਸਮਾਂ ਬਾਰੇ ਗਾਂਧੀ ਨੇ ਆਪਣੇ ਅਖ਼ਬਾਰ 'ਯੰਗ ਇੰਡੀਆ' ਦੇ ਮਾਰਚ 1931 ਦੇ ਸੰਪਾਦਕੀ ਵਿੱਚ ਵੀ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਸੀ। ਪਰ, ਭਾਰਤ ਦੇ ਆਜ਼ਾਦ ਹੋਣ ਦੀ ਦੇਰ ਸੀ, ਕਿ ਇਹ ਮਨੂੰਵਾਦੀ ਕਾਂਗਰਸੀ ਲੀਡਰ, ਆਪਣੇ ਜੱਦੀ-ਪੁਸ਼ਤੀ ਕਿਰਦਾਰ ਅਨੁਸਾਰ, ਗਿਰਗਟ ਵਾਂਗੂੰ ਰੰਗ ਬਦਲ ਗਏ ਅਤੇ ਗ੍ਰਿਹ ਮੰਤਰੀ ਪਟੇਲ ਦੇ ਇਸ਼ਾਰੇ 'ਤੇ ਪੰਜਾਬ ਦੇ ਉਸ ਵਕਤ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ 10 ਅਕਤੂਬਰ 1947 ਨੂੰ ਸਰਕੂਲਰ (ਗਸ਼ਤੀ-ਪੱਤਰ) ਜਾਰੀ ਕੀਤਾ ਕਿ, "ਸਿੱਖ ਇੱਕ ਜ਼ਰਾਇਮ-ਪੇਸ਼ਾ (criminal) ਕੌਮ ਹਨ ਤੇ ਸੂਬੇ ਦੇ ਇਨਸਾਫ਼-ਪਸੰਦ ਹਿੰਦੂਆਂ ਵਾਸਤੇ ਖ਼ਤਰਾ ਹਨ। ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਦੇ ਖ਼ਿਲਾਫ਼ ਖ਼ਾਸ ਕਦਮ ਚੁੱਕਣੇ ਚਾਹੀਦੇ ਹਨ" (ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ ਪੰਨਾ 1067)।

ਸਿਰਦਾਰ ਕਪੂਰ ਸਿੰਘ, ਜੋ ਕਿ ਉਸ ਸਮੇਂ ਪੰਜਾਬ ਦੇ ਇੱਕ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸਨ, ਨੇ ਇਸ ਗਸ਼ਤੀ ਪੱਤਰ ਦਾ ਸਖਤ ਵਿਰੋਧ ਕੀਤਾ। ਨਤੀਜੇ ਵਜੋਂ, ਉਨ੍ਹਾਂ

ਨੂੰ, ਨਹਿਰੂ ਦੇ ਹੁਕਮਾਂ ਅਧੀਨ, ਤਾਨਾਸ਼ਾਹੀ ਢੰਗ ਨਾਲ ਆਈ.ਸੀ.ਐਸ. ਦੇ ਅਹੁਦੇ ਤੋਂ ਡਿਸਮਿਸ (ਖਾਰਜ) ਕਰ ਦਿੱਤਾ ਗਿਆ। ਇਹ ਸੀ ਸ਼ੁਰੂਆਤ, ਸਿੱਖ ਕੌਮ ਨਾਲ ਪਵਿੱਤਰ ਧਾਰਮਿਕ ਕਸਮਾਂ ਦੇ ਰੂਪ ਵਿੱਚ ਕੀਤੇ ਝੂਠੇ ਵਾਅਦਿਆਂ ਨੂੰ ਪੂਰਾ ਕਰਨ ਦੀ। ਇਥੇ ਹੀ ਬੱਸ ਨਹੀਂ, ਆਜ਼ਾਦ ਭਾਰਤ ਵਿੱਚ ਸਿੱਖ ਕੌਮ (ਸਮੇਤ ਹੋਰ ਘੱਟ ਗਿਣਤੀਆਂ ਦੇ) ਨਾਲ ਵਿਤਕਰਿਆਂ, ਬੇ-ਇਨਸਾਫ਼ੀਆਂ, ਧੱਕੇਸ਼ਾਹੀਆਂ ਤੇ ਜ਼ੁਲਮਾਂ ਦੀ ਇੱਕ ਲੰਮੀ ਦਾਸਤਾਂ ਅਰੰਭ ਹੋ ਗਈ ਜਿਸ ਦਾ ਨੇੜ-ਭਵਿੱਖ ਵਿੱਚ ਅੰਤ ਹੁੰਦਾ ਨਜ਼ਰ ਨਹੀਂ ਆ ਰਿਹਾ। ਸਦ ਅਫ਼ਸੋਸ!!

ਸਿੱਖ ਕੌਮ ਲਈ ਚਿੰਤਾ-ਜਨਕ ਹਾਲਾਤ

ਅੱਜ ਸਿੱਖ ਕੌਮ ਲਈ ਹਾਲਾਤ ਇਤਨੇ ਚਿੰਤਾਜਨਕ ਬਣ ਚੁੱਕੇ ਹਨ ਕਿ -

1. ਅਖੌਤੀ 'ਸਿੱਖ' ਲੀਡਰਸ਼ਿਪ ਸ਼ਬਦ-ਗੁਰੂ ਤੋਂ ਮੁਕੰਮਲ ਤੌਰ 'ਤੇ ਬੇ-ਮੁੱਖ ਹੋ ਚੁੱਕੀ ਹੈ ਤੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦੇ ਵਿਰੋਧ ਵਿੱਚ ਭੁਗਤਦੀ ਆ ਰਹੀ ਹੈ;
2. ਗੁਰਦਵਾਰਿਆਂ 'ਤੇ (ਕਿਸੇ ਟਾਵੇਂ-ਟੱਲੇ ਨੂੰ ਛੱਡ ਕੇ) ਗੁਰਮਤਿ ਸਿਧਾਂਤਾਂ ਦੀ ਸੋਝੀ ਤੋਂ ਖਾਲੀ, 'ਮਾਡਰਨ ਮਹੰਤ' ਕਾਬਜ਼ ਹੋ ਚੁੱਕੇ ਹਨ ਜਿਨ੍ਹਾਂ ਨੇ ਇਨ੍ਹਾਂ ਨੂੰ ਗੁਰਮਤਿ ਸਿਧਾਂਤਾਂ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਕਰਨ ਦੇ ਕੇਂਦਰ ਬਣਾਉਣ ਦੀ ਬਜਾਏ ਬਿੱਪਰਵਾਦੀ ਕਰਮ-ਕਾਂਡਾਂ ਦੇ ਪ੍ਰਚਾਰ ਦੇ ਅੱਡੇ ਬਣਾਇਆ ਹੋਇਆ ਹੈ;
3. ਅਕਾਲ ਤਖ਼ਤ ਸਾਹਿਬ ਦੀ ਮੀਰੀ-ਪੀਰੀ ਦੇ ਵਿਲੱਖਣ ਗੁਰਮਤਿ-ਸੁਮੇਲ ਦੀ ਕੇਂਦਰੀ ਸੰਸਥਾ 'ਤੇ ਵੀ, ਖ਼ੁਦਗਰਜ਼ ਸਿੱਖ ਰਾਜਨੀਤਕ ਲੀਡਰਾਂ ਦੇ ਜੀ-ਹਜ਼ੂਰੀਏ ਗ੍ਰੰਥੀ, ਅਣ-ਅਧਿਕਾਰਤ ਤੌਰ 'ਤੇ, 'ਜਥੇਦਾਰ' ਦੇ ਗੁਰਮਤਿ-ਵਿਰੋਧੀ ਅਹੁਦੇ ਦੇ ਧਾਰਨੀ ਬਣ ਕੇ ਚੜ੍ਹੇ ਬੈਠੇ ਹਨ ਤੇ, ਕੌਮ ਨੂੰ ਗੁਰਮਤਿ ਅਨੁਸਾਰੀ ਸੇਧਾਂ ਦੇਣ ਦੀ ਬਜਾਏ, ਆਏ ਦਿਨ ਕੌਮ ਅੰਦਰ ਅੰਦਰੂਨੀ ਮੱਤ-ਭੇਦ ਪੈਦਾ ਕਰ ਕੇ ਕੌਮ ਦੀ ਵਿਸ਼ਵ-ਪੱਧਰੀ ਨਮੋਸ਼ੀ ਦਾ ਕਾਰਨ ਬਣਦੇ ਆ ਰਹੇ ਹਨ;
4. ਸਿੱਖ ਕੌਮ ਦੇ ਅਠਾਰ੍ਹਵੀਂ ਸਦੀ ਦੇ ਅਤਿ ਬਿਪਤਾ ਦੇ ਬਿੱਖੜੇ ਸਮਿਆਂ ਵਿੱਚ ਵਿਕਸਤ ਹੋਈ ਕੇਂਦਰੀ ਸੰਸਥਾ 'ਸਰਬੱਤ ਖ਼ਾਲਸਾ', ਜਿਸ ਨੇ ਸਮੁੱਚੀ ਸਿੱਖ ਕੌਮ ਨੂੰ ਇਕੱਠਿਆਂ ਹੀ ਨਹੀਂ ਰੱਖਿਆ ਸੀ, ਸਗੋਂ ਸਾਂਝੇ ਗੁਰਮਤਿ ਅਨੁਸਾਰੀ ਫੈਸਲਿਆਂ 'ਤੇ ਅਮਲ ਕਰਾ ਕੇ, 1716 ਵਿੱਚ ਗੁਆਚੇ ਖ਼ਾਲਸਾ ਹਲੇਮੀ-ਰਾਜ ਦੀ ਪੁਨਰ-ਸੁਰਜੀਤੀ ਦੀਆਂ ਬਰੂਹਾਂ 'ਤੇ ਲਿਆ ਖੜ੍ਹਾ ਕੀਤਾ ਸੀ, ਸਮੇਂ ਦੀ ਮਨ-ਮੱਤੀ ਧੂੜ ਵਿੱਚ ਅਲੋਪ ਹੋ ਚੁੱਕੀ ਹੈ;
5. ਸਾਧਾਰਨ ਸਿੱਖ ਜਗਤ ਦਾ ਵੱਡਾ ਹਿੱਸਾ (ਤਕਰੀਬਨ 95%) (ਸ਼ੁੱਧ ਗੁਰਮਤਿ ਪ੍ਰਚਾਰ ਦੀ ਘਾਟ ਕਾਰਨ) ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਆਲਮਗੀਰੀ ਸਿਧਾਂਤਾਂ ਦੀ ਬੁਨਿਆਦੀ ਸੋਝੀ ਗੁਆ ਚੁੱਕਾ ਹੈ;
6. ਗੁਰੂ ਨਾਨਕ ਸਾਹਿਬ ਵੱਲੋਂ 1478 ਵਿੱਚ ਅਰੰਭ ਕੀਤੀ ਗੁਰਮਤਿ ਇਨਕਲਾਬੀ ਲਹਿਰ ਦਿਸ਼ਾਹੀਣ ਹੋ ਕੇ, ਗੁਆਚ ਹੀ ਗਈ ਲਗਦੀ ਹੈ;
7. ਗੁਰਬਾਣੀ ਦੀ ਦੂਰ-ਵਿਆਖਿਆ 'ਚੋਂ ਜਨਮ ਲੈ ਕੇ, ਸਿੱਖ ਕੌਮ ਅੰਦਰ ਨਕਲੀ

ਸੰਤ-ਬਾਬੇ, ਗੁਰਮਤਿ-ਵਿਰੋਧੀ ਡੇਰੇਦਾਰ, ਅਖੌਤੀ ਬ੍ਰਹਮ ਗਿਆਨੀ ਅਤੇ ‘ਪਹੁੰਚੇ ਹੋਏ ਮਹਾਂਪੁਰਸ਼’ ਭਾਦੋਂ ਦੀਆਂ ਖੁੰਬਾਂ ਵਾਂਗੂੰ ਪੈਦਾ ਹੋ ਕੇ ਕੌਮ ਦਾ ਸਰਬ-ਪੱਖੀ ਸ਼ੋਸ਼ਨ ਕਰਦੇ ਆ ਰਹੇ ਹਨ;

8. ਬਚਿੱਤ੍ਰ ਨਾਟਕ ਤੇ ਸਰਬਲੋਹ ਗ੍ਰੰਥ ਵਰਗੀਆਂ ਵੱਡ-ਆਕਾਰੀ ਸਾਜਿਸ਼ੀ ਗੁਰਮਤਿ-ਵਿਰੋਧੀ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕਾਂ ਵਜੋਂ (ਮਨੂੰਵਾਦੀ ਕੁਹਾੜੇ ਦੇ ਦਸਤੇ ਬਣੇ ਹੋਏ ਅਖੌਤੀ ‘ਸਿੱਖ’ ਧਾਰਮਿਕ ਲੀਡਰਾਂ ਵੱਲੋਂ ਹੀ) ਉਭਾਰਨ ਦੇ ਸਿਰਤੋੜ ਯਤਨ ਕੀਤੇ ਜਾ ਰਹੇ ਹਨ;

9. ਗੁਰਮਤਿ ਸਿਧਾਂਤਾਂ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਕਰਨ ਵਾਲੇ ਵਿਅਕਤੀਆਂ ਤੇ ਜਥੇਬੰਦੀਆਂ ਦਾ ਸਿੱਖ ਕੌਮ ਦੇ ਅਖੌਤੀ ਲੀਡਰਾਂ ਵੱਲੋਂ ਹੀ ਬੇ-ਸ਼ਰਮੀ ਨਾਲ ਭਰਵਾਂ ਵਿਰੋਧ ਕੀਤਾ ਜਾ ਰਿਹਾ ਹੈ;

10. ਸਿੱਖ ਕੌਮ ਦੀ ਕੋਈ ਵੀ ਅਜਿਹੀ ਸਰਬ-ਪ੍ਰਵਾਨਤ ਕੇਂਦਰੀ ਜਥੇਬੰਦੀ ਨਜ਼ਰ ਨਹੀਂ ਆਉਂਦੀ ਜਿਹੜੀ ਗੁਰੂ ਨਾਨਕ ਸਾਹਿਬ ਵੱਲੋਂ ਸਰਬੱਤ ਦੇ ਭਲੇ ਲਈ ਅਰੰਭ ਕੀਤੀ ਸਰਬ-ਸਾਂਝੀ ’ਤੇ ਸਦੀਵਕਾਲੀ ਇਨਕਲਾਬੀ ਲਹਿਰ ਨੂੰ ਪੁਨਰ-ਸੁਰਜੀਤ ਕਰ ਕੇ, ਇਸ ਦਾ ਵਿਸ਼ਵ-ਪੱਧਰ ਤੱਕ ਵਿਕਾਸ ਕਰਨ ਦੇ ਏਜੰਡੇ ਨੂੰ ਲੈ ਕੇ ਚੱਲ ਰਹੀ ਹੋਵੇ ਅਤੇ ਸਿੱਖ ਕੌਮ ਨਾਲ ਭਾਰਤ ਤੇ ਵਿਦੇਸ਼ਾਂ ਵਿੱਚ ਹੋ ਰਹੀਆਂ ਧੱਕੇਸ਼ਾਹੀਆਂ ਨੂੰ ਖ਼ਤਮ ਕਰਾਉਂਣ ਲਈ ਉਚੇਚੇ ਤੌਰ ’ਤੇ ਯਤਨਸ਼ੀਲ ਹੋਵੇ;

11. ਸਿੱਖ ਕੌਮ ਦੀ ਵਰਤਮਾਨ ਪਨੀਰੀ (ਛੋਟੇ ਬੱਚੇ ਤੇ ਨੌਜਵਾਨੀ ਵੱਲ ਵੱਧ ਰਿਹਾ ਹਿੱਸਾ) ਆਪਣੇ ਸ਼ਾਨਾਮੱਤੇ ਕੌਮੀ ਵਿਰਸੇ (ਗੁਰਮਤਿ ਸਿਧਾਂਤ, ਗੁਰ-ਇਤਿਹਾਸ, ਸਿੱਖ ਇਤਿਹਾਸ, ਗੁਰਮਤਿ ਸਭਿਆਚਾਰ) ਦੀ ਸ਼ੁੱਧ ਜਾਣਕਾਰੀ ਵੱਲੋਂ ਵਾਂਝੀ ਹੋਣ ਕਰ ਕੇ, ਗੁਰਮਤਿ ਗਾਡੀਰਾਹ ਤੋਂ ਭਟਕਦੀ ਫਿਰਦੀ ਹੈ;

12. ਪੰਜਾਬ ਵਿੱਚ ਸਿੱਖ ਕੌਮ ਨੂੰ (ਇੱਕ ਗਿਣੀ-ਮਿਥੀ ਸਾਜਿਸ਼ ਅਧੀਨ ਖਤਮ ਕਰਨ ਲਈ) ਅਨਪੜ੍ਹ, ਨਸ਼ੇੜੀ, ਵਿਹਲੜ ਤੇ ਆਚਰਨਹੀਣ ਬਣਾਉਂਣ ਲਈ ਸਿਰਤੋੜ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਸਾਜਿਸ਼ੀ ਕਾਰਵਾਈਆਂ ਵਿੱਚ ਸ਼ਬਦ-ਗੁਰੂ ਤੋਂ ਬੇ-ਮੁੱਖ ਹੋਈ ‘ਸਿੱਖ’ ਲੀਡਰਸ਼ਿਪ (ਰਾਜਨੀਤਕ, ਧਾਰਮਿਕ ਤੇ ਸਮਾਜਿਕ) ਵੀ ਮਨੂੰਵਾਦ ਦੇ ਕੁਲ੍ਹਾੜੇ ਦੇ ਦਸਤੇ ਦਾ ਰੋਲ ਅਦਾ ਕਰਦੀ ਆ ਰਹੀ ਹੈ; ਅਤੇ

13. ਸਿੱਖ ਕੌਮ ਦੇ ਸ਼ਾਨਾਮੱਤੇ ਵਿਰਸੇ ਨਾਲ ਸੰਬੰਧਤ ਇਤਿਹਾਸਕ ਨਿਸ਼ਾਨੀਆਂ (ਇਤਿਹਾਸਕ ਅਸਥਾਨ, ਇਤਿਹਾਸਕ ਵਸਤਾਂ, ਇਤਿਹਾਸਕ ਹੱਥ-ਲਿਖਤਾਂ ਦੇ ਖਰੜੇ, ਗੁਰੂ ਗ੍ਰੰਥ ਸਾਹਿਬ ਦੇ ਪੁਰਾਤਨ ਹੱਥ-ਲਿਖਤ ਸਰੂਪ, ਗੁਰੂ ਸਾਹਿਬਾਨ ਦੇ ਹੱਥ-ਲਿਖਤ ਹੁਕਮਨਾਮੇ/ਰਚਨਾਵਾਂ ਆਦਿ) ਨਸ਼ਟ ਕੀਤੇ ਜਾ ਰਹੇ ਹਨ (ਬਹੁਤ ਸਾਰੇ ਨਸ਼ਟ ਕੀਤੇ ਜਾ ਚੁੱਕੇ ਹਨ)। ਇਨ੍ਹਾਂ ਵਿੱਚੋਂ ਕਾਫ਼ੀ ਮਾਤਰਾ ਵਿੱਚ ਸਾਹਿਤ, ਜੂਨ 1984 ਦੇ ਦਰਬਾਰ ਸਾਹਿਬ ਅੰਮ੍ਰਿਤਸਰ ’ਤੇ ਭਾਰਤੀ ਫੌਜਾਂ ਵੱਲੋਂ ਕੀਤੇ ਹਮਲੇ ਦੌਰਾਨ, ਕੇਂਦਰੀ ਸਿੱਖ ਰੈਫਰੈਂਸ ਲਾਇਬ੍ਰੇਰੀ (ਦਰਬਾਰ ਸਾਹਿਬ ਸਮੂਹ) ਵਿੱਚੋਂ, ਭਾਰਤੀ

ਫ਼ੌਜਾਂ ਲੁੱਟ ਕੇ ਲੈ ਗਈਆਂ ਸਨ, ਜੋ ਬਾਰ-ਬਾਰ ਬੇਨਤੀਆਂ ਕਰਨ 'ਤੇ ਵੀ ਅੱਜੇ ਤੱਕ ਸਿੱਖ ਕੌਮ ਨੂੰ ਵਾਪਸ ਨਹੀਂ ਕੀਤਾ ਗਿਆ। ਇੰਜ ਜਾਪਦਾ ਹੈ ਕਿ ਕੌਮ ਦੇ ਇਸ ਅਨਮੋਲ ਸਾਹਿਤ ਵਿੱਚ ਮਿਲਾਵਟ (ਵਾਧੇ-ਘਾਟੇ) ਕਰ ਕੇ, ਕੁੱਝ ਕੁ ਸਦੀਆਂ ਬਾਅਦ, ਇਨ੍ਹਾਂ ਮਿਲਾਵਟ ਵਾਲੀਆਂ ਰਚਨਾਵਾਂ ਨੂੰ 'ਪਰਮਾਣਿਤ ਸਿੱਖ ਸਾਹਿਤ' ਵਜੋਂ ਪੇਸ਼ ਕੀਤਾ ਜਾਵੇਗਾ ਅਤੇ ਇਸ ਤਰ੍ਹਾਂ ਕੌਮ ਵਿੱਚ ਭਰਮ-ਭੁਲੇਖੇ ਪੈਦਾ ਕਰ ਕੇ ਖ਼ਾਨਾ-ਜੰਗੀ ਵਾਲਾ ਮਾਹੌਲ ਪੈਦਾ ਕੀਤਾ ਜਾਵੇਗਾ (ਵੇਖੋ ਅੰਤਿਕਾ-2)।

ਸੰਖੇਪ ਵਿੱਚ, ਅੱਜ ਸਿੱਖ ਕੌਮ ਦੀ ਵਿਲੱਖਣ ਵਿਚਾਰਧਾਰਾ ਤੇ ਹੋਂਦ ਨੂੰ ਸਭ ਤੋਂ ਵੱਡਾ ਖ਼ਤਰਾ ਸ਼ਬਦ-ਗੁਰੂ ਤੋਂ ਬੇ-ਮੁੱਖ ਹੋਈ ਅਖੌਤੀ ਸਿੱਖ ਲੀਡਰਸ਼ਿਪ (ਰਾਜਨੀਤਕ, ਧਾਰਮਿਕ ਤੇ ਸਮਾਜਿਕ ਲੀਡਰਸ਼ਿਪ) ਤੇ ਇਸ ਦੇ ਪਿੱਛਲੱਗ ਗੁਰਮਤਿ-ਵਿਹੂਣੇ (ਪਰ, ਜਜ਼ਬਾਤੀ) ਸਿੱਖਾਂ ਅਤੇ ਨਕਲੀ ਸੰਤ-ਬਾਬਿਆਂ ਤੋਂ ਹੀ ਹੈ!!

ਸਰਬਨਾਸ਼ ਤੋਂ ਬਚਣ ਲਈ ਸਿੱਖ ਕੌਮ ਸਾਹਮਣੇ ਇੱਕੋ-ਇੱਕ ਰਾਹ - ਗੁਰਮਤਿ ਇਨਕਲਾਬੀ ਲਹਿਰ ਦੀ ਪੁਨਰ-ਸੁਰਜੀਤੀ

ਲੇਖਕ ਦੀ ਤੁੱਛ ਬੁੱਧੀ ਅਨੁਸਾਰ, ਜੇਕਰ ਸਿੱਖ ਕੌਮ ਨੇ ਸਰਬਨਾਸ਼ ਤੋਂ ਬਚਣਾ ਹੈ ਤਾਂ ਇਸ ਦੇ ਸਾਹਮਣੇ ਇੱਕੋ-ਇੱਕ ਰਾਹ ਹੈ, ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਸਰਬ-ਸਾਂਝੇ ਸਦੀਵਕਾਲੀ ਉਪਦੇਸ਼ਾਂ ਨੂੰ ਸਮਝ ਕੇ, ਮਨੋਂ ਸਵੀਕਾਰ ਕਰ ਕੇ, ਅਮਲੀ ਜੀਵਨ ਵਿੱਚ ਧਾਰਨ ਕਰ ਕੇ, ਗੁਰੂ ਨਾਨਕ ਸਾਹਿਬ ਵੱਲੋਂ ਵਿਸ਼ਵ-ਪੱਧਰੀ ਆਦਰਸ਼ਕ ਸਮਾਜ ਤੇ ਸਮਾਜ ਪ੍ਰਬੰਧ ਦੀ ਸਥਾਪਨਾ ਲਈ ਅਰੰਭ ਕੀਤੀ ਲਾਸਾਨੀ ਇਨਕਲਾਬੀ ਲਹਿਰ ਨੂੰ ਪੁਨਰ-ਸੁਰਜੀਤ ਕਰ ਕੇ ਇਸ ਦਾ ਵਿਸ਼ਵ-ਪੱਧਰੀ ਵਿਕਾਸ ਕਰਨਾ। ਇਸ ਤੋਂ ਘੱਟ ਹੋਰ ਕੋਈ ਪਲਾਨ ਸਫ਼ਲ ਨਹੀਂ ਹੋ ਸਕੇਗਾ।

ਇਸ ਦਿਸ਼ਾ ਵੱਲ ਵਧਣ ਲਈ ਹੇਠ ਲਿਖੇ ਜ਼ਰੂਰੀ ਕਦਮ ਚੁੱਕਣੇ ਸਮੇਂ ਦੀ ਲੋੜ ਹਨ-

1. ਗੁਰਮਤਿ ਸਿਧਾਂਤਾਂ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਤੇ ਪਾਸਾਰ

ੳ) ਹਰ ਇੱਕ ਸਿੱਖ ਵਸੋਂ ਵਾਲੇ ਦੇਸ਼ ਵਿੱਚ, ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਕਰ ਰਹੀਆਂ ਸਾਰੀਆਂ ਜਥੇਬੰਦੀਆਂ/ਸੰਸਥਾਵਾਂ/ਵਿਅਕਤੀਆਂ ਦਾ ਇੱਕ ਸੈਮੀਨਾਰ ਦੇ ਰੂਪ ਵਿੱਚ ਇਕੱਠ ਕੀਤਾ ਜਾਵੇ ਜਿਸ ਦੇ ਏਜੰਡੇ ਵਿੱਚ ਇੱਕੋ-ਇੱਕ ਵਿਸ਼ਾ ਹੋਵੇ 'ਸਾਂਝੇ ਰੂਪ ਵਿੱਚ ਮਲਟੀ-ਮੀਡੀਆ ਦੀ ਸੁਚੱਜੀ ਵਰਤੋਂ ਕਰ ਕੇ ਗੁਰਮਤਿ ਸਿਧਾਂਤਾਂ ਦਾ ਸ਼ੁੱਧ ਰੂਪ ਵਿੱਚ ਪ੍ਰਚਾਰ ਤੇ ਪਾਸਾਰ ਕਿਵੇਂ ਕੀਤਾ ਜਾਵੇ'?

ਅ) ਉਪਰੋਕਤ ਸਾਂਝਾ ਐਕਸ਼ਨ ਪਲਾਨ ਬਣਾ ਕੇ ਇੱਕ 'ਕੇਂਦਰੀ ਗੁਰਮਤਿ ਪ੍ਰਚਾਰ ਸਭਾ' ਦੀ ਨਿਗਰਾਨੀ ਹੇਠ, ਅਲੱਗ-ਅਲੱਗ ਪ੍ਰਚਾਰ ਸਰਕਲ ਕਾਇਮ ਕਰ ਕੇ, ਵਿਉਂਤਬਧ ਢੰਗ ਨਾਲ ਪ੍ਰਚਾਰ ਕੀਤਾ ਜਾਵੇ।

2. ਕੌਮੀ ਪਨੀਰੀ ਦੀ ਸੰਭਾਲ

ਸਕੂਲਾਂ, ਕਾਲਿਜਾਂ ਤੇ ਯੂਨੀਵਰਸਿਟੀਆਂ ਦੇ ਸਿਲੇਬਸਾਂ ਵਿੱਚ ਗੁਰ-ਇਤਿਹਾਸ, ਸਿੱਖ-ਇਤਿਹਾਸ, ਸਿੱਖ-ਸਿਧਾਂਤ, ਸਿੱਖ-ਸਭਿਆਚਾਰ ਦੇ ਵਿਸ਼ੇ 'ਲਾਜ਼ਮੀ ਵਿਸ਼ਿਆਂ' ਦੇ ਰੂਪ ਵਿੱਚ ਸ਼ਾਮਿਲ ਕੀਤੇ ਜਾਣ। ਇਨ੍ਹਾਂ ਵਿਸ਼ਿਆਂ 'ਤੇ 'ਡਾਕੂਮੈਂਟਰੀਜ਼' ਤਿਆਰ ਕਰਵਾ ਕੇ ਜਿੱਥੇ ਵਿਦਿਅਕ ਅਦਾਰਿਆਂ ਦੇ ਸਿਲੇਬਸਾਂ ਦਾ ਹਿੱਸਾ ਬਣਾਈਆਂ ਜਾਣ, ਉੱਥੇ ਗੁਰਮਤਿ ਪ੍ਰਚਾਰਕ ਵੀ ਇਨ੍ਹਾਂ ਦੀ ਸਹਾਇਤਾ ਨਾਲ 'ਫੀਲਡ-ਪ੍ਰਚਾਰ' ਕਰਨ।

3. ਕੌਮੀ ਵਿਰਸੇ ਦੀ ਸੰਭਾਲ

ਕੌਮੀ ਵਿਰਸੇ ਦੀ ਯੋਗ ਢੰਗ-ਤਰੀਕਿਆਂ ਨਾਲ ਸੰਭਾਲ ਕਰਨ ਲਈ ਕੇਂਦਰੀ ਕੌਮੀ ਜਥੇਬੰਦਕ ਸਿਸਟਮ ਅਧੀਨ ਇੱਕ 'ਸੈਲ' ਕਾਇਮ ਕੀਤਾ ਜਾਵੇ।

4. ਸਰਬੱਤ ਖ਼ਾਲਸਾ ਸੰਸਥਾ ਦੀ ਪੁਨਰ-ਸੁਰਜੀਤੀ


ਜਦੋਂ ਕੌਮ ਦਾ ਕਾਫ਼ੀ ਹਿੱਸਾ (ਤਕਰੀਬਨ 50%) ਗੁਰਮਤਿ ਸਿਧਾਂਤਾਂ ਦੇ ਪ੍ਰਚਾਰ/ਪਾਸਾਰ ਦੁਆਰਾ ਜਾਗ ਪਵੇ ਤਾਂ ਸਾਰੀਆਂ ਕੌਮੀ ਜਥੇਬੰਦੀਆਂ/ਸੰਸਥਾਵਾਂ/ਵਿਦਵਾਨਾਂ 'ਤੇ ਆਧਾਰਤ ਸਿੱਖ ਵਸੋਂ ਵਾਲੇ ਸਾਰੇ ਦੇਸ਼ਾਂ ਵਿੱਚ ਕੇਂਦਰੀ ਸੈਮੀਨਾਰ ਕੀਤੇ ਜਾਣ ਜਿਨ੍ਹਾਂ ਦਾ ਏਜੰਡਾ ਹੋਵੇ, **'ਸਰਬੱਤ ਖ਼ਾਲਸਾ' ਦੀ ਕੇਂਦਰੀ ਸੰਸਥਾ ਨੂੰ ਕਿਵੇਂ ਪੁਨਰ-ਸੁਰਜੀਤ ਕੀਤਾ ਜਾਵੇ ?'**

ਇਨ੍ਹਾਂ ਸਾਰੇ ਦੇਸ਼ਾਂ ਵਿੱਚ ਹੋਏ ਸੈਮੀਨਾਰਾਂ ਰਾਹੀਂ ਪ੍ਰਾਪਤ ਹੋਈ ਜਾਣਕਾਰੀ ਦੇ ਆਧਾਰ 'ਤੇ ਇੱਕ ਵਿਸ਼ਵ-ਪੱਧਰੀ ਖੁੱਲ੍ਹਾ ਸੈਮੀਨਾਰ ਕੀਤਾ ਜਾਵੇ ਜਿਸ ਵਿੱਚ 'ਸਰਬੱਤ ਖ਼ਾਲਸਾ' ਦੀ ਪੁਨਰ-ਸੁਰਜੀਤੀ ਲਈ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਜਾਣ ਅਤੇ ਅੰਤ ਵਿੱਚ 'ਸਰਬੱਤ ਖ਼ਾਲਸਾ' ਦਾ ਕੇਂਦਰੀ ਇਕੱਠ ਬੁਲਾਉਂਣ ਲਈ ਮਿਤੀ, ਸਮਾਂ ਤੇ ਸਥਾਨ ਐਲਾਨ ਦਿੱਤੇ ਜਾਣ। ਉਪਰੰਤ, ਸਰਬੱਤ ਖ਼ਾਲਸਾ ਦਾ ਇਕੱਠ ਬੁਲਾ ਕੇ ਕੌਮੀ ਜਥੇਬੰਦਕ ਸਿਸਟਮ ਬਣਾਉਂਣ ਲਈ ਗੁਰਮਤਿ ਅਨੁਸਾਰੀ ਫ਼ੈਸਲੇ ਲੈ ਲਏ ਜਾਣ। ਪ੍ਰਸਤਾਵਤ ਕੌਮੀ ਜਥੇਬੰਦਕ ਢਾਂਚੇ ਨੂੰ ਇੰਟਰਨੈੱਟ ਤੇ ਪਾ ਕੇ ਸਮੁੱਚੀ ਕੌਮ ਦੇ ਸੁਝਾਅ ਲਏ ਜਾਣ। ਇੰਜ ਪ੍ਰਾਪਤ ਹੋਏ ਸੁਝਾਵਾਂ ਨੂੰ ਇੰਟਰਨੈੱਟ 'ਤੇ ਪਾ ਕੇ ਸਮੁੱਚੀ ਕੌਮ ਦੀ ਪਰਵਾਨਗੀ ਲਈ ਜਾਵੇ। ਇਹ ਸਾਰੀ ਪ੍ਰਕਿਰਿਆ ਸਮਾਪਤ ਹੋਣ 'ਤੇ ਸਰਬੱਤ ਖ਼ਾਲਸਾ ਦਾ ਇਕੱਠ ਫਿਰ ਬੁਲਾ ਲਿਆ ਜਾਵੇ ਤੇ ਕੌਮੀ ਜਥੇਬੰਦਕ ਸਿਸਟਮ ਦੀ ਉਸਾਰੀ ਕਰ ਕੇ ਅਮਲੀ ਤੌਰ 'ਤੇ ਜ਼ਮੀਨੀ-ਪੱਧਰ 'ਤੇ ਕਾਰਵਾਈ ਅਰੰਭ ਕੀਤੀ ਜਾਵੇ।

ਸਿੱਖ ਕੌਮ ਦਾ ਪ੍ਰਸਤਾਵਤ ਜਥੇਬੰਦਕ ਸਿਸਟਮ

ਲੇਖਕ ਵੱਲੋਂ ਕੌਮੀ ਜਥੇਬੰਦਕ ਸਿਸਟਮ ਦੀ ਰੂਪ ਰੇਖਾ ਬਾਰੇ ਸੁਝਾਅ, ਹੇਠ ਲਿਖੇ ਚਾਰਟ ਵਿੱਚ ਦਿੱਤਾ ਜਾ ਰਿਹਾ ਹੈ

ਸਿੱਖ ਕੌਮ ਦਾ ਪ੍ਰਸਤਾਵਤ ਜਥੇਬੰਦਕ ਸਿਸਟਮ



1. ਲੇਖਕ ਦਾ ਸੁਝਾਅ ਹੈ ਕਿ ਕੇਂਦਰੀ ਸਰਬੱਤ ਖ਼ਾਲਸਾ ਦਾ ਫਾਈਨਲ ਇਕੱਠ, ਸਭ ਤੋਂ ਪਹਿਲਾਂ, ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਖ਼ੁਦਗਰਜ਼ ਸਿਆਸਤਦਾਨਾਂ ਦੀ ਗ਼ੁਲਾਮੀ 'ਚੋਂ ਆਜ਼ਾਦ ਕਰਾਉਣ ਦਾ ਮਤਾ ਪਾਸ ਕਰ ਕੇ ਲੋੜੀਂਦੇ ਅਮਲੀ ਕਦਮ ਚੁੱਕੇ।

2. ਸਿੱਖ ਕੌਮ ਦੀ ਰਾਜਨੀਤਕ ਖੇਤਰ ਵਿੱਚ ਅਗੁਵਾਈ ਲਈ 1920 ਵਿੱਚ ਹੋਂਦ 'ਚ ਆਏ ਅਕਾਲੀ ਦਲ ਦੀ (ਮਿਥੇ ਜਾਣ ਵਾਲੇ ਕੌਮੀ ਏਜੰਡੇ ਦੀ ਪ੍ਰਾਪਤੀ ਲਈ) ਯੋਗ ਢੰਗ ਨਾਲ ਪੁਨਰ-ਸੁਰਜੀਤੀ ਕੀਤੀ ਜਾਵੇ।

3. ਭਾਰਤ ਵਿਚਲੀਆਂ ਘੱਟ ਗਿਣਤੀਆਂ ਨੂੰ ਇੱਕ ਮੰਚ 'ਤੇ ਇਕੱਠਿਆਂ ਕਰ ਕੇ ਸਾਂਝੇ ਤੌਰ 'ਤੇ ਯੂ.ਐਨ.ਓ. ਦੀ ਐਸੋਸੀਏਟ ਮੈਂਬਰਸ਼ਿਪ ਹਾਸਿਲ ਕੀਤੀ ਜਾਵੇ ਤਾਕਿ ਘੱਟ ਗਿਣਤੀਆਂ ਨਾਲ ਹੋ ਰਹੇ ਵਿਤਕਰੇ, ਧੱਕੇਸ਼ਾਹੀਆਂ ਤੇ ਮਨੁੱਖੀ ਹੱਕਾਂ ਦੀ ਉਲੰਘਣਾ' ਦੇ ਮਸਲਿਆਂ ਨੂੰ ਕੌਮਾਂਤਰੀ ਪੱਧਰ 'ਤੇ ਲਿਜਾ ਕੇ ਦੂਰ ਕਰਵਾਇਆ ਜਾ ਸਕੇ।

4. ਕਾਂਗਰਸੀ ਲੀਡਰਸ਼ਿਪ ਵੱਲੋਂ ਭਾਰਤ ਦੀ ਆਜ਼ਾਦੀ ਦੀ ਜਦੋਜਹਿਦ ਦੌਰਾਨ ਸਿੱਖ ਕੌਮ (ਤੇ ਬਾਕੀ ਘੱਟ ਗਿਣਤੀਆਂ) ਨਾਲ ਕੀਤੇ ਪਵਿੱਤਰ ਵਾਅਦਿਆਂ ਨੂੰ ਕੌਮਾਂਤਰੀ ਪੱਧਰ 'ਤੇ ਉਠਾ ਕੇ, ਪੂਰਾ ਕਰਵਾਇਆ ਜਾਵੇ।

✲✲✲

ਅੰਤਿਕਾ-1

ਕੈਨੇਡਾ ਦੇ ਸਿੱਖ ਵਿਧਾਇਕ ਨੂੰ ਭਾਰਤ ਦਾ ਵੀਜ਼ਾ ਦੇਣ ਤੋਂ ਇਨਕਾਰ



ਟੋਰਾਂਟੋ, 26 ਦਸੰਬਰ : ਕੈਨੇਡਾ ਦੇ ਉਨਟਾਰੀਓ ਸੂਬੇ ਦੀ ਅਸੈਂਬਲੀ (ਵਿਧਾਨ ਸਭਾ) ਦੇ ਵਿਧਾਇਕ ਅਤੇ ਸੇਵਾ ਸਿੰਘ ਠੀਕਰੀਵਾਲਾ ਦੇ ਪੜਪੋਤੇ ਜਗਮੀਤ ਸਿੰਘ ਨੂੰ ਭਾਰਤ ਦਾ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ ਅਤੇ ਉਹ ਸੰਭਾਵਤ ਤੌਰ 'ਤੇ ਕੈਨੇਡਾ ਦੇ ਪਹਿਲੇ ਚੁਣੇ ਹੋਏ ਨੁਮਾਇੰਦੇ ਹਨ ਜਿਨ੍ਹਾਂ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਗਿਆ। ਜਗਮੀਤ ਸਿੰਘ ਨੂੰ ਪੰਜਾਬ ਦੀ ਇਕ ਗ਼ੈਰ ਸਰਕਾਰੀ ਸੰਸਥਾ ਵਲੋਂ 'ਸਾਲ ਦਾ ਬਿਹਤਰੀਨ ਸਿੱਖ' ਐਵਾਰਡ ਨਾਲ ਸਨਮਾਨਤ ਕੀਤਾ ਜਾਣਾ ਸੀ।

ਬਰਾਮੇਲੀਆ-ਗੋਰ-ਮਾਲਟਨ ਹਲਕੇ ਤੋਂ ਪ੍ਰਾਂਤਕ ਅਸੈਂਬਲੀ ਦੇ ਮੈਂਬਰ ਜਗਮੀਤ ਸਿੰਘ ਨੇ ਵੀਜ਼ਾ ਨਾ ਮਿਲਣ 'ਤੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ, "ਭਾਰਤ ਸਰਕਾਰ ਨੇ ਮੇਰੀ ਵੀਜ਼ਾ ਅਰਜ਼ੀ ਰੱਦ ਕਰ ਕੇ ਬਦਲਾ ਲੈਣ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਮੈਂ ਲਗਾਤਾਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਨਿਆਂ ਦੀ ਮੰਗ ਕੀਤੀ ਹੈ ਅਤੇ ਕਹਿੰਦਾ ਆਇਆ ਹਾਂ ਕਿ ਉਸ ਵੇਲੇ ਦੋ ਫ਼ਿਰਕਿਆਂ ਦਰਮਿਆਨ ਦੰਗੇ ਨਹੀਂ ਹੋਏ ਸਨ ਸਗੋਂ ਸਰਕਾਰ ਦੀ ਸ਼ਹਿ 'ਤੇ ਇਕ ਫ਼ਿਰਕੇ ਵਿਸ਼ੇਸ਼ ਨਾਲ ਸਬੰਧਤ ਲੋਕਾਂ ਦਾ ਕਤਲੇਆਮ ਕੀਤਾ ਗਿਆ ਸੀ।"

ਉਨ੍ਹਾਂ ਅੱਗੇ ਕਿਹਾ, "ਜੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਜਾਵੇ ਤਾਂ 1984 ਵਿਚ ਵਾਪਰੇ ਘਟਨਾਕ੍ਰਮ ਲਈ 'ਦੰਗੇ' ਸ਼ਬਦ ਬਹੁਤ ਹੀ ਹਲਕਾ ਹੈ। ਕਾਂਗਰਸ ਦੀ ਸ਼ਹਿ 'ਤੇ ਵਾਪਰੇ ਇਸ ਘਟਨਾਕ੍ਰਮ ਨੇ ਹਿੰਦੂਆਂ ਦਾ ਅਕਸ ਵੀ ਖ਼ਰਾਬ ਕੀਤਾ ਜਿਨ੍ਹਾਂ ਵਿਚੋਂ ਕਈ ਨੇ

ਲਾਂਬੂ ਲੱਗੇ ਮਾਹੌਲ ਵਿਚੋਂ ਸਿੱਖਾਂ ਨੂੰ ਸੁਰੱਖਿਅਤ ਬਾਹਰ ਕਢਿਆ।"

ਦਸਣਯੋਗ ਹੈ ਕਿ ਜਗਮੀਤ ਸਿੰਘ ਪਹਿਲਾਂ ਵੀ ਭਾਰਤ ਆ ਚੁੱਕੇ ਹਨ ਅਤੇ ਕੈਨੇਡਾ ਵਿਚ ਅਪ੍ਰੈਲ-2014 ਨੂੰ 'ਸਿੱਖ ਵਿਰਾਸਤੀ ਮਹੀਨਾ' ਮਨਾਏ ਜਾਣ ਸਬੰਧੀ ਕਾਨੂੰਨ ਪਾਸ ਕਰਵਾਉਣ 'ਚ ਉਨ੍ਹਾਂ ਦੀ ਅਹਿਮ ਭੂਮਿਕਾ ਰਹੀ। ਇਹ ਕੈਨੇਡਾ ਦੇ ਇਤਿਹਾਸ ਦਾ ਪਹਿਲਾ ਅਤੇ ਦੁਨੀਆਂ ਦਾ ਅਪਣੀ ਕਿਸਮ ਦਾ ਪਹਿਲਾ ਕਾਨੂੰਨ ਹੈ ਜੋ ਸਿੱਖਾਂ ਨੂੰ ਵੱਡਾ ਮਾਣ ਦਿੰਦਾ ਹੈ।

ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਭਾਰਤ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਦੇਸ਼ ਭਗਤ ਪਰਵਾਰ ਨਾਲ ਸਬੰਧਤ ਜਗਮੀਤ ਸਿੰਘ ਦੇ ਤਾਇਆ ਸ. ਸ਼ਿਵਚਰਨ ਸਿੰਘ ਧਾਲੀਵਾਲ ਨੇ 1971 ਦੀ ਹਿੰਦ-ਪਾਕਿ ਜੰਗ 'ਚ ਭਾਰਤ ਲਈ ਖ਼ੂਨ ਵਹਾਉਂਦਿਆਂ ਆਪਣੀ ਜਾਨ ਕੁਰਬਾਨ ਕੀਤੀ ਜਦਕਿ ਦੂਸਰੇ ਤਾਇਆ ਸ. ਗੁਰਦਾਤਾਰ ਸਿੰਘ ਭਾਰਤੀ ਫੌਜ 'ਚੋਂ ਜਨਰਲ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਹਨ।

ਜਗਮੀਤ ਸਿੰਘ ਨੂੰ ਕੈਨੇਡੀਅਨ ਸਮਾਜ ਵਿਚ ਰੋਲ ਮਾਡਲ ਮੰਨਿਆ ਜਾਂਦਾ ਹੈ ਪਰ ਉਸ ਨਾਲ ਕੀਤੇ ਇਸ ਵਤੀਰੇ ਕਾਰਨ ਕੈਨੇਡਾ ਵਾਸੀ ਬੇਹੱਦ ਹੈਰਾਨ-ਪ੍ਰੇਸ਼ਾਨ ਹਨ। ਜਗਮੀਤ ਸਿੰਘ ਦਾ ਕਹਿਣਾ ਹੈ ਕਿ ਇਕ ਲੋਕਤੰਤਰੀ ਢਾਂਚੇ 'ਚ ਕਿਸੇ ਬੇ-ਇਨਸਾਫ਼ੀ ਦੇ ਵਿਰੁਧ ਆਵਾਜ਼ ਬੁਲੰਦ ਕਰਨਾ ਆਮ ਵਰਤਾਰਾ ਹੁੰਦਾ ਹੈ ਅਤੇ ਇਕ ਚੁਣੇ ਹੋਏ ਨੁਮਾਇੰਦੇ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਇਨਸਾਫ਼ ਲਈ ਆਵਾਜ਼ ਉਠਾਏ। ਉਨ੍ਹਾਂ ਕਿਹਾ ਕਿ ਉਹ ਦੁਨੀਆਂ ਦੇ 20 ਮੁਲਕਾਂ 'ਚ ਜਾ ਚੁੱਕੇ ਹਨ, ਜਿਥੇ ਉਨ੍ਹਾਂ ਨੂੰ ਪੂਰੇ ਮਾਣ-ਸਤਿਕਾਰ ਨਾਲ ਜੀ ਆਇਆਂ ਕਿਹਾ ਗਿਆ।

(ਰੋਜ਼ਾਨਾ ਸਪੋਕਸਮੈਨ, 27 ਦਸੰਬਰ, 2013)

✲✲✲

ਅੰਤਿਕਾ-2

ਰਾਸ਼ਟਰੀਆ ਸਵੱਮਸੇਵਕ ਸੰਘ ਦਾ ਸਿੱਖ ਏਜੰਡਾ

ਪਿਛਲੇ ਸਮਿਆਂ ਵਿੱਚ ਆਰੀਆ ਸਮਾਜੀਆਂ ਨੇ ਸਿੱਖ-ਵਿਰਸੇ ਦੀ ਖ਼ਾਲਸ-ਨੁਹਾਰ ਨੂੰ ਹਰ ਪਾਸਿਓ ਵਲੂੰਧਰਿਆ ਹੈ। ਜੇਕਰ ਵਕਤ ਦੇ ਹਿਸਾਬ ਨਾਲ ਆਰੀਆ ਸਮਾਜੀਆਂ ਨੂੰ ਨਵੇਂ ਨਾਂ ਆਰ.ਐਸ.ਐਸ. ਨਾਲ ਵੇਖਿਆ ਜਾਵੇ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਇਨ੍ਹਾਂ ਦੇ ਨਾਵਾਂ ਵਿੱਚ ਫ਼ਰਕ ਤਾਂ ਹੋ ਸਕਦਾ ਹੈ ਪਰ ਸਿੱਖਾਂ ਪ੍ਰਤੀ ਨੀਤੀ ਵਿੱਚ ਨਹੀਂ। ਸਪੱਸ਼ਟ ਰੂਪ ਵਿੱਚ ਆਰ.ਐਸ.ਐਸ. ਦਾ ਮੁੱਖ ਮਕਸਦ ਸਿੱਖਾਂ ਨੂੰ ਹਿੰਦੂਆਂ ਦੀ ਇੱਕ ਸ਼ਾਖ ਬਣਾਉਂਣਾ, ਗੁਰਬਾਣੀ ਨੂੰ ਵੇਦਕ ਪੱਧਰ 'ਤੇ ਲੈ ਜਾ ਕੇ ਵਿਆਖਿਆ ਕਰਨੀ, ਸਿੱਖ ਕੌਮ ਦੀ ਵੱਖਰੀ ਹੋਂਦ, ਇਤਿਹਾਸਕ, ਸਾਹਿਤਕ ਅਤੇ ਸਭਿਆਚਾਰਕ ਵਿਰਸੇ ਨੂੰ ਨਸ਼ਟ ਕਰਕੇ ਗੁਰੂ ਸਾਹਿਬ ਨੂੰ ਵਿਸ਼ਨੂੰ ਦਾ ਅਵਤਾਰ ਬਣਾ ਕੇ ਆਪਣੇ ਅੰਦਰ ਸਮੋ ਕੇ ਜਾਤੀ-ਪਾਤੀ ਪ੍ਰਬੰਧ ਨੂੰ ਮੁੜ ਸਥਾਪਿਤ ਕਰ ਕੇ ਅਜੋਕੇ ਸਮੇਂ ਵਿੱਚ ਹੋਏ ਸਰਬ-ਖੇਤਰਾਂ ਵਿੱਚ ਵਿਸ਼ਵੀਕਰਨ ਵਿੱਚ ਆਪਣੀ ਜੰਗ ਨੂੰ ਮੁਸਲਮਾਨਾਂ ਦੇ ਖਿਲਾਫ਼ ਤੇਜ਼ ਕਰਦੇ ਹੋਏ ਸਿੱਖਾਂ ਨੂੰ ਮੋਹਰੇ ਵਜੋਂ ਵਰਤਣਾ ਅਤੇ ਸਿੱਖ-ਧਰਮ ਦੇ ਵਿਸ਼ਵ-ਧਰਮ ਬਣਨ ਦੇ ਸੱਚ ਨੂੰ ਸਾਕਾਰ ਹੋਣ ਤੋਂ ਰੋਕਣ ਲਈ ਦੁਨਿਆਵੀ ਚਤੁਰਾਈਆਂ ਰਾਹੀਂ ਵਰਤਣ ਦਾ ਆਖਰੀ ਹਥਿਆਰ ਹੈ।

ਆਰ.ਐਸ.ਐਸ. ਇਹ ਚੰਗੀ ਤਰ੍ਹਾਂ ਜਾਣਦੀ ਹੈ ਅਤੇ ਇਸ ਚੀਜ਼ ਨੂੰ ਪਰਖ ਵੀ ਚੁੱਕੀ ਹੈ ਕਿ ਗੁਰਬਾਣੀ, ਭਾਈ ਨੰਦ ਲਾਲ ਗੋਯਾ ਜੀ ਅਤੇ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਨੂੰ ਸਿੱਖ ਪ੍ਰਮਾਣਿਕ ਮੰਨਦੇ ਹਨ ਅਤੇ ਇਨ੍ਹਾਂ ਵਿੱਚ ਕਿਸੇ ਵੀ ਤਰ੍ਹਾਂ ਮਿਲਾਵਟ ਕਰਨੀ ਅਸੰਭਵ ਹੈ ਅਤੇ ਨਾ ਹੀ ਇਨ੍ਹਾਂ ਨੂੰ ਆਧਾਰ ਬਣਾ ਕੇ ਸਿੱਖਾਂ ਨੂੰ ਹਿੰਦੂ ਸਿੱਧ ਕੀਤਾ ਜਾ ਸਕਦਾ ਹੈ। ਇਸ ਲਈ ਉਨ੍ਹਾਂ ਨੇ ਲੰਮੀ ਰਣਨੀਤੀ ਅਧੀਨ ਸਿੱਖਾਂ ਵਿੱਚ ਮੁੱਢ ਤੋਂ ਹੀ ਵਿਵਾਦ-ਗ੍ਰਸਤ, 'ਦਸਮ-ਗ੍ਰੰਥ' ਨੂੰ ਆਪਣਾ ਨਿਸ਼ਾਨਾ ਬਣਾਇਆ ਜਿਸ ਰਾਹੀਂ ਉਹ ਲੰਮੀ ਚਾਲ ਤਹਿਤ ਹੌਲੀ-ਹੌਲੀ ਸਫ਼ਲ ਹੋਣ ਦੀ ਉਮੀਦ ਰੱਖਦੇ ਹਨ। 'ਦਸਮ-ਗ੍ਰੰਥ' ਨੂੰ ਸੰਪੂਰਨ ਗੁਰੂ ਸਾਹਿਬ ਦਾ ਹੋਣ ਦਾ ਸਿੱਖਾਂ ਕੋਲੋਂ ਇਕਬਾਲ ਕਰਵਾਉਂਣਾ ਇਸ ਦਾ ਮੁੱਢਲਾ ਕਾਰਜ ਹੈ, ਇਸ ਤੋਂ ਬਾਅਦ ਇਹ ਇਸ ਦੀ ਵਿਆਖਿਆ ਆਪਣੇ ਮੁਤਾਬਿਕ ਕਰ ਕੇ ਗੁਰਬਾਣੀ ਦੀ ਵਿਆਖਿਆ ਲਈ ਇਸ ਨੂੰ ਆਧਾਰ ਨਿਯੁਕਤ ਕਰੇਗੀ। ਇਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਸ਼ੁੱਧਤਾ ਦਾ ਸਵਾਲ ਪੈਦਾ ਕਰ ਕੇ ਇਸ ਨੂੰ ਪੁਰਾਣੀਆਂ ਬੀੜਾਂ ਨਾਲ ਮੇਲ ਕੇ ਇਕਸੁਰ ਕਰਨ ਦਾ ਸ਼ੋਰ ਮਚਾਏਗੀ, ਜਿਸ ਵਿੱਚ ਮੈਕਲੋਡ ਪੱਖੀ ਮਾਨਸਿਕਤਾ ਵੱਧ ਚੜ੍ਹ ਕੇ ਹਿੱਸਾ ਲਵੇਗੀ। ਇਸ ਸ਼ੋਰ ਵਿੱਚ ਉਹ ਸਾਰੀ ਸਾਮੱਗਰੀ ਵਾਪਸ ਸਿੱਖ ਜਗਤ ਵਿੱਚ ਮਿਲਾਵਟ

ਕਰ ਕੇ ਭੇਜੀ ਜਾਵੇਗੀ ਜਿਹੜੀ 1984 ਦੇ ਘੱਲੂਘਾਰੇ ਵਿੱਚ ਹਿੰਦੁਸਤਾਨੀ ਫ਼ੌਜ ਸਿੱਖ ਰਾਇਫ਼ਰੈਂਸ ਲਾਇਬ੍ਰੇਰੀ ਵਿਚੋਂ ਚੁੱਕ ਕੇ ਲੈ ਗਈ ਸੀ। ਸ਼ੁੱਧਤਾ ਦੇ ਨੁਕਤੇ 'ਤੇ ਸਿੱਖਾਂ ਵਿੱਚ ਇਕ ਲੰਮਾ ਵਿਵਾਦ ਛਿੜੇਗਾ ਅਤੇ ਇਸ ਵਕਤ ਇਹ ਮਿਲਾਵਟ ਵਾਲੀਆਂ ਪੁਰਾਣੀਆਂ ਬੀੜਾਂ ਨਾਲ ਮੇਲਣ ਨੂੰ ਉਤਸ਼ਾਹਿਤ ਕਰਕੇ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਾਵਟ ਕਰਵਾਏਗੀ ਤਾਂ ਜੋ ਗੁਰਬਾਣੀ ਦੀ ਵੱਖਰੀ ਤੇ ਖ਼ਾਲਸ ਨੁਹਾਰ ਨੂੰ ਵੇਦਾਂ ਦੀ ਪੱਧਰ 'ਤੇ ਲਿਆਂਦਾ ਜਾਵੇ। ਇਸ ਤੋਂ ਮਗਰੋਂ ਆਰ.ਐਸ.ਐਸ. ਆਰੀਆ ਸਮਾਜੀਆਂ ਦੀ ਤਰ੍ਹਾਂ ਸ਼ੁੱਧੀ ਸਭਾ ਬਣਾ ਕੇ ਸਿੱਖਾਂ ਨੂੰ ਹਿੰਦੂਆਂ 'ਚ ਸ਼ਾਮਲ ਕਰ ਪੁਰਾਣੇ ਜਾਤੀ-ਪਾਤੀ ਪ੍ਰਬੰਧ ਵਿੱਚ ਭੇਜਣ ਦੇ ਆਪਣੇ ਕਾਲਪਨਿਕ ਸੁਪਨੇ ਨੂੰ ਸਾਕਾਰ ਕਰਨਾ ਚਾਹੁੰਦੀ ਹੈ।

(ਜੌਇੰਟ ਐਕਸ਼ਨ ਕਮੇਟੀ : ਪੁਸਤਿਕਾ 'ਬੁੱਤ-ਪ੍ਰਸਤ ਨਹੀਂ, ਅਕਾਲ-ਪ੍ਰਸਤ', ਪੰਨਾ 21-23)

✡✡✡

ਅੰਤਿਕਾ-3

ਅਮਰੀਕਾ, ਕੈਨੇਡਾ ਵਿਚ ਸਿੱਖਾਂ ਦੇ ਪੈਸਿਆਂ ਨਾਲ ਬਣੀਆਂ ਸਿੱਖ ਚੇਅਰਜ਼ ਉਤੇ ਈਸਾਈ ਸੋਚ ਦਾ ਕਬਜ਼ਾ--ਉਸ ਤਰ੍ਹਾਂ ਹੀ ਜਿਵੇਂ ਦਲੀਪ ਸਿੰਘ ਨਾਲ ਕੀਤਾ ਗਿਆ ਸੀ

ਮੈਂ ਪਾਠਕਾਂ ਦਾ ਧਿਆਨ ਅਮਰੀਕਾ ਅਤੇ ਕੈਨੇਡਾ ਵਿੱਚ ਸਥਾਪਤ ਚੇਅਰਜ਼ ਆਫ਼ ਸਿੱਖ ਸਟਡੀਜ਼ ਦੇ ਨਾਮ ਨਾਲ ਜਾਣੇ ਜਾਂਦੇ ਅਕਾਦਮਕ ਅਦਾਰਿਆਂ ਵੱਲ ਦੁਆਉਣਾ ਚਾਹੁੰਦਾ ਹਾਂ। ਇਨ੍ਹਾਂ ਅਦਾਰਿਆਂ ਦੀ ਕੁੱਲ੍ਹ ਗਿਣਤੀ 9 ਹੈ। ਇਹ ਅਦਾਰੇ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਨੇ ਅਪਣੀ ਨੇਕ ਕਮਾਈ ਵਿਚੋਂ ਲੱਖਾਂ ਡਾਲਰ ਲਾ ਕੇ ਯੂਨੀਵਰਸਟੀਆਂ ਨਾਲ ਸੰਪਰਕ ਸਥਾਪਤ ਕਰ ਕੇ ਕਾਇਮ ਕੀਤੇ ਸਨ। ਇਨ੍ਹਾਂ ਅਦਾਰਿਆਂ ਦਾ ਪ੍ਰਮੁੱਖ ਉਦੇਸ਼ ਸਿੱਖ ਪੰਥ ਦੀ ਵੱਖਰੀ ਪਛਾਣ ਅਤੇ ਗੁਰਮਤਿ ਸਿਧਾਂਤਾਂ ਦਾ ਸਹੀ ਵਿਸ਼ਲੇਸ਼ਣ ਦੁਨੀਆਂ ਦੇ ਸਾਹਮਣੇ ਪੇਸ਼ ਕਰਨਾ ਸੀ। ਇਨ੍ਹਾਂ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਜ਼ਿਆਦਾਤਰ ਵਿਚਾਰਵਾਨ (ਬੁੱਧੀਜੀਵੀ) ਪੂਰਨ ਸਿੱਖੀ ਸਰੂਪ ਵਾਲੇ ਸਿੱਖ ਹੀ ਹਨ। ਮੈਂ ਸਿੱਖ ਇਤਿਹਾਸ ਨਾਲ ਜੁੜੇ ਹੋਣ ਨਾਤੇ ਪਿਛਲੇ ਕਈ ਦਹਾਕਿਆਂ ਤੋਂ ਇਨ੍ਹਾਂ ਅਦਾਰਿਆਂ ਤੋਂ ਛਪੀਆਂ ਪੁਸਤਕਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਦਾ ਅਧਿਐਨ ਕੀਤਾ ਹੈ। ਇਨ੍ਹਾਂ ਬੁੱਧੀਜੀਵੀਆਂ ਨੇ ਸਿੱਖ ਧਰਮ ਦੀ ਵਿਆਖਿਆ ਲਈ ਰਚਨਾਤਮਕ ਦ੍ਰਿਸ਼ਟੀ ਤਿਆਗ ਕੇ ਜਿਸ ਨਿਰਦੈਤਾ ਨਾਲ ਪਦਾਰਥਵਾਦੀ ਆਲੋਚਨਾਤਮਕ ਰਵਈਆ ਅਪਨਾਇਆ ਹੈ, ਇਸ ਬਾਰੇ ਮੈਂ ਕੁੱਝ ਵਿਚਾਰ ਸੂਝਵਾਨ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

ਸਿੱਖ ਧਰਮ ਦਾ ਪਦਾਰਥਵਾਦੀ (materialistic interpretation) ਵਿਸ਼ਲੇਸ਼ਣ ਕਰਨ ਦਾ ਮੋਢੀ ਡਬਲੀਊ.ਐਚ. ਮੈਕਲੋਡ ਸੀ। ਇਹ ਪਹਿਲਾਂ ਈਸਾਈ ਧਰਮ ਦੇ ਪ੍ਰਚਾਰਕ ਵਜੋਂ ਪੰਜਾਬ ਵਿੱਚ ਅਪਣੇ ਧਰਮ ਦਾ ਪ੍ਰਚਾਰ ਕਰਨ ਲਈ ਆਇਆ ਸੀ ਅਤੇ ਇਨ੍ਹਾਂ ਦਾ ਹੈੱਡ ਕੁਆਰਟਰ ਬਟਾਲਾ ਤੇ ਖਰੜ ਸੀ। ਫਿਰ ਲਗਦਾ ਹੈ ਕਿ ਕਿਸੇ ਗਿਣੀ ਮਿਥੀ ਚਾਲ ਦੇ ਅਧੀਨ ਇਹ ਇਕਦਮ ਐਲਾਨ ਕਰ ਕੇ ਨਾਸਤਕ ਬਣ ਗਿਆ ਅਤੇ ਫਿਰ ਇਸ ਨੇ ਸਿੱਖ ਧਰਮ ਅਤੇ ਇਤਿਹਾਸ ਦੀ ਪੜਚੋਲ ਸ਼ੁਰੂ ਕਰ ਦਿਤੀ ਅਤੇ ਇੱਕ ਦਰਜਨ ਦੇ ਕਰੀਬ ਕਿਤਾਬਾਂ ਛਪਵਾ ਲਈਆਂ। ਮੈਕਲੋਡ ਨੇ ਸਿੱਖ ਧਰਮ ਦੀ ਪ੍ਰੀਭਾਸ਼ਾ ਬਦਲਣ ਦੀ ਜੀਅ ਤੋੜ ਕੋਸ਼ਿਸ਼ ਕੀਤੀ। ਉਸ ਮੁਤਾਬਕ ਗੁਰੂ ਨਾਨਕ ਸਾਹਿਬ ਇੱਕ ਨਵੇਂ ਮੌਲਿਕ ਧਰਮ ਦੇ ਬਾਨੀ

ਨਹੀਂ ਸਨ। ਉਹ ਸਿਖ ਧਰਮ ਨੂੰ ਹਿੰਦੂ ਧਰਮ ਦੀ ਹੀ ਸ਼ਾਖ਼ਾ ਬਣਾਉਣ ਲਈ ਯਤਨਸ਼ੀਲ ਸੀ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅਰਥ ਹੀ ਬਦਲ ਦਿਤੇ ਹਨ। ਮੈਕਲੋਡ ਗੁਰੂ ਨਾਨਕ ਅਤੇ ਹੋਰ ਗੁਰੂ ਸਾਹਿਬਾਨ ਨੂੰ ਪੈਗੰਬਰ ਮੰਨਣ ਤੋਂ ਇਨਕਾਰੀ ਹੈ। ਉਹ ਗੁਰੂ ਸਾਹਿਬਾਨ ਨੂੰ ਆਮ ਸਾਧਾਰਣ ਮਨੁੱਖ ਦੇ ਪੱਧਰ 'ਤੇ ਲੈ ਆਉਂਦਾ ਹੈ ਅਤੇ ਫਿਰ ਉਨ੍ਹਾਂ ਦੀ ਇਲਾਹੀ ਬਾਣੀ ਨੂੰ ਆਮ ਕਿਤਾਬੀ ਪੱਧਰ 'ਤੇ ਲਿਆ ਕੇ ਪਰਖਦਾ ਹੈ।

19ਵੀਂ ਸਦੀ ਵਿੱਚ ਡਾ. ਅਰਨੈਸਟ ਟਰੰਪ ਨਾਂ ਦਾ ਜਰਮਨ ਮਿਸ਼ਨਰੀ ਅੰਗਰੇਜ਼ੀ ਸਰਕਾਰ ਦੇ ਸੱਦੇ 'ਤੇ ਪੰਜਾਬ ਆਇਆ ਸੀ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਜੋ ਤਰੋੜ ਮਰੋੜ ਕਰ ਕੇ ਵਿਆਖਿਆ ਕੀਤੀ ਸੀ, ਉਸ ਬਾਰੇ ਕਈ ਸੂਝਵਾਨ ਪਾਠਕ ਜ਼ਰੂਰ ਹੀ ਜਾਣਕਾਰੀ ਰਖਦੇ ਹੋਣਗੇ। ਟਰੰਪ ਦਾ ਢੁਕਵਾਂ ਜਵਾਬ ਦੇਣ ਲਈ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਮੈਕਾਲਿਫ਼ ਨੂੰ ਤਿਆਰ ਕੀਤਾ ਸੀ ਜਿਸ ਨੇ 6 ਜਿਲਦਾਂ ਵਿੱਚ ਕਰੜੀ ਮਿਹਨਤ ਨਾਲ 'ਸਿੱਖ ਰਿਲੀਜਨ' ਨਾਂ ਦਾ ਸਹੀ ਦਸਤਾਵੇਜ਼ ਤਿਆਰ ਕੀਤਾ। 20ਵੀਂ ਸਦੀ ਵਿੱਚ ਮੈਕਲੋਡ ਦੀ ਤੁਲਨਾ ਡਾ. ਟਰੰਪ ਨਾਲ ਹੀ ਕੀਤੀ ਜਾ ਸਕਦੀ ਹੈ। ਕੁੱਝ ਦਹਾਕੇ ਪਹਿਲਾਂ ਇਂਸਟੀਚਿਊਟ ਆਫ਼ ਸਿੱਖ ਸਟਡੀਜ਼ ਚੰਡੀਗੜ੍ਹ ਨਾਲ ਸਬੰਧਤ ਵਿਦਵਾਨਾਂ ਨੇ ਅਪਣੀਆਂ ਲਿਖਤਾਂ ਦੁਆਰਾ ਇੱਕ ਵਾਰੀ ਤਾਂ ਮੈਕਲੋਡ ਦਾ ਮੂੰਹ ਤੋੜ ਦਿਤਾ ਸੀ ਅਤੇ ਉਸ ਨੂੰ ਟੋਰਾਂਟੋ ਵਿੱਚ ਸਥਾਪਤ ਚੇਅਰ ਆਫ਼ ਸਿੱਖ ਸਟਡੀਜ਼ ਨੂੰ ਛੱਡਣ ਲਈ ਮਜਬੂਰ ਹੋਣਾ ਪਿਆ ਸੀ ਪਰ ਪਛਮੀ ਸਾਮਰਾਜੀ ਸ਼ਕਤੀਆਂ ਨੇ ਉਸ ਨੂੰ ਅਪਣੇ ਹੇਠ ਰੱਖੀ ਰੱਖਿਆ। ਮੈਕਲੋਡ ਨੇ ਪਛਮੀ ਵਿਦਵਾਨਾਂ ਨੂੰ ਇੱਕ ਅਲੋਚਨਾਤਮਕ ਢਾਂਚਾ (framework) ਤਿਆਰ ਕਰ ਕੇ ਦਿੱਤਾ ਜਿਸ ਦੇ ਦਾਇਰੇ ਵਿੱਚ ਹੀ ਉਨ੍ਹਾਂ ਦੀਆਂ ਸਿੱਖ ਵਿਰੋਧੀ ਲਿਖਤਾਂ ਘੁੰਮਦੀਆਂ ਹਨ।

ਮੈਕਲੋਡ ਵੱਲੋਂ ਦਿਤੇ ਢਾਂਚੇ ਵਿੱਚ ਇਸ ਗੱਲ 'ਤੇ ਪੂਰਾ ਜ਼ੋਰ ਦਿੱਤਾ ਗਿਆ ਹੈ ਕਿ ਸਿੱਖ ਧਰਮ ਦੀ ਵਖਰੀ ਪਛਾਣ ਪਹਿਲੀ ਵਾਰ ਸਿੰਘ ਸਭਾ ਲਹਿਰ ਦੇ ਬਾਨੀਆਂ ਨੇ ਅੰਗਰੇਜ਼ੀ ਸਰਕਾਰ ਦੀ ਸਹਾਇਤਾ ਨਾਲ ਤਿਆਰ ਕਰਵਾਈ। ਉਹ ਕਹਿੰਦਾ ਹੈ ਕਿ ਇਸ ਤੋਂ ਪਹਿਲਾਂ ਨਾ ਤਾਂ ਸਿੱਖਾਂ ਨੂੰ ਅਪਣਾ ਵੱਖਰਾ ਧਰਮ ਹੋਣ ਦਾ ਗਿਆਨ ਸੀ ਅਤੇ ਨਾ ਹੀ ਉਨ੍ਹਾਂ ਦਾ ਕੋਈ ਵੱਖਰਾ ਇਤਿਹਾਸ ਸੀ। ਉਹ ਵਾਰ ਵਾਰ ਦੁਹਰਾਉਂਦਾ ਹੈ ਕਿ ਗੁਰਮਤਿ ਸਿਧਾਂਤ ਮੌਲਿਕ ਸਿਧਾਂਤ ਨਹੀਂ ਹਨ ਅਤੇ ਸਿੱਖ ਪਰੰਪਰਾਵਾਂ, ਹਿੰਦੂ ਧਰਮ ਦੀ ਦੇਣ ਹਨ। ਉਸ ਦਾ ਕਹਿਣਾ ਹੈ ਕਿ ਗੁਰੂ ਨਾਨਕ ਦਾ ਧਰਮ ਅੰਤਰਮੁਖੀ (Interiority) ਧਰਮ ਹੈ ਅਤੇ ਸੰਤ ਪਰੰਪਰਾ ਨਾਲ ਹੀ ਮੇਲ ਰਖਦਾ ਹੈ ਅਤੇ ਇਸ ਵਿੱਚ ਨਾਮ-ਸਿਮਰਨ ਤੋਂ ਬਿਨਾਂ ਸਮਾਜਕ ਤੇ ਰਾਜਸੀ ਪਹਿਲੂਆਂ ਦਾ ਕੋਈ ਸਥਾਨ ਨਹੀਂ। ਉਸ ਦਾ ਮੰਨਣਾ ਹੈ ਕਿ ਪਹਿਲੇ ਗੁਰੂ ਤੋਂ ਬਾਅਦ ਦੇ 9 ਗੁਰੂ, ਗੁਰੂ ਨਾਨਕ ਦੇ ਅੰਤਰਮੁਖੀ ਧਰਮ ਦੀ ਉਲੰਘਣਾ ਕਰਦੇ ਹਨ। ਮੈਕਲੋਡ ਦੇ ਢਾਂਚੇ ਵਿੱਚ ਸਿੱਖ ਗੁਰੂਆਂ ਦੀ ਸ਼ਹਾਦਤ, ਖ਼ਾਲਸੇ ਦੀ ਸਿਰਜਣਾ ਅਤੇ ਦਸਵੇਂ ਗੁਰੂ ਵੱਲੋਂ ਦਿੱਤੇ 'ਸੰਤ-ਸਿਪਾਹੀ' ਦੇ ਮਹਾਨ ਸੰਕਲਪ ਦਾ ਬਿਲਕੁਲ ਹੀ ਕੋਈ ਮਹੱਤਵ ਨਹੀਂ। ਉਹ ਕਹਿੰਦਾ ਹੈ ਕਿ ਯੁਧ ਕਰਨਾ, ਭਾਵੇਂ ਉਹ ਹੱਕ ਇਨਸਾਫ਼ ਅਤੇ ਮਨੁੱਖੀ ਕਦਰਾਂ ਕੀਮਤਾਂ ਦੀ ਰੱਖਿਆ ਲਈ ਹੋਵੇ, ਗੁਰੂ ਨਾਨਕ ਦੇ ਸ਼ਾਂਤਮਈ ਸਿਧਾਂਤਾਂ ਦੇ ਬਿਲਕੁਲ ਵਿਰੁਧ ਹੈ। ਉਹ ਯਤਨਸ਼ੀਲ ਹੈ ਕਿ ਪਛਮੀ ਯੂਨੀਵਰਸਟੀਆਂ ਵਿੱਚ ਲਿਖੇ ਗਏ ਦਸਤਾਵੇਜ਼ਾਂ ਵਿੱਚ ਸਿੱਖ ਕੌਮ ਵੱਲੋਂ 18ਵੀਂ ਸਦੀ ਵਿੱਚ ਅਪਣੀ ਵੱਖਰੀ ਹੋਂਦ ਨੂੰ ਬਰਕਰਾਰ ਰੱਖਣ ਲਈ ਦਿੱਤੀਆਂ

ਬੇਮਿਸਾਲ ਸ਼ਹਾਦਤਾਂ ਦਾ ਜ਼ਿਕਰ ਤੱਕ ਨਾ ਆਵੇ। ਉਹ ਸਿੱਖੀ ਦੀ ਸ਼ਾਨ ਨੂੰ ਉੱਚਾ ਕਰਨ ਵਾਲੇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਨਜ਼ਰਅੰਦਾਜ਼ ਕਰਦਾ ਹੈ। ਉਹ ਇਸ ਗੱਲ ਤੋਂ ਵੀ ਇਨਕਾਰੀ ਹੈ ਕਿ ਗੁਰੂਆਂ ਵਲੋਂ ਗੁਰਬਾਣੀ ਦੀ ਜੋਤ ਜਗਾਉਣ ਸਦਕਾ ਹੀ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਸਾਥੀਆਂ ਨੇ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਅਤੇ ਸੀ ਨਾ ਕਰਦੇ ਹੋਏ ਅਡੋਲ ਰਹਿ ਕੇ ਸ਼ਹੀਦ ਹੋ ਗਏ ਪਰ ਸਿੱਖੀ ਸਿਦਕ ਨਹੀਂ ਹਾਰਿਆ। ਮੈਕਲੋਡ ਦੇ ਗਿਣੇ ਮਿਥੇ ਏਜੰਡੇ ਵਿੱਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਸਥਾਪਤ ਕੀਤੇ ਹਲੇਮੀ ਰਾਜ, ਜਿਸ ਸਦਕਾ ਪੰਜਾਬ ਵਿੱਚ ਸਦੀਆਂ ਬਾਅਦ ਪੂਰਨ ਅਮਨ-ਸ਼ਾਂਤੀ ਅਤੇ ਧਾਰਮਕ ਸਦਭਾਵਨਾ ਕਾਇਮ ਹੋਈ, ਦਾ ਕੋਈ ਜ਼ਿਕਰ ਨਹੀਂ ਆਉਂਦਾ।

ਮੈਕਲੋਡ ਆਦਿ ਕਾਲ ਤੋਂ ਚੱਲੀ ਆ ਰਹੀ ਗੁਰਮਤਿ ਵਿਚਾਰਧਾਰਾ ਨੂੰ ਬਿਲਕੁਲ ਹੀ ਅੱਖੋਂ ਉਹਲੇ ਕਰ ਕੇ ਕਹਿੰਦਾ ਹੈ ਕਿ ਸਿੱਖ ਧਰਮ ਦੀ ਸੁਤੰਤਰ, ਮੌਲਿਕ ਤੇ ਵਿਲੱਖਣ ਹਸਤੀ ਸਿੰਘ ਸਭੀਆਂ ਨੇ ਅੰਗਰੇਜ਼ਾਂ ਦੀ ਮਦਦ ਨਾਲ ਕਾਇਮ ਕੀਤੀ। ਜਿਸ ਧੋਖੇ ਅਤੇ ਫ਼ਰੇਬ ਨਾਲ ਅੰਗਰੇਜ਼ਾਂ ਨੇ ਨਾਬਾਲਗ਼ ਮਹਾਰਾਜਾ ਦਲੀਪ ਸਿਘ ਤੋਂ ਰਾਜ-ਸੱਤਾ ਖੋਹੀ, ਉਸ ਤੋਂ ਤਾਂ ਅਸੀ ਸੱਭ ਭਲੀ ਭਾਂਤ ਜਾਣੂ ਹੀ ਹਾਂ। ਦਲੀਪ ਸਿੰਘ ਨੂੰ ਅਪਣੇ ਸਿੱਖੀ ਵਿਰਸੇ ਤੋਂ ਦੂਰ ਕਰ ਕੇ ਈਸਾਈ ਬਣਾ ਦਿਤਾ ਗਿਆ। ਇਥੇ ਇਹ ਗੱਲ ਖ਼ਾਸ ਤੌਰ 'ਤੇ ਵਰਨਣ ਯੋਗ ਹੈ ਕਿ ਉਸ ਵੇਲੇ ਦੇ ਹੁਕਮਰਾਨ ਲਾਰਡ ਡਲਹੌਜ਼ੀ ਨੇ ਦਲੀਪ ਸਿੰਘ ਨੂੰ ਇੰਗਲੈਂਡ ਭੇਜਣ ਵੇਲੇ ਬਾਈਬਲ ਦੀ ਕਾਪੀ ਸੁਗਾਤ ਵਜੋਂ ਦਿਤੀ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਸਮੇਂ 6 ਪ੍ਰਮੁੱਖ ਗੁਰਦਵਾਰਿਆਂ ਦਾ ਕੰਟਰੋਲ ਮਹੰਤਾਂ ਤੇ ਪੁਜਾਰੀਆਂ ਕੋਲ ਸੀ ਜੋ ਅੰਗਰੇਜ਼ੀ ਸਰਕਾਰ ਦੇ ਪਿੱਠੂ ਸਨ। ਗੁਰਦਵਾਰਿਆਂ ਲਈ ਸੈਂਕੜੇ ਹੀ ਸਿੱਖਾਂ ਨੂੰ ਸ਼ਹਾਦਤਾਂ ਦੇਣੀਆਂ ਪਈਆਂ। ਮੈਕਲੋਡ ਦਾ ਇਹ ਦਾਅਵਾ ਬਿਲਕੁਲ ਹੀ ਬੇਬੁਨਿਆਦ ਤੇ ਹਾਸੋ-ਹੀਣਾ ਹੈ ਕਿ ਸਿੱਖਾਂ ਦੀ ਵਿਲੱਖਣ ਹਸਤੀ ਅੰਗਰੇਜ਼ਾਂ ਦੀ ਮਦਦ ਨਾਲ ਕਾਇਮ ਹੋਈ। ਪੱਛਮੀ ਵਿਦਵਾਨਾਂ ਦੀ ਮਦਦ ਲਈ ਮੈਕਲੋਡ ਵੱਲੋਂ ਤਿਆਰ ਕੀਤਾ ਢਾਂਚਾ ਬਿਲਕੁਲ ਨਿਰ-ਆਧਾਰ ਹੈ। ਇਸ ਦਾ ਮਕਸਦ ਤਾਂ ਸਿਰਫ਼ ਇੱਕੋ ਹੀ ਹੈ ਜਿਸ ਨੂੰ ਅੰਗਰੇਜ਼ੀ ਵਿੱਚ Fraud of History made easy (ਇਤਿਹਾਸ ਨੂੰ ਤਰੋੜ ਮਰੋੜ ਕੇ ਪੇਸ਼ ਕਰਨ ਲਈ ਝੂਠ ਦਾ ਪੁਲੰਦਾ ਤਿਆਰ ਕਰਨਾ) ਕਿਹਾ ਜਾ ਸਕਦਾ ਹੈ। ਅਸੀ ਨਿਰਸੰਦੇਹ ਕਹਿ ਸਕਦੇ ਹਾਂ ਕਿ ਸਾਰੇ ਦੇ ਸਾਰੇ ਪੱਛਮੀ ਵਿਦਵਾਨ ਮੈਕਲੋਡ ਵੱਲੋਂ ਪੇਸ਼ ਕੀਤੇ ਐਂਟੀ ਸਿੱਖ ਏਜੰਡੇ ਨੂੰ ਹੀ ਆਧਾਰ ਮੰਨ ਕੇ ਇਸ ਦੇ ਦਾਇਰੇ ਵਿੱਚ ਰਹਿ ਕੇ ਹੀ ਸਿੱਖ ਧਰਮ ਤੇ ਇਤਿਹਾਸ ਦਾ ਗ਼ਲਤ ਵਿਸ਼ਲੇਸ਼ਣ ਕਰ ਰਹੇ ਹਨ। ਮੈਕਲੋਡ ਵੱਲੋਂ ਦਿਤੀ ਸੇਧ 'ਤੇ ਚੱਲ ਕੇ ਇਹ ਵਿਦਵਾਨ ਕੋਈ ਨਵੀਂ ਰੀਸਰਚ ਜਾਂ ਵਿਚਾਰਧਾਰਾ ਪੇਸ਼ ਨਹੀਂ ਕਰ ਰਹੇ। ਇਹ ਤਾਂ ਗਿਣੀ ਮਿਥੀ ਚਾਲ ਦੇ ਅਧੀਨ ਸਿੱਖੀ ਨੂੰ ਢਾਹ ਲਾਈ ਜਾ ਰਹੇ ਹਨ ਤੇ ਸਿੱਖ ਗੁਰੂਆਂ ਅਤੇ ਗੁਰਮਤਿ ਦਾ ਅਪਮਾਨ ਕੀਤਾ ਜਾ ਰਿਹਾ ਹੈ। ਸਿੱਖਾਂ ਦੀਆਂ ਗੌਰਵਮਈ ਪਰੰਪਰਾਵਾਂ ਅਤੇ ਬਹੁਮੁੱਲੇ ਵਿਰਸੇ ਨੂੰ ਮਿੱਟੀ ਵਿੱਚ ਰੋਲਿਆ ਜਾ ਰਿਹਾ ਹੈ। ਇਹ ਵਿਦਵਾਨ ਜ਼ਿਆਦਾਤਰ ਸਿੱਖ ਹੀ ਹਨ। ਬਦਕਿਸਮਤੀ ਦੀ ਗੱਲ ਹੈ ਕਿ ਜਿਸ ਕੌਮ ਦੇ ਬੁਧੀਜੀਵੀ ਵਿਕਾਊ ਹੋ ਜਾਣ, ਉਹ ਕੌਮ ਅਧੋਗਤੀ ਵੱਲ ਹੀ ਜਾਂਦੀ ਹੈ। ਇਨ੍ਹਾਂ ਦੀਆਂ ਲਿਖਤਾਂ ਦੀਆਂ ਕੁੱਝ ਵਨਗੀਆਂ ਪਾਠਕਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ।

ਮੈਕਲੋਡ ਦੇ ਨਕਸ਼ੇ ਕਦਮ 'ਤੇ ਚਲਦਿਆਂ ਹਰਜੋਤ ਉਬਰਾਏ ਲਿਖਦਾ ਹੈ ਕਿ ਸਿੱਖਾਂ ਦਾ ਸੁਤੰਤਰ ਵਜੂਦ ਸਿੰਘ ਸਭਾ ਦੀ ਦੇਣ ਹੈ। ਇਸ ਤੋਂ ਪਹਿਲਾਂ ਦੇ ਸਿੱਖਾਂ ਨੂੰ ਉਹ ਸਨਾਤਨੀ ਸਿੱਖ ਦਰਸਾਉਂਦਾ ਹੈ, ਜਿਨ੍ਹਾਂ ਦੀ ਕੋਈ ਵੱਖਰੀ ਪਛਾਣ ਨਹੀਂ ਸੀ। ਉਹ ਸਿੱਖ ਧਰਮ ਨੂੰ ਕਿਸਾਨੀ ਧਰਮ (peasant faith) ਕਹਿੰਦਾ ਹੈ ਜਿਸ ਵਿੱਚ ਰੂਹਾਨੀਅਤ ਦਾ ਕੋਈ ਅੰਸ਼ ਨਹੀਂ, ਕੇਵਲ ਆਰਥਕ ਸੰਘਰਸ਼ (economic struggle) ਹੈ। ਲੂਈ, ਜਿਸ ਨੂੰ ਮੈਕਲੋਡ ਨੇ ਪੀਐਚ.ਡੀ. ਕਰਵਾਈ, ਵੀ ਮੈਕਲੋਡ ਵੱਲੋਂ ਦਿਤੇ ਢਾਂਚੇ ਨੂੰ ਆਧਾਰ ਮੰਨ ਕੇ ਸਿੱਖ ਗੁਰੂਆਂ ਵੱਲੋਂ ਦਿਤੀਆਂ ਸ਼ਹਾਦਤਾਂ ਨੂੰ ਨਜ਼ਰ ਅੰਦਾਜ਼ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਸਿੱਖੀ ਵਿੱਚ ਸ਼ਹਾਦਤ ਦਾ ਸੰਕਲਪ ਸਿੰਘ ਸਭੀਆਂ ਵੱਲੋਂ ਸਿੱਖੀ ਦੀ ਸੋਭਾ ਨੂੰ ਵਧਾਉਣ ਲਈ ਕੀਤੀ ਗਈ ਇੱਕ ਨਾਟਕੀ ਗਤੀਵਿਧੀ ਸੀ। ਐਨ. ਮਰਫ਼ੀ, ਜੋ ਕਿ ਬ੍ਰਿਟਿਸ਼ ਕੋਲੰਬੀਆ ਯੂਨੀਵਰਸਟੀ ਵਿੱਚ ਚੇਅਰ ਆਫ਼ ਸਿੱਖ ਸਟੱਡੀਜ਼ 'ਤੇ ਬ੍ਰਿਜਮਾਨ ਹੈ, ਸਿੱਖ ਧਰਮ ਨੂੰ ਪਦਾਰਥਵਾਦੀ ਢਾਂਚੇ ਵਿਚ ਪਾ ਕੇ ਇਸ ਦਾ ਵਿਸ਼ਲੇਸ਼ਣ ਕਰਦੀ ਹੈ। ਉਹ ਸਿੱਖਾਂ ਦੇ ਪਵਿੱਤਰ ਧਾਰਮਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਸਾਧਾਰਣ ਕਿਤਾਬ ਦਾ ਦਰਜਾ ਦਿੰਦੀ ਹੈ। ਉਸ ਦਾ ਕਹਿਣਾ ਹੈ ਕਿ ਸਿੱਖ ਗੁਰਦਵਾਰੇ ਇਤਿਹਾਸਕ ਇਮਾਰਤਾਂ ਅਤੇ ਪੰਜ ਕਕਾਰ ਕੇਵਲ ਭੌਤਿਕ ਚਿੰਨ੍ਹ ਹਨ। ਉਹ ਕਹਿੰਦੀ ਹੈ ਕਿ ਗੁਰਦਵਾਰਾ ਲਹਿਰ ਕੇਵਲ ਗੁਰਦਵਾਰਿਆਂ ਦੀਆਂ ਇਮਾਰਤਾਂ ਦੇ ਕੰਟਰੋਲ ਲਈ ਸੀ, ਸੁਧਾਰ ਲਈ ਨਹੀਂ ਸੀ। ਉਸ ਦੀਆਂ ਨਜ਼ਰਾਂ ਵਿੱਚ ਗੁਰੂਆਂ ਵਲੋਂ ਦਿਤੇ, ਸਿੱਖੀ ਦੀ ਜੋਤ ਜਗਾਉਣ ਵਾਲੇ ਗੁਰਮਤਿ ਸਿਧਾਂਤਾਂ ਦਾ ਕੋਈ ਮਹੱਤਵ ਨਹੀਂ। ਉਹ ਸਿੱਖ ਧਰਮ ਨੂੰ ਕੇਵਲ ਭੌਤਿਕ ਕਸਵਟੀ 'ਤੇ ਪਰਖਦੀ ਹੈ। ਮੰਦਭਾਗੀ ਗੱਲ ਤਾਂ ਇਹ ਹੈ ਕਿ ਜ਼ਿਆਦਾਤਰ ਪਾਠਕ ਇਨ੍ਹਾਂ ਅਖੌਤੀ ਵਿਦਵਾਨਾਂ ਦੀ ਅਸਲੀਅਤ ਤੋਂ ਜਾਣੂ ਨਹੀਂ ਹਨ। ਐਨ. ਮਰਫ਼ੀ ਇੱਕ ਗੋਰੀ ਹੈ ਜੋ ਕਿ ਥੋੜੀ ਬਹੁਤ ਪੰਜਾਬੀ ਬੋਲਦੀ ਹੈ ਅਤੇ ਵਿਖਾਵੇ ਲਈ ਸਲਵਾਰ ਕਮੀਜ਼ ਵੀ ਪਹਿਨ ਲੈਂਦੀ ਹੈ। ਪਿੱਛੇ ਜਹੇ ਇਹ ਪੰਜਾਬ ਆਈ ਤਾਂ ਭੋਲੇ ਭਾਲੇ ਸਿੱਖਾਂ ਨੇ ਇਸ ਨੂੰ ਸਿਰ 'ਤੇ ਚੁੱਕ ਲਿਆ। ਉਨ੍ਹਾਂ ਨੂੰ ਕੀ ਪਤਾ ਕਿ ਇਹ ਕਿਸ ਤਰ੍ਹਾਂ ਸਿੱਖ ਧਰਮ ਨੂੰ ਢਾਹ ਲਾ ਰਹੀ ਹੈ। ਇਹ ਇੰਗਲੈਂਡ ਗਈ ਤਾਂ ਉਥੇ ਵੀ ਲੋਕਾਂ ਨੇ ਗੁਮਰਾਹ ਹੋ ਕੇ ਇਸ ਦਾ ਭਰਵਾਂ ਸਵਾਗਤ ਕੀਤਾ ਤੇ ਮਾਇਕ ਸਹਾਇਤਾ ਵੀ ਦਿਤੀ। ਪਿਸ਼ੌਰਾ ਸਿੰਘ ਜਿਸ ਨੇ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ 'ਤੇ ਪ੍ਰਸ਼ਨ ਚਿੰਨ੍ਹ ਲਗਾਇਆ ਸੀ, ਮੈਕਲੋਡ ਦਾ ਹੀ ਸ਼ਾਗਿਰਦ ਸੀ। ਉਸ ਨੇ ਪੀਐਚ.ਡੀ., ਮੈਕਲੋਡ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕੀਤੀ ਸੀ। ਪਾਠਕਾਂ ਨੂੰ ਯਾਦ ਹੋਵੇਗਾ ਕਿ ਪਿਸ਼ੌਰਾ ਸਿੰਘ ਨੂੰ ਕੁੱਝ ਸਾਲ ਪਹਿਲਾਂ ਜਵਾਬਦੇਹੀ ਲਈ ਅਕਾਲ ਤਖ਼ਤ 'ਤੇ ਬੁਲਾਇਆ ਗਿਆ ਸੀ ਅਤੇ ਤਨਖ਼ਾਹੀਆ ਵੀ ਕਰਾਰ ਦਿਤਾ ਗਿਆ ਸੀ।

ਇਥੇ ਇਕ ਗੱਲ ਹੋਰ ਵਰਨਣਯੋਗ ਹੈ ਕਿ ਇੱਕ ਹੋਰ ਵਿਦਵਾਨ ਗੁਰਿੰਦਰ ਸਿੰਘ ਮਾਨ ਜੋ ਕਿ ਸਿੱਖ ਚੇਅਰ ਤੇ ਯੂਨੀਵਰਸਟੀ ਆਫ਼ ਕੈਲੇਫ਼ੋਰਨੀਆ, ਸੈਂਟਾ ਬਾਰਬਰਾ ਵਿੱਚ ਕੰਮ ਕਰਦੇ ਹਨ, ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ 'ਤੇ ਇੱਕ ਜਾਅਲੀ ਪੋਥੀ (1245 Manuscript) ਅਤੇ ਗੋਇੰਦਵਾਲ ਵਾਲੀਆਂ ਪੋਥੀਆਂ ਨੂੰ ਅੱਗੇ ਰੱਖ ਕੇ ਸ਼ੰਕੇ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਹੁਣ ਆਈਏ ਅਰਵਿੰਦਰਪਾਲ ਸਿੰਘ ਮੰਡੇਰ 'ਤੇ ਜੋ ਕਿ ਮਿਸ਼ੀਗਨ ਯੂਨੀਵਰਸਟੀ

ਵਿੱਚ ਸਿੱਖ ਚੇਅਰ 'ਤੇ ਐਸੋਸੀਏਟ ਪ੍ਰੋਫ਼ੈਸਰ ਹੈ। ਇਸ ਦੀ ਕਿਤਾਬ Religion and specter of the West: Sikhism, India, Postcoloniality and the politics of Translation ਦੇਸ਼ ਵਿਦੇਸ਼ ਵਿੱਚ ਵਿਵਾਦ ਦਾ ਵਿਸ਼ਾ ਬਣੀ ਹੋਈ ਹੈ। ਮੰਡੇਰ, ਮੈਕਲੋਡ ਨੂੰ ਸਿੱਖੀ ਦੇ ਅਧਿਐਨ ਦੇ ਖੇਤਰ ਵਿੱਚ ਸੱਭ ਤੋਂ ਵਿਦਵਾਨ ਵਜੋਂ ਪੇਸ਼ ਕਰਦਾ ਹੈ। ਮੈਕਲੋਡ ਦੇ ਗੁਣ ਗਾਉਂਦਾ ਉਹ ਉਸ ਦੇ ਬਣਾਏ ਢਾਂਚੇ ਤੋਂ ਵੀ ਅੱਗੇ ਜਾ ਪਹੁੰਚਦਾ ਹੈ ਅਤੇ ਧਰਮ ਦੀ ਪ੍ਰੀਭਾਸ਼ਾ ਨੂੰ ਹੀ ਬਦਲ ਦਿੰਦਾ ਹੈ। ਨਵੀਂ ਪ੍ਰੀਭਾਸ਼ਾ ਅਨੁਸਾਰ ਸਿੱਖ ਧਰਮ ਦਾ ਵਿਸ਼ਲੇਸ਼ਣ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਸਿੱਖੀ ਕੇਵਲ ਕਾਲ ਦੇ ਦਾਇਰੇ ਵਿੱਚ ਹੀ ਘੁੰਮਦੀ ਹੈ। ਇਸ ਵਿਚ ਅਕਾਲ (Transcendence, timelissness) ਦਾ ਕੋਈ ਅੰਸ਼ ਨਹੀਂ। ਕਾਲ ਦੇ ਦਾਇਰੇ ਵਿਚ ਰਹਿਣ ਨਾਲ ਤਾਂ ਧਰਮ ਦੀ ਬੁਨਿਆਦ ਹੀ ਖ਼ਤਮ ਹੋ ਜਾਂਦੀ ਹੈ। ਸਿੱਖ ਧਰਮ ਨੂੰ ਮਿਟਾਉਣ ਦੀ ਇਹ ਸੱਭ ਤੋਂ ਡੂੰਘੀ ਚਾਲ ਹੈ। ਉਹ ਗੁਰੂ ਨਾਨਕ ਨੂੰ ਸੰਤ ਪਰੰਪਰਾ ਨਾਲ ਜੋੜਦਾ ਹੈ ਅਤੇ ਸਿੱਖ ਧਰਮ ਨੂੰ ਅੰਤਰਮੁਖੀ ਧਰਮ ਕਹਿੰਦਾ ਹੈ ਜਿਸ ਦਾ ਨਾਮ ਸਿਮਰਨ ਤੋਂ ਬਿਨਾਂ ਕੋਈ ਸਮਾਜਕ ਜਾਂ ਰਾਜਸੀ ਪਹਿਲੂ ਨਹੀਂ। ਉਹ ਗੁਰੂ ਨਾਨਕ ਨੂੰ ਪੈਗ਼ੰਬਰ ਨਹੀਂ ਮੰਨਦਾ ਅਤੇ ਕਹਿੰਦਾ ਹੈ ਕਿ ਗੁਰੂ ਸਾਹਿਬ ਨੂੰ ਜੋ ਇਲਹਾਮ (revelation) ਹੋਇਆ, ਉਹ ਤਾਂ ਆਮ ਸਾਧਾਰਣ ਮਨੁੱਖ ਨੂੰ ਵੀ ਹੋ ਸਕਦਾ ਹੈ। ਉਸ ਦਾ ਵਿਚਾਰ ਹੈ ਕਿ ਬਾਕੀ ਦੇ 9 ਗੁਰੂਆਂ ਨੂੰ ਗੁਰੂ ਨਾਨਕ ਦੇ ਬਰਾਬਰ ਦਾ ਦਰਜਾ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਉਨ੍ਹਾਂ ਦੀ ਵਿਚਾਰਧਾਰਾ ਪਹਿਲੇ ਗੁਰੂ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਖਾਂਦੀ। ਉਹ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਸਾਧਾਰਣ ਕਿਤਾਬ ਦੇ ਪੱਧਰ 'ਤੇ ਲਿਆ ਕੇ ਇਸ ਦਾ ਸਖ਼ਤ ਆਲੋਚਨਾਤਮਕ ਵਿਸ਼ਲੇਸ਼ਣ (ruthless interpretation) ਕਰਦਾ ਹੈ ਅਤੇ ਸਾਰੇ ਗੁਰਮਤਿ ਸਿਧਾਂਤਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ। ਮਿਸਾਲ ਦੇ ਤੌਰ 'ਤੇ ਉਹ ਮੂਲ ਮੰਤਰ ਵਿੱਚੋਂ 'ਅਕਾਲ ਮੂਰਤਿ' ਸ਼ਬਦ ਨੂੰ ਬਾਹਰ ਕੱਢ ਕੇ, ਇਸ ਨੂੰ ਸਿੱਖ ਧਰਮ ਵਿਚ ਮੂਰਤੀ ਪੂਜਾ ਨਾਲ ਜੋੜਦਾ ਹੈ। ੧ਓ ਬਾਰੇ ਵੀ ਭੁਲੇਖਾ ਪਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਇਹ ਸ਼ਬਦ ਇਕ ਰੱਬ ਨੂੰ ਨਹੀਂ ਦਰਸਾਉਂਦਾ। ਉਸ ਦਾ ਮਤਲਬ ਤਾਂ ਇਹ ਸਾਬਤ ਕਰਨ ਤੋਂ ਹੈ ਕਿ ਸਿੱਖ ਅਤੇ ਹਿੰਦੂ ਧਰਮ ਵਿੱਚ ਕੋਈ ਅੰਤਰ ਨਹੀਂ ਹੈ। ਮੰਡੇਰ ਦਾ ਵਿਚਾਰ ਹੈ ਕਿ ਅੰਤਰ ਰਾਸ਼ਟਰੀਕਰਨ (globalisation) ਦੇ ਨਵੇਂ ਦੌਰ ਵਿੱਚ ਈਸਾਈ ਧਰਮ ਦਾ ਹੀ ਬੋਲਬਾਲਾ ਹੋਣਾ ਚਾਹੀਦਾ ਹੈ ਕਿਉਂਕਿ ਉਸ ਦੇ ਕਹਿਣ ਅਨੁਸਾਰ ਇਸ ਧਰਮ ਵਿੱਚ ਸੱਭ ਤੋਂ ਵੱਧ ਮਾਨਵਤਾਵਾਦੀ/ਕਾਇਨਾਤੀ (universal) ਵਿਚਾਰਧਾਰਾ ਹੈ। ਸਿੱਖ ਚੇਅਰ ਦੇ ਵਿਦਵਾਨ ਨੂੰ ਸਿੱਖ ਧਰਮ ਵਿੱਚ ਤਾਂ ਮਾਨਵਤਾਵਾਦੀ ਵਿਚਾਰਧਾਰਾ ਨਜ਼ਰ ਹੀ ਨਹੀਂ ਆਉਂਦੀ। ਉਹ ਗੁਰੂਆਂ ਵੱਲੋਂ ਦਿਤੇ ਸਰਬੱਤ ਦੇ ਭਲੇ ਅਤੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਬਿਲਕੁਲ ਹੀ ਅੱਖੋਂ ਉਹਲੇ ਕਰਦਾ ਹੈ। ਜਦੋਂ ਸੂਝਵਾਨ ਪਾਠਕ ਉਸ ਦਾ ਧਿਆਨ ਇਸ ਪਾਸੇ ਦਿਵਾਉਂਦੇ ਹਨ ਤਾਂ ਉਹ ਗਾਲੀ-ਗਲੋਚ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ।


ਇਹ ਅਕਾਦਮਕ ਅਦਾਰੇ, ਸਿੱਖ-ਵਿਰੋਧੀ ਤਾਕਤਾਂ ਦੇ ਕੰਟਰੋਲ ਵਿਚ ਹਨ। ਸਿੱਖਾਂ ਨੂੰ ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ।

ਡਾ. ਗੁਰਦਰਸ਼ਨ ਸਿੰਘ ਢਿਲੋਂ
ਮੋਬਾਈਲ : 98151-43911

ਅੰਤਿਕਾ-4

ਅਮਰੀਕਾ ਨੂੰ ਵੀ ਯਕੀਨ ਕਿ ਘੱਟ ਗਿਣਤੀਆਂ ਲਈ ਖ਼ਤਰੇ ਦੀ ਘੰਟੀ ਹੋਵੇਗੀ ਮੋਦੀ ਦੀ ਅਗਵਾਈ ਵਾਲੀ ਸਰਕਾਰ





ਵਾਸ਼ਿੰਗਟਨ, 5 ਅਪ੍ਰੈਲ : ਭਾਰਤ ਅਤੇ ਅਮਰੀਕਾ ਦੇ ਕਈ ਅਧਿਕਾਰੀਆਂ ਤੇ ਮਾਹਰਾਂ ਦੀ ਰਾਏ ਹੈ ਕਿ ਜੇ ਭਾਜਪਾ ਦੀ ਅਗਵਾਈ ਵਿਚ ਸਰਕਾਰ ਬਣਦੀ ਹੈ ਤਾਂ ਇਹ ਘੱਟ ਗਿਣਤੀਆਂ ਲਈ ਖ਼ਤਰੇ ਦੀ ਘੰਟੀ ਹੋਵੇਗੀ। 'ਭਾਰਤ ਵਿਚ ਧਾਰਮਕ ਘੱਟ ਗਿਣਤੀਆਂ ਦੀ ਮਾੜੀ ਹਾਲਤ' ਵਿਸ਼ੇ 'ਤੇ ਅਮਰੀਕੀ ਕਾਂਗਰਸ ਦੇ ਮਨੁੱਖੀ ਅਧਿਕਾਰ ਕਮਿਸ਼ਨ ਸਾਹਮਣੇ ਸੁਣਵਾਈ ਦੌਰਾਨ ਅਮਰੀਕਾ ਦੇ ਕੌਮਾਂਤਰੀ ਧਾਰਮਕ ਆਜ਼ਾਦੀ ਕਮਿਸ਼ਨ (ਯੂਐਸਸੀਆਈਆਰਐਫ਼) ਦੀ ਉਪ ਚੇਅਰਪਰਸਨ ਕੈਟਰੀਨਾ ਲੈਂਟੋਸ ਨੇ ਕਿਹਾ ਕਿ ਭਾਰਤ ਵਿਚਲੇ ਹਾਲਾਤ 'ਤੇ ਨੇੜਿਉਂ ਨਜ਼ਰ ਰੱਖੀ ਜਾ ਰਹੀ ਹੈ।

ਕੈਟਰੀਨਾ ਨੇ ਕਿਹਾ, "ਕਈ ਘੱਟ ਗਿਣਤੀ ਫ਼ਿਰਕਿਆਂ ਨੇ ਯੂਐਸਸੀਆਈਆਰਐਫ਼ ਨੂੰ ਦਸਿਆ ਹੈ ਕਿ ਉਨ੍ਹਾਂ ਨੂੰ ਡਰ ਹੈ ਕਿ ਜੇ ਭਾਜਪਾ ਦੀ ਜਿੱਤ ਹੁੰਦੀ ਹੈ ਅਤੇ ਮੋਦੀ ਪ੍ਰਧਾਨ ਮੰਤਰੀ ਬਣਦਾ ਹੈ ਤਾਂ ਇਹ ਧਾਰਮਕ ਆਜ਼ਾਦੀ ਲਈ ਨੁਕਸਾਨਦੇਹ ਹੋਵੇਗਾ।" ਭਾਜਪਾ ਨੇ 1998 ਤੋਂ 2004 ਦਰਮਿਆਨ ਭਾਰਤ ਵਿਚ ਕੌਮੀ ਸਰਕਾਰ ਦੀ ਅਗਵਾਈ ਕੀਤੀ ਸੀ।

ਉਨ੍ਹਾਂ ਕਿਹਾ, "2002 ਅਤੇ 2004 ਦਰਮਿਆਨ ਯੂਐਸਸੀਆਈਆਰਐਫ਼ ਨੇ ਸਿਫ਼ਾਰਸ਼ ਕੀਤੀ ਸੀ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਲੋਂ ਧਾਰਮਕ ਆਜ਼ਾਦੀ ਦੀ ਹੈਰਾਨਕੁਨ ਤਰੀਕੇ ਨਾਲ ਉਲੰਘਣਾ ਲਈ ਅਮਰੀਕੀ ਵਿਦੇਸ਼ ਮੰਤਰਾਲਾ ਭਾਰਤ ਨੂੰ 'ਚਿੰਤਾ ਵਾਲਾ ਦੇਸ਼' ਕਰਾਰ ਦੇਵੇ।" ਕੈਟਰੀਨਾ ਨੇ ਅੱਗੇ ਕਿਹਾ ਕਿ ਯੂਐਸਸੀਆਈਆਰਐਫ਼ ਲੰਮੇ ਸਮੇਂ ਤੋਂ ਹਿੰਦੂ ਜਥੇਬੰਦੀਆਂ ਨਾਲ ਭਾਜਪਾ ਦੀ ਨੇੜਤਾ 'ਤੇ ਚਿੰਤਾ ਪ੍ਰਗਟ ਕਰਦਾ ਆਇਆ ਹੈ।

ਉਨ੍ਹਾਂ ਕਿਹਾ, "ਘੱਟ ਗਿਣਤੀਆਂ ਵਿਰੁਧ ਹਿੰਸਾ ਦੀ ਵਰਤੋਂ ਦੇ ਇਤਿਹਾਸ ਵਾਲੀਆਂ ਹਿੰਦੂ ਜਥੇਬੰਦੀਆਂ ਅਕਸਰ ਧਾਰਮਕ ਆਜ਼ਾਦੀ ਦੀ ਸਥਿਤੀ ਉਪਰ ਨਾਂਹਪੱਖੀ ਅਸਰ ਪਾਉਂਦੀਆਂ ਆਈਆਂ ਹਨ। ਇਨ੍ਹਾਂ ਵਿਚੋਂ ਲਗਭਗ 30 ਜਥੇਬੰਦੀਆਂ ਸੰਘ ਪਰਵਾਰ ਦੇ

ਝੰਡੇ ਹੇਠ ਖੜ੍ਹੀਆਂ ਹਨ ਜਿਨ੍ਹਾਂ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਨਾਂ ਲਏ ਜਾ ਸਕਦੇ ਹਨ।" ਕੈਟਰੀਨਾ ਦਾ ਕਹਿਣਾ ਸੀ ਕਿ ਸੰਘ ਪਰਵਾਰ ਅਜਿਹੀਆਂ ਨੀਤੀਆਂ ਲਈ ਜ਼ੋਰ ਪਾਉਂਦਾ ਹੈ ਜੋ ਹਿੰਦੂਵਾਦੀ ਏਜੰਡੇ ਨੂੰ ਹੱਲਾਸ਼ੇਰੀ ਦੇਣ ਅਤੇ ਗ਼ੈਰ ਹਿੰਦੂਆਂ ਨੂੰ ਵਿਦੇਸ਼ੀ ਕਰਾਰ ਦੇਣ।

ਇਸੇ ਦਰਮਿਆਨ ਅਮਰੀਕੀ ਸੰਸਦ ਵਿੱਚ ਪਹਿਲੀ ਹਿੰਦੂ ਮੈਂਬਰ ਤੁਲਸੀ ਗਬਾਰਡ ਨੇ ਦੋਸ਼ ਲਾਇਆ ਕਿ,

ਇਸ ਪ੍ਰਕਿਰਿਆ ਦਾ ਟੀਚਾ ਭਾਰਤੀ ਚੋਣਾਂ ਨੂੰ ਪ੍ਰਭਾਵਤ ਕਰਨਾ ਹੈ। ਤੁਲਸੀ ਨੇ ਕਿਹਾ, "ਮੈਂ ਨਹੀਂ ਮੰਨਦੀ ਕਿ ਇਸ ਸੁਣਵਾਈ ਦਾ ਇਹ ਸਹੀ ਸਮਾਂ ਹੈ।" ਉਧਰ ਭਾਰਤ ਦੀ ਕੌਮੀ ਏਕਤਾ ਕੌਂਸਲ ਦੇ ਮੈਂਬਰ ਜੌਨ ਦਿਆਲ ਨੇ ਦੇਸ਼ ਵਿਚ ਧਰਮ ਨਿਰਪੱਖਤਾ ਅਤੇ ਧਾਰਮਕ ਆਜ਼ਾਦੀ ਦੇ ਭਵਿੱਖ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ।


ਉਨ੍ਹਾਂ ਕਿਹਾ, "ਸਾਡੇ ਡਰ ਦਾ ਮੁੱਖ ਕਾਰਨ ਸਿਆਸੀ ਵਿਚਾਰ ਵਟਾਂਦਰੇ ਉਪਰ ਆਰ. ਐਸ. ਐਸ. ਦਾ ਕਾਲਾ ਪ੍ਰਛਾਵਾਂ ਹੈ ਜੋ ਭਾਜਪਾ ਨੂੰ ਉਂਗਲੀਆਂ 'ਤੇ ਨਚਾਉਂਦਾ ਹੈ।" ਦਿਆਲ ਨੇ ਇਹ ਖਦਸ਼ਾ ਵੀ ਜ਼ਾਹਰ ਕੀਤਾ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਘੱਟ ਗਿਣਤੀਆਂ ਨੂੰ ਪ੍ਰੇਸ਼ਾਨ ਕਰਨ, ਡਰਾਉਣ-ਧਮਕਾਉਣ ਅਤੇ ਵੋਟ ਪਾਉਣ ਦਾ ਹੱਕ ਖੋਹਣ ਲਈ ਕੀਤੀ ਜਾਵੇਗੀ।

'ਐਡਵੋਕੇਟਸ ਫ਼ਾਰ ਹਿਊਮਨ ਰਾਈਟਸ' ਦੇ ਕਾਰਜਕਾਰੀ ਡਾਇਰੈਕਟਰ ਰੌਬਿਨ ਫ਼ਿਲਿਪਸ ਨੇ ਕਿਹਾ ਆਉਂਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਜੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਸੱਤਾ ਵਿੱਚ ਆਉਂਦੀ ਹੈ ਤਾਂ ਘੱਟ ਗਿਣਤੀਆਂ ਵਿਰੁਧ ਹਿੰਸਾ ਵਧਣ ਦਾ ਗੰਭੀਰ ਖ਼ਦਸ਼ਾ ਹੈ। ਉਨ੍ਹਾਂ ਕਿਹਾ, "ਭਾਰਤ ਕੌਮੀ ਸੁਰੱਖਿਆ ਦੇ ਨਾਂ 'ਤੇ ਅਪਣੇ ਨਾਗਰਿਕਾਂ ਦੇ ਹੱਕਾਂ ਦੀ ਰਾਖੀ ਦੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ।"

ਸੰਸਦ ਮੈਂਬਰ ਪਿਟਸ ਨੇ ਕਿਹਾ, "ਮੈਂ ਭਾਰਤ ਵਿੱਚ ਸੀ ਅਤੇ ਫ਼ਿਰਕੂ ਹਿੰਸਾ ਦੇ ਨਤੀਜੇ ਵਜੋਂ ਖ਼ੂਨ ਨਾਲ ਰੰਗੀਆਂ ਦੀਵਾਰਾਂ ਵੇਖੀਆਂ ਸਨ। ਮੈਂ ਦੰਗਿਆਂ ਦੇ ਅਣ-ਗਿਣਤ ਪੀੜਤਾਂ ਨੂੰ ਮਿਲਿਆ ਅਤੇ ਹੁਣ ਤੱਕ ਪਤਾ ਨਹੀਂ ਲੱਗ ਸਕਿਆ ਕਿ ਇਨਸਾਫ਼ ਹੋਇਆ ਜਾਂ ਨਹੀਂ।"

(ਰੋਜ਼ਾਨਾ ਸਪੋਕਸਮੈਨ, 6 ਅਪ੍ਰੈਲ, 2014)

ਅੰਤਿਕਾ-5
ਨਸ਼ਿਆਂ 'ਚ ਡੁਬਦਾ ਅੱਜ ਦਾ ਪੰਜਾਬ



ਪੰਜਾਬ ਨੂੰ ਗੁਰੂਆਂ, ਪੀਰਾਂ ਦੀ ਪਵਿੱਤਰ ਧਰਤੀ ਕਰ ਕੇ ਜਾਣਿਆ ਜਾਂਦਾ ਹੈ। ਚੰਗੀ ਰਹਿਣੀ-ਬਹਿਣੀ ਤੇ ਚੰਗੇ ਜੁੱਸੇ ਦੇ ਮਾਲਕ ਪੰਜਾਬੀ ਮਸ਼ਹੂਰ ਰਹੇ ਹਨ। ਜੰਗ-ਏ-ਆਜ਼ਾਦੀ ਤੋਂ ਇਲਾਵਾ ਅਨੇਕਾਂ ਹੀ ਜੰਗਾਂ-ਯੁਧਾਂ ਵਿਚ ਜੌਹਰ ਵਿਖਾ ਕੇ ਪੰਜਾਬੀਆਂ ਨੇ ਬਹਾਦਰੀ ਦਾ ਸਬੂਤ ਦਿਤਾ ਹੈ ਪਰ ਹੁਣ ਪੰਜਾਬ ਦੀ ਧਰਤੀ ਤੋਂ ਇਹ ਸੱਭ ਕੁੱਝ ਅਲੋਪ ਹੁੰਦਾ ਜਾ ਰਿਹਾ ਹੈ। ਪੰਜਾਬ ਦੀ ਧਰਤੀ ਨੂੰ ਨਸ਼ਿਆਂ ਦੀ ਭੈੜੀ ਅਲਾਮਤ ਨੇ ਅਪਣੀ ਜਕੜ ਵਿਚ ਲੈ ਲਿਆ ਹੈ ਤੇ ਇਹ ਨਸ਼ਿਆਂ ਵਿਚ ਡੁਬਦਾ ਜਾ ਰਿਹਾ ਹੈ।

ਪਹਿਲਾਂ ਸ਼ਰਾਬ ਪੀਣ ਵਾਲਿਆਂ ਬਾਰੇ ਤਾਂ ਸੁਣੀਦਾ ਸੀ ਪਰ ਅੱਜ ਇੰਨੇ ਮਹਿੰਗੇ ਨਸ਼ੇ ਵਰਤੇ ਜਾ ਰਹੇ ਹਨ ਜਿਨ੍ਹਾਂ ਦਾ ਪਹਿਲਾਂ ਕਦੇ ਨਾਮੋ ਨਿਸ਼ਾਨ ਤਕ ਨਹੀਂ ਸੀ। ਸਿਗਰਟਾਂ, ਬੀੜੀਆਂ ਤੇ ਜ਼ਰਦਾ ਆਦਿ ਦਾ ਪ੍ਰਚਲਨ ਬਿਹਾਰ ਤੇ ਯੂਪੀ ਦੇ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਨਾਲ ਹੀ ਵਧਿਆ ਹੈ ਤੇ ਮਜ਼ਦੂਰ-ਕਿਸਾਨ ਵੀ ਤਮਾਕੂ ਦੀ ਵਰਤੋਂ ਕਰਨ ਲੱਗ ਪਏ ਹਨ। ਪੰਜਾਬ ਵਿਚ ਚੱਲੀ ਖਾੜਕੂ ਹਨੇਰੀ ਨੇ ਇਹ ਸੱਭ ਕੁੱਝ ਬੰਦ ਵੀ ਕਰ ਦਿਤਾ ਸੀ ਪਰ ਅੱਜ ਨਸ਼ੇ ਪੰਜਾਬ ਵਿਚ ਪੂਰੇ ਜੋਬਨ 'ਤੇ ਹਨ। ਸ਼ਰਾਬ, ਅਫ਼ੀਮ, ਭੁੱਕੀ, ਨਸ਼ੀਲੀਆਂ ਗੋਲੀਆਂ, ਟੀਕੇ ਤੇ ਹੋਰ ਨਿੱਕ-ਸੁੱਕ ਪੂਰੇ ਪੰਜਾਬ ਦੀ ਜਵਾਨੀ ਦੇ ਹੱਡੀਂ ਵਸ ਗਿਆ ਹੈ। ਚਿੱਟਾ ਪਾਊਡਰ ਤਾਂ ਘਰ ਘਰ ਨੂੰ ਤਬਾਹ ਕਰ ਰਿਹਾ ਹੈ। ਉਤੋਂ ਇਹ ਨਸ਼ੇ ਸਹਿਜੇ ਹੀ ਮਿਲ ਰਹੇ ਹਨ। ਹੈਰੋਇਨ ਸਰਹੱਦੀ ਇਲਾਕੇ ਵਿਚ ਆਮ ਹੈ ਤੇ ਬਾਕੀ ਪੰਜਾਬ ਵਿਚ ਸਮੈਕ ਪ੍ਰਚੂਨ 'ਚ ਮਿਲ ਰਹੀ ਹੈ। ਅਫ਼ੀਮ, ਭੁੱਕੀ ਟਰੱਕਾਂ ਰਾਹੀਂ ਬਾਹਰੀ ਰਾਜਾਂ ਤੋਂ ਆਮ ਹੀ ਆ ਰਹੀ ਹੈ। ਵੱਡੇ ਸ਼ਹਿਰਾਂ ਵਿਚ ਮੈਡੀਕਲ ਸਟੋਰਾਂ ਵਾਲਿਆਂ ਦੇ ਗੋਦਾਮ ਨਸ਼ੀਲੇ ਟੀਕਿਆਂ

ਤੇ ਗੋਲੀਆਂ ਨਾਲ ਭਰੇ ਪਏ ਹਨ। ਇਨ੍ਹਾਂ ਗੋਦਾਮਾਂ ਦੇ ਮੂੰਹ ਪਿੰਡਾਂ ਤੇ ਕਸਬਿਆਂ ਦੇ ਛੋਟੇ ਮੈਡੀਕਲ ਸਟੋਰਾਂ ਰਾਹੀਂ, ਪੰਜਾਬ ਦੀ ਜਵਾਨੀ ਖ਼ਤਮ ਕਰਨ ਲਈ ਖੋਲ੍ਹੇ ਜਾ ਰਹੇ ਹਨ।

ਨਸ਼ਿਆਂ ਦਾ ਤਾਣਾ-ਬਾਣਾ ਇਕ ਸੋਚੀ ਸਮਝੀ ਸਾਜ਼ਿਸ਼ ਅਧੀਨ ਚਲਾਇਆ ਜਾ ਰਿਹਾ ਹੈ ਕਿਉਂਕਿ ਇਹ ਕਿਸੇ ਚੰਗੇ ਥਾਪੜੇ ਤੋਂ ਬਿਨਾਂ ਨਹੀਂ ਚੱਲ ਸਕਦਾ। ਰਾਜਨੀਤਕ ਪਾਰਟੀਆਂ ਦੇ ਆਗੂ, ਕੁੱਝ ਪੁਲਿਸ ਮੁਲਾਜ਼ਮ ਤੇ ਅਫ਼ਸਰਸ਼ਾਹੀ ਆਦਿ ਇਸ ਧੰਦੇ ਵਿਚ ਲਿਪਤ ਹਨ ਜੋ ਬੇਰੋਕ-ਟੋਕ ਤੇ ਨਿਡਰ ਹੋ ਕੇ, ਇਹ ਕੰਮ ਬੇਫ਼ਿਕਰੀ ਨਾਲ ਚਲਾ ਰਹੇ ਹਨ। ਜੇ ਸਰਕਾਰ ਚਾਹੇ ਤਾਂ ਸੱਭ ਕੁੱਝ ਆਰਾਮ ਨਾਲ ਹੀ ਖ਼ਤਮ ਹੋ ਸਕਦਾ ਹੈ ਪਰ ਇਹ ਕੰਮ ਰੁਕਣ ਦੀ ਬਜਾਏ ਅੱਗੇ ਤਰੱਕੀ ਕਰ ਰਿਹਾ ਹੈ ਤੇ ਇਸ ਧੰਦੇ ਨਾਲ ਜੁੜੇ ਲੋਕ ਛੇਤੀ ਅਮੀਰ ਤੇ ਧਨਾਢ ਹੋ ਰਹੇ ਹਨ।

ਪਿੱਛੇ ਜਿਹੇ ਪੰਜਾਬ ਪੁਲਿਸ ਦੀ ਟੀਮ ਨੇ ਇਕ ਵੱਡਾ ਨਸ਼ਾ ਗਿਰੋਹ ਕਾਬੂ ਕੀਤਾ ਹੈ ਜਿਸ ਵਿਚ ਚੰਗੇ ਖਿਡਾਰੀ, ਪੁਲਿਸ ਮੁਲਾਜ਼ਮ ਅਤੇ ਕੁੱਝ ਐਨ.ਆਰ.ਆਈਜ਼ ਵੱਡੇ ਪੱਧਰ 'ਤੇ ਨਸ਼ੇ ਦੀਆਂ ਖੇਪਾਂ ਪੰਜਾਬ ਦੀ ਧਰਤੀ ਤੋਂ ਵਿਦੇਸ਼ਾਂ ਵਿਚ ਪਹੁੰਚਾ ਰਹੇ ਹਨ। ਇਨ੍ਹਾਂ ਵਿਚ ਸੱਭ ਚੰਗੇ ਭਾਵ ਰੱਜੇ ਪੁੱਜੇ ਲੋਕ ਹੀ ਮੁੱਖ ਹਨ। ਜਿਹੜੇ ਲੋਕਾਂ ਨੇ ਪਹਿਲਾਂ ਪੂਰੀ ਦੁਨੀਆ ਵਿਚ ਖੇਡਾਂ ਦੇ ਜੌਹਰ ਵਿਖਾਏ ਸਨ, ਅੱਜ ਉਹੀ ਲੋਕ ਨਸ਼ੇ ਵੇਚਣ ਦੇ ਜੌਹਰ ਪੂਰੀ ਦੁਨੀਆਂ ਵਿਚ ਵਿਖਾ ਰਹੇ ਹਨ। ਇਹੋ ਜਿਹੀਆਂ ਬਹੁਤ ਮਿਸਾਲਾਂ ਸਾਡੇ ਸਾਹਮਣੇ ਹਨ ਤੇ ਨਿਤ ਨਵਾਂ ਕੁੱਝ ਹੋ ਰਿਹਾ ਹੈ।

ਜਿਵੇਂ ਮਹਿੰਗੇ ਤੇ ਮਾਰੂ ਨਸ਼ਿਆਂ ਦਾ ਪ੍ਰਚਲਨ ਵੱਧ ਰਿਹਾ ਹੈ, ਉਥੇ ਸਰਕਾਰ ਨੇ ਵੀ ਸ਼ਰਾਬ ਪ੍ਰਤੀ ਕੋਈ ਚੰਗੀ ਨੀਤੀ ਨਹੀਂ ਬਣਾਈ। ਅੱਜ ਸਰਕਾਰੀ ਆਮਦਨ ਵਿਚ ਵਾਧਾ ਕਰਨ ਲਈ ਸਰਕਾਰ ਨੇ ਹਰ ਪਾਸੇ ਧੜਾਧੜ ਠੇਕੇ ਖੋਲ੍ਹ ਦਿਤੇ ਹਨ। ਇਨ੍ਹਾਂ ਠੇਕਿਆਂ 'ਤੇ ਸ਼ਾਮ ਵੇਲੇ ਹੋਣ ਵਾਲੀ ਭੀੜ ਸਾਡੀ ਚਿੰਤਾ ਵਿਚ ਵਾਧਾ ਕਰਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਕੀ ਹੋਵੇਗਾ? ਅੱਜ ਮੈਰਿਜ ਪੈਲੇਸਾਂ ਵਿਚ ਸ਼ਰਾਬ ਜਿਵੇਂ ਚਲਦੀ ਹੈ ਉਹ ਬਹੁਤ ਹੀ ਗ਼ਲਤ ਹੈ। ਬੱਚਾ, ਬੁੱਢਾ, ਨੌਜਵਾਨ ਸੱਭ ਪਿਆਲੇ ਵਿਚ ਡੁਬਦੇ ਨਜ਼ਰ ਆਉਂਦੇ ਹਨ।


ਸਾਡੀ ਨੌਜਵਾਨੀ ਨਸ਼ੇ ਦੀ ਸਤਾਈ ਤੇ ਭੰਨੀ ਹੋਈ, ਨਸ਼ਾ ਉਡਾਊ ਕੇਂਦਰਾਂ ਵਿਚ ਮਰਦੀ ਜਾ ਰਹੀ ਹੈ। ਨਸ਼ਾ ਛੁਡਾਊ ਕੇਂਦਰਾਂ ਵਿਚ 50 ਫ਼ੀ ਸਦੀ ਨੌਜਵਾਨ ਭਰਤੀ ਹਨ ਜੋ ਅਤਿ ਮਹਿੰਗੇ ਨਸ਼ੇ ਛੱਡਣ ਲਈ ਭਟਕ ਰਹੇ ਹਨ। ਵੱਡੇ ਪੱਧਰ 'ਤੇ ਪੈਸੇ ਤੇ ਸਿਹਤ ਦਾ ਨੁਕਸਾਨ ਕਰਵਾ ਕੇ ਪਛਤਾਵਾ ਪੱਲੇ ਪਾਈ ਬੈਠੇ ਹਨ ਤੇ ਹੁਣ ਕੁੱਝ ਵੀ ਨਹੀਂ ਬਣਦਾ। ਇਨ੍ਹਾਂ ਗੱਲਾਂ ਤੋਂ ਆਉਣ ਵਾਲੀਆਂ ਨਵੀਂਆਂ ਪੀੜ੍ਹੀਆਂ ਬਾਰੇ ਅੰਦਾਜ਼ਾ ਲਗਾ ਸਕਦੇ ਹੋ ਕਿ ਆਉਣ ਵਾਲਾ ਪੰਜਾਬ ਕਿਹੋ ਜਿਹਾ ਹੋਵੇਗਾ।

ਅੱਜਕਲ ਚਲ ਰਹੀ ਲਚਰ ਗਾਇਕੀ ਵੀ ਪੰਜਾਬੀ ਗੀਤਾਂ ਵਿਚ ਨਸ਼ਿਆਂ ਨੂੰ ਉਤਸ਼ਾਹਤ ਕਰ ਹੀ ਹੈ। ਸ਼ਰਾਬ ਤੋਂ ਇਲਾਵਾ ਅਫ਼ੀਮ ਤੇ ਹੋਰ ਨਸ਼ਿਆਂ ਉਪਰ ਗੀਤ ਧੜਾਧੜ ਆ ਰਹੇ ਹਨ। ਗੀਤਾਂ ਦੇ ਫ਼ਿਲਮਾਂਕਣ ਵਿਚ ਮੁੰਡੇ-ਕੁੜੀਆਂ ਨੂੰ ਸ਼ਰੇਆਮ ਸ਼ਰਾਬ,

ਸਿਗਰਟਾਂ ਪੀਂਦੇ ਵਿਖਾਇਆ ਜਾ ਰਿਹਾ ਹੈ। ਅੱਗੋਂ ਅੱਜ ਦੀ ਜਵਾਨੀ ਇਨ੍ਹਾਂ ਗਾਇਕਾਂ ਤੇ ਗੀਤਾਂ ਦੀ ਰੀਸ ਕਰਦੀ ਸਾਡੇ ਸਮਾਜ ਵਿਚ ਵਿਚਰ ਰਹੀ ਹੈ। ਇਨ੍ਹਾਂ ਗੱਲਾਂ ਤੋਂ ਫ਼ਿਕਰਮੰਦ ਕੁੱਝ ਸਮਾਜਸੇਵੀ ਤੇ ਹੋਰ ਸੰਸਥਾਵਾਂ ਅਤੇ ਪੁਲਿਸ ਵਾਲੇ ਵੀ ਇਨ੍ਹਾਂ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਅੱਗੇ ਆ ਰਹੇ ਹਨ। ਰਿਟਾ. ਡੀ.ਜੀ.ਪੀ. ਸ਼ਸ਼ੀਕਾਂਤ, ਗੁਰਪ੍ਰੀਤ ਸਿੰਘ ਤੂਰ ਤੇ ਮਨਦੀਪ ਸਿੰਘ ਸਿੱਧੂ ਆਦਿ ਚੰਗੇ ਕੰਮ ਕਰ ਰਹੇ ਹਨ।

ਅੰਤ ਵਿਚ ਆਉ ਸਾਰੇ ਹੀ ਰਲ ਕੇ ਹੰਭਲਾ ਮਾਰੀਏ ਤੇ ਸਾਡੇ ਅਪਣੇ ਘਰ ਤਕ ਆਈ ਇਸ ਭੈੜੀ ਅਲਾਮਤ ਨੂੰ ਰੋਕਣ ਦੇ ਯਤਨ ਕਰੀਏ। ਸੱਭ ਸੁਹਿਰਦ ਸੱਜਣ ਤੇ ਸਾਰਾ ਸਮਾਜ ਹੀ ਇਸ ਗ਼ਲਤ ਅਲਾਮਤ ਵਿਰੁਧ ਇਕੱਠੇ ਹੋਈਏ ਤਾਕਿ ਪੰਜਾਬ ਹਸਦਾ-ਵਸਦਾ ਰਹਿ ਸਕੇ ਤੇ ਆਉਣ ਵਾਲੀਆਂ ਪੀੜ੍ਹੀਆਂ ਵੀ ਇਸ ਧਰਤੀ 'ਤੇ ਆਨੰਦ ਮਾਣ ਸਕਣ।

-ਮਨਜਿੰਦਰ ਸਿੰਘ ਕਾਲਾ
ਸਰੌਦ, ਮਾਲੇਰਕੋਟਲਾ
ਮੋਬਾਈਲ : 94634-63136



Lt. Col. Gurdip Singh

The writer is an Associate Member of the Institution of Engineers (India) and has served in the Armed Forces for over thirty two years. He was on active service during the Chinese aggression in 1962 and wars of 1965 and 1971. After his retirement from the Army in 1993, he is devoted to the service of mankind as ordained in the Philosophy of **GURU GRANTH SAHIB JI.**

E-mail : gurdipsinghsss@hotmail.com
Phone : +91-94654 47897



9 ਅਕਤੂਬਰ, 2013 ਨੂੰ ਸਰੀ (ਕੈਨੇਡਾ) ਵਿਖੇ ਲੇਖਕ ਨੂੰ ਸਨਮਾਨਤ ਕਰਦੇ ਹੋਏ ਜੈਤੇਗ ਸਿੰਘ ਅਨੰਤ, ਜਗਜੀਤ ਸਿੰਘ ਤੱਖਰ ਤੇ ਹੋਰ ਪ੍ਰਮੁੱਖ ਲਿਖਾਰੀ ਤੇ ਪਤਵੰਤੇ ਸੱਜਣ।

ਇਸੇ ਕਲਮ ਤੋਂ :

1. ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ
2. ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ-2 (ਗੁਰਦਵਾਰੇ)
3. ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ-3
   (ਗੁਰਮਤਿ ਗਾਡੀਰਾਹ ਤੋਂ ਭਟਕਿਆ ਸਿੱਖ ਸਮਾਜ)
4. ਸਿੱਖ ਫ਼ਲਸਫ਼ਾ - ਲਾਸਾਨੀ ਇਨਕਲਾਬ-4
   (ਭਾਰਤ 'ਚ ਆਪਣੀ ਹੋਂਦ ਕਾਇਮ ਰੱਖਣ ਲਈ ਸਿੱਖ ਕੌਮ ਸਾਹਮਣੇ ਵੱਡੀਆਂ ਚੁਣੌਤੀਆਂ)
5. ਸਿੱਖੀ 'ਚ ਬ੍ਰਾਹਮਣਵਾਦੀ ਖ਼ੋਟ
6. ਵੈਸਾਖੀ ਦਾ ਮਨੁੱਖਤਾ ਦੇ ਨਾਂ ਸੁਨੇਹਾ
7. ਗੁਰ ਇਤਿਹਾਸ 'ਚ ਬਿਪਰਵਾਦੀ ਮਿਲਾਵਟ
8. ਚੰਗੇ ਸਮਾਜ ਦੀ ਸਿਰਜਨਾ

Printed at : JPC Ltd., Mohali. 0172-3047671-73